ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਕਤੂਬਰ, 1995

## ਮਾਸਿਕ ਪਤ੍ਰਿਕਾ



ੴ
ਏਕੋ ਬ੍ਰਹਮ ਦੁਤੀਆ ਨੈਸਤ।
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ
ਚੈਰੀਟੇਬਲ ਟਰੱਸਟ

# ਆਤਮ ਮਾਰਗ

ਸਾਲ ਪਹਿਲਾ - ਅੰਕ ਸਤਵਾਂ - ਮਾਸਿਕ - ਅਕਤੂਬਰ, 1995



: ਸੰਚਾਲਕ :

ਸੰਤ ਵਰਿਆਮ ਸਿੰਘ ਜੀ

ਬਾਨੀ ਤੇ ਮੁਖੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

: ਸੰਪਾਦਕ :

ਹਰਪਾਲ ਸਿੰਘ

: ਆਨਰੇਰੀ ਸੰਪਾਦਕ :

ਡਾਕਟਰ ਸ਼ਮਸ਼ੇਰ ਸਿੰਘ

ਡਾਕਟਰ ਬੀਬੀ ਤੇਜਿੰਦਰ ਮਲਹੋਤਰਾ

: ਐਡੀਟੋਰੀਅਲ ਬੋਰਡ :

ਸੰਤ ਸਾਧੂ ਸਿੰਘ ਜੀ (ਡਬਲ ਐਮ. ਏ.), ਸੰਗਰੂਰ

ਡਾਕਟਰ ਕੁਲਦੀਪ ਸਿੰਘ

ਸਰਮੁਖ ਸਿੰਘ ਪੰਨੂ (ਰਿਟਾ: ਸੁਪਰਡੰਟ)

ਐਨ. ਐਸ ਲੂੰਬਾ

: ਸਲਾਹਕਾਰ:

ਬੀ. ਐਸ ਆਹਲੂਵਾਲੀਆ

ਇੰਜ: ਤਰਲੋਚਨ ਸਿੰਘ

ਹਰਭਜਨ ਸਿੰਘ ਹਲਵਾਰਵੀ


ਨੋਟ : ਆਤਮ ਮਾਰਗ ਐਡੀਟੋਰੀਅਲ ਬੋਰਡ ਦੇ ਮੈਂਬਰ ਜ਼ਰੂਰੀ ਨਹੀਂ ਕਿ ਲੇਖਕਾਂ ਦੇ ਖਿਆਲਾਂ ਨਾਲ ਸਹਿਮਤ ਹੋਣ।


: ਪੱਤਰ ਵਿਹਾਰ ਅਤੇ ਚੰਦਾ ਭੇਜਣ ਲਈ ਪਤਾ :

ਕੋਠੀ ਨੰ: 781, ਫੇਜ਼ 3 ਬੀ-1, ਸੈਕਟਰ 60,

ਐਸ. ਏ. ਐਸ. ਨਗਰ (ਮੋਹਾਲੀ) - 160055

: ਟੈਲੀਫੋਨ ਸੰਪਰਕ :

ਮੋਹਾਲੀ : 671301, 672435

ਚੰਡੀਗੜ੍ਹ : 603524, 650181

ਰਤਵਾੜਾ ਸਾਹਿਬ : 89-218



*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*



ਪਬਲਿਸ਼ਰ ਤੇ ਸੰਪਾਦਕ ਹਰਪਾਲ ਸਿੰਘ ਨੇ ਆਤਮ ਮਾਰਗ ਅਸੋਸ਼ੀਏਟਡ ਪ੍ਰਿੰਟਰਜ਼, ਇੰਡਸਟਰੀਅਲ ਏਰੀਆ, ਫੇਜ਼-1, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫ਼ਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬ ਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਤ ਕੀਤਾ।


## ਤਤਕਰਾ


1. ਮਹੀਨੇ ਦੀ ਕਥਾ 2
2. ਸੰਪਾਦਕੀ 3
3. ਸੰਤ ਰਹਤ ਸੁਨਹੁ ਮੇਰੇ ਭਾਈ॥ 5
   *ਸੰਤ ਵਰਿਆਮ ਸਿੰਘ ਜੀ*
4. ਰਾੜੇ ਵਾਲੇ ਮਹਾਂਪੁਰਸ਼ਾਂ (ਸੰਤ ਈਸ਼ਰ ਸਿੰਘ ਜੀ) ਦੀ 20ਵੀਂ ਬਰਸੀ 12
   *ਪ੍ਰਿੰ: ਗੁਰਦਿਆਲ ਸਿੰਘ ਗਰੇਵਾਲ*
5. ਆਤਮ ਮਾਰਗ ਦਾ ਪ੍ਰਯੋਜਨ 14
   *ਸੰਤ ਸਾਧੂ ਸਿੰਘ ਜੀ, ਸੰਗਰੂਰ*
6. ਮਾਨਵ ਸਰੀਰ ਦੀ ਸਫਲਤਾ 17
   *ਸੰਤ ਵਰਿਆਮ ਸਿੰਘ ਜੀ*
7. ਦੀਵਾਲੀ ਦਾ ਪ੍ਰਾਚੀਨ ਇਤਿਹਾਸ 19
   *ਗਿਆਨੀ ਮੋਹਨ ਸਿੰਘ ਅਜ਼ਾਦ*
8. ਸ੍ਰੀ ਮਾਨ ਸੰਤ ਭਾਈ ਹੀਰਾ ਸਿੰਘ ਜੀ ਦਾਊਦਪੁਰੀਏ 20
   *ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
9. ਬਾਬਾ ਭਾਗ ਸਿੰਘ ਜੀ ਕੁਰੀ 25
   *ਗਿਆਨੀ ਮੇਹਰ ਸਿੰਘ*
10. ਸ਼ੁਭ ਉਪਦੇਸ਼ 27
   *ਸੰਤ ਵਰਿਆਮ ਸਿੰਘ ਜੀ*
11. ਮਹਾਂਪੁਰਸ਼ਾਂ ਦੇ ਅਨੁਭਵੀ ਬਚਨ 29
12. ਗੁਰਬਾਣੀ ਤੇ ਮਨੁੱਖ ਦਾ ਜੀਵਨ ਮਨੋਰਥ 30
   *ਡਾ. ਸ਼ਮਸ਼ੇਰ ਸਿੰਘ*
13. ਕੇਸ ਪਰਸੰਗ 35
   *ਸਰੂਪ ਸਿੰਘ ਅਲੱਗ*
14. ਸੰਤ ਬਚਨ 39
   *ਸੰਤ ਵਰਿਆਮ ਸਿੰਘ ਜੀ*
15. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ 48
   *ਡਾ. ਸਵਾਮੀ ਰਾਮ ਜੀ*
16. ਬਲੈਕ ਹੋਲ (BLACK HOLE) 51
   *ਡਾ. ਆਰ. ਐਸ. ਚੋਪੜਾ*
17. ਮਨੁਖ, ਸਰੀਰ ਤੇ ਆਤਮਾ 53
   *ਡਾ. ਇਕਬਾਲ ਸਿੰਘ ਅਠਵਾਲ*
18. ਸਨੇਹੀਆਂ ਦਾ ਪੰਨਾ 56
19. ਸਿਖ ਸਾਹਿਤ ਵਿਚ ਆਏ ਨਾਵਾਂ ਤੇ ਥਾਵਾਂ ਦਾ ਸੰਖੇਪ ਵੇਰਵਾ 58
20. ਕੋਹਜ਼ੀ ਮਨੁੱਖਤਾ............ 59
   *ਡਾ. ਕੁਲਦੀਪ ਸਿੰਘ*
21. ਸਿਹਤ ਵਿਗਿਆਨ 61
22. ਸਮਾਗਮ ਤੇ ਸਰਗਰਮੀਆਂ 62
23. ਆਤਮ ਮਾਰਗ ਦੇ ਸਾਲਾਨਾ ਮੈਂਬਰਾਂ ਦੀ ਲਿਸਟ 64



– ਚੰਦਾ –

ਦੇਸ਼ : ਸਲਾਨਾ 165/-, ਫੀ ਕਾਪੀ 15/-

ਵਿਦੇਸ਼ : ਸਲਾਨਾ 40 US$

**REGD. No. 61816 / 95**


ਮੁਖ ਪੰਨੇ ਦੀ ਤਸਵੀਰ :- ਭਾਈ ਘਨੱਈਆ ਜੀ ਮੈਦਾਨ-ਏ-ਜੰਗ ਵਿਚ ਪਾਣੀ ਪਿਲਾਉਣ ਦੀ ਸੇਵਾ ਕਰਦੇ ਹੋਏ।

# ਕਤਿਕਿ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥ ਪੰਨਾ - 135

ਕਤਿਕ ਦੇ ਮਹੀਨੇ ਦੁਆਰਾ ਗੁਰੂ ਸਾਹਿਬ ਜਗਿਆਸੂ ਨੂੰ ਉਪਦੇਸ਼ ਕਰਦੇ ਹਨ ਕਿ ਪੰਜ ਭੂਤਕ ਸਰੀਰ ਨੂੰ ਕਰਮਾਂ ਅਨੁਸਾਰ ਦੁਖ ਤੇ ਸੁਖ ਆਉਣੇ ਕੁਦਰਤੀ ਹਨ। ਇਨ੍ਹਾਂ ਦੁਖਾਂ ਦਾ ਦੋਸ਼ ਕਿਸੇ ਹੋਰ ਨੂੰ ਦੇਣਾ ਠੀਕ ਨਹੀਂ ਹੈ ਕਿਉਂਕਿ ਕਰਮ ਸਿਧਾਂਤ ਅਨੁਸਾਰ ਕਰਮਾਂ ਦਾ ਫਲ ਮਨੁੱਖ ਨੂੰ ਆਪ ਹੀ ਭੁਗਤਣਾ ਪੈਂਦਾ ਹੈ। ਗੁਰੂ ਸਾਹਿਬ ਗੁਰਬਾਣੀ ਵਿਚ ਇਕ ਹੋਰ ਥਾਂ ਕਥਨ ਕਰਦੇ ਹਨ ਕਿ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥* ਪੰਨਾ - 433

ਇਨ੍ਹਾਂ ਦੁਖਾਂ ਤੇ ਰੋਗਾਂ ਦਾ ਕਾਰਨ ਸਪਸ਼ਟ ਕਰਦੇ ਹੋਏ ਗੁਰੂ ਜੀ ਦਸਦੇ ਹਨ ਕਿ ਪਰਮੇਸ਼ਰ ਤੋਂ ਦੂਰ ਜਾਣ ਨਾਲ ਭਾਵ ਪਰਮੇਸ਼ਰ ਨੂੰ ਭੁੱਲਣ ਨਾਲ ਇਹ ਸਾਰੇ ਦੁਖ ਰੋਗ ਵਿਆਪਦੇ ਹਨ। ਦੁਖ ਤੇ ਸੁਖ ਇਕ ਮਾਨਸਿਕ ਪਰਵਿਰਤੀ ਹੈ। ਜਦੋਂ ਮਨ ਇੰਦਰਿਆਂ ਰਾਹੀਂ ਬਾਹਰਮੁਖੀ ਹੋ ਕੇ ਸੰਕਲਪ-ਵਿਕਲਪ ਚਿਤਰਦਾ ਹੈ ਤਾਂ ਉਹ ਕਲਪਣਾ ਦਾ ਸ਼ਿਕਾਰ ਹੋਇਆ ਹੋਣ ਕਰਕੇ ਦੁਖੀ ਹੁੰਦਾ ਹੈ ਕਿਉਂਕਿ ਮਨੁੱਖ ਨਾਮ ਤੋਂ ਬਗੈਰ ਕਦੀ ਵੀ ਤ੍ਰਿਪਤ ਨਹੀਂ ਹੁੰਦਾ, ਇਸਦੀਆਂ ਤ੍ਰਿਸ਼ਨਾਵਾਂ ਦਾ ਅੰਤ ਨਹੀਂ ਹੁੰਦਾ। ਪਦਾਰਥਾਂ ਤੋਂ ਪ੍ਰਾਪਤ ਹੋਣ ਵਾਲਾ ਸੁਖ ਅੰਤ ਨੂੰ ਦੁਖਾਂ ਦਾ ਕਾਰਨ ਬਣਦਾ ਹੈ। ਮਨੁੱਖ ਇਸੇ ਕਾਰਨ ਆਧੀਆਂ-ਬਿਆਧੀਆਂ ਤੇ ਉਪਾਧੀਆਂ ਦਾ ਸ਼ਿਕਾਰ ਹੋ ਕੇ ਤਿੰਨਾਂ ਰੋਗਾਂ ਵਿਚ ਗ੍ਰਸਿਆ ਰਹਿੰਦਾ ਹੈ।

ਜਦੋਂ ਅਸੀਂ ਆਪਣਾ ਮੂੰਹ ਸੰਸਾਰ ਦੇ ਪਦਾਰਥਾਂ ਵਲ ਕਰਕੇ ਪ੍ਰਮਾਤਮਾ ਵਲੋਂ ਮੋੜ ਲੈਂਦੇ ਹਾਂ ਭਾਵ ਪ੍ਰਮਾਤਮਾ ਦੀ ਯਾਦ ਨੂੰ ਵਿਸਾਰ ਦਿੰਦੇ ਹਾਂ ਤਾਂ ਸੰਸਾਰਕ, ਸਾਰੇ ਭੋਗ-ਵਿਲਾਸ, ਬਿਖ ਰੂਪ ਬਣ ਜਾਂਦੇ ਹਨ ਤੇ ਦੁਖਦਾਈ ਸਾਬਤ ਹੁੰਦੇ ਹਨ। ਤ੍ਰਿਸ਼ਨਾਵਾਂ ਭਰਪੂਰ ਕਰਮਾਂ ਕਰਕੇ ਹੀ, ਮਨੁੱਖ ਕਈ ਜਨਮਾਂ ਤੋਂ ਪ੍ਰਭੂ ਨਾਲੋਂ ਵਿਛੜਿਆ ਹੋਇਆ ਹੈ। ਕਾਮਨਾਵਾਂ ਭਰਪੂਰ ਕਰਮ ਹੀ ਸਾਡੇ ਆਵਾਗਵਨ ਦਾ ਕਾਰਨ ਬਣਦੇ ਹਨ। ਕਰਮ ਸਿਧਾਂਤ ਅਨੁਸਾਰ ਮਨੁੱਖ ਦੇ ਅੰਤ ਸਮੇਂ ਕ੍ਰਿਆਮਾਨ ਕਰਮਾਂ ਅਨੁਸਾਰ ਹੀ ਅਗਲਾ ਜਨਮ ਪ੍ਰਾਪਤ ਕਰਦਾ ਹੈ। ਕਾਮਨਾ ਹਿਤ ਕੀਤਾ ਹਰ ਕਰਮ ਬੰਧਨ ਦਾ ਕਾਰਨ ਬਣਦਾ ਹੈ ਉਸਦਾ ਫਲ ਭੋਗਣ ਲਈ ਸੰਸਾਰ ਵਿਚ ਜਨਮ ਲੈਣਾ ਪੈਂਦਾ ਹੈ- ਗੁਰੂ ਅਰਜਨ ਦੇਵ ਜੀ ਇਕ ਥਾਂ ਕਥਨ ਕਰਦੇ ਹਨ -

*ਅਨਿਕ ਕਰਮ ਕੀਏ ਬਹੁਤੇਰੇ॥ ਜੋ ਕੀਜੈ ਸੋ ਬੰਧਨੁ ਪੈਰੇ॥* ਪੰਨਾ - 1075
*ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ॥* ਪੰਨਾ - 608

ਗੁਰੂ ਜੀ ਇਸ ਸਮੱਸਿਆ ਦਾ ਹੱਲ ਦਸਦੇ ਹੋਏ, ਮਨੁੱਖ ਨੂੰ, ਆਸ਼ਾਵਾਦੀ ਨਜ਼ਰੀਆ ਪ੍ਰਦਾਨ ਕਰਦੇ ਹਨ ਕਿ ਵੱਡੇ ਭਾਗ ਹੋਵਣ, ਤਾਂ ਪ੍ਰਭੂ ਦਾ ਮਿਲਾਪ ਸੰਭਵ ਹੈ। ਵੱਡੇ ਭਾਗਾਂ ਲਈ ਪ੍ਰਭੂ ਮਿਹਰ ਦੇ ਪਾਤਰ ਬਣਨ ਲਈ ਸ਼ਰਧਾ ਤੇ ਨਿੰਮਰਤਾ ਸਹਿਤ ਸਮਰਥ ਪ੍ਰਭੂ ਅਗੇ ਅਰਜੋਈ ਕਰਨੀ ਚਾਹੀਦੀ ਹੈ ਜੋ ਬੰਧਨਾਂ ਤੋਂ ਛੁਟਕਾਰਾ ਦੁਆਉਣ ਵਾਲਾ ਹੈ। ਪ੍ਰਭੂ ਦੀ ਕ੍ਰਿਪਾ ਹੋਵੇ ਤਾਂ ਕੱਤਕ ਦੇ ਮਹੀਨੇ ਸਾਧੂਆਂ-ਸੰਤਾਂ ਦੀ ਸੰਗਤ ਪ੍ਰਾਪਤ ਹੋਣ ਤੇ ਸਭ ਪ੍ਰਕਾਰ ਦੀਆਂ ਸੋਚਾਂ, ਚਿੰਤਾਵਾਂ ਦਾ ਅੰਤ ਹੋ ਜਾਂਦਾ ਹੈ ਭਾਵ ਤ੍ਰਿਸ਼ਨਾਵਾਂ ਭਰੀਆਂ ਸੋਚਾਂ ਤੋਂ ਛੁਟਕਾਰਾ ਹੋ ਜਾਂਦਾ ਹੈ।

ਕਰਮ-ਫਿਲਾਸਫੀ ਦਾ ਕਥਨ ਹੈ ਕਿ ਮਨੁੱਖ ਕਰਮ ਤੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ। ਕਰਮ ਦਾ ਅਸਲੀ ਰੂਪ ਤਾਂ ਬਾਦ ਵਿਚ ਸਾਹਮਣੇ ਆਉਂਦਾ ਹੈ, ਪਹਿਲਾਂ ਇਸਦਾ ਫੁਰਨਾ ਮਾਨਸਿਕ ਪੱਧਰ ਉਤੇ ਹੁੰਦਾ ਹੈ। ਮਨੁੱਖ ਮਨ ਨਾਲ ਸੋਚਦਾ ਤੇ ਚਿਤਵਦਾ ਹੈ। ਮਨੁੱਖ ਨੂੰ ਨਿਸ਼ਕਾਮ ਕਰਮ ਕਰਨ ਨਾਲ ਹੀ ਛੁਟਕਾਰਾ ਮਿਲ ਸਕਦਾ ਹੈ। ਗੁਰੂ ਕਥਨ ਹੈ -

*ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥* ਪੰਨਾ - 286

ਨਿਸ਼ਕਾਮ ਕਰਮ ਦੀ ਭਾਵਨਾ ਮਨੁੱਖ ਨੂੰ ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਤੋਂ ਹੀ ਪ੍ਰਾਪਤ ਹੋ ਸਕਦੀ ਹੈ। ਇਸੇ ਲਈ ਗੁਰਬਾਣੀ

(ਬਾਕੀ ਪੰਨਾ 4 ਤੇ)

# ਸੰਪਾਦਕੀ

ਧਰਮ ਤੇ ਸਾਇੰਸ ਦੋਨਾਂ ਦੇ ਰਸਤੇ ਵੱਖ-ਵੱਖਰੇ ਹਨ ਪ੍ਰੰਤੂ ਆਤਮ ਪ੍ਰਾਪਤੀ ਸੱਚ ਦੀ ਖੋਜ ਹੀ ਹੈ। ਸਾਇੰਸ ਬਾਹਰਮੁਖੀ ਸਾਧਨਾ ਦੁਆਰਾ ਇਸ ਟੀਚੇ ਉਤੇ ਪਹੁੰਚਣ ਦਾ ਯਤਨ ਕਰਦੀ ਹੈ। ਅੱਜ ਤਕ ਹੋਏ ਤਜਰਬਿਆਂ ਦੇ ਆਧਾਰ ਉਤੇ ਇਹੀ ਸਿਧ ਹੋਇਆ ਹੈ ਕਿ ਸਾਇੰਸ ਦੇ ਤਜਰਬੇ ਬਾਹਰਮੁਖੀ (Extrovertive) ਹੋਣ ਕਰਕੇ ਸਮੇਂ, ਸਥਾਨ, ਸਥਿਤੀਆਂ ਕਾਰਨ ਇਨ੍ਹਾਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਅਗਲੇ ਤਜਰਬੇ ਪਿਛਲੇ ਕੀਤੇ ਤਜਰਬਿਆਂ ਨੂੰ ਗਲਤ ਸਾਬਤ ਕਰਦੇ ਹੋਏ ਸਚਾਈ ਵਲ ਵਧਦੇ ਜਾਂਦੇ ਹਨ ਪ੍ਰੰਤੂ ਸਚਾਈ ਨੂੰ ਪੂਰਨ ਰੂਪ ਵਿਚ ਲੱਭਿਆ ਨਹੀਂ ਜਾ ਸਕਿਆ।

ਦੂਸਰਾ ਪੱਖ ਜੋ ਧਰਮ ਦਾ ਹੈ,ਇਹ ਅੰਤਰਮੁਖੀ (Introvertive) ਹੈ। ਧਰਮ ਨੇ ਇਸ ਗੱਲ ਨੂੰ ਸਾਬਤ ਕੀਤਾ ਹੈ ਜੋ ਕੁਝ ਸਾਰੇ ਬ੍ਰਹਿਮੰਡ ਵਿਚ ਹੈ, ਉਹੀ ਕੁਝ ਮਨੁੱਖ ਦੇ ਅੰਦਰ ਵੀ ਹੈ। ਧਰਤੀ ਦੇ ਨੌ ਖੰਡ ਗਿਣੇ ਗਏ ਹਨ। ਇਨ੍ਹਾਂ ਨੌ ਖੰਡਾਂ ਵਿਚ ਮਨੁੱਖ ਵੀ ਸ਼ਾਮਲ ਹੈ ਪ੍ਰੰਤੂ ਮਨੁੱਖ ਆਪਣੇ ਆਪ ਵਿਚ ਇਕ ਪੂਰਨ ਖੰਡ ਹੈ -

*ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ।।*
*ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ।।*
*ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ।।*
*ਚਉਥੈ ਪਹਰਿ ਸੁਬਾਹ ਕੈ ਸੁਰਤਿਆ ਉਪਜੈ ਚਾਉ।।*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।।*
*ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ।।*
*ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ।।*
*ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ।।*
*ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ।।*
*ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ।।*
*ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ।।*
*ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ।।* *ਪੰਨਾ - 146*

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।।* *ਪੰਨਾ - 695*

ਧਰਮ ਦੀ ਖੋਜ ਜੋ ਇਸ ਅੰਕ ਦੇ ਅਨੁਭਵੀ ਬਚਨਾਂ, ਸੰਤ ਬਚਨਾਂ, ਸ਼ੁਭ ਉਪਦੇਸ਼ ਆਦਿ ਖੋਜ ਭਰਪੂਰ ਲੇਖਾਂ ਵਿਚ ਅੰਕਤ ਹੈ, ਰਾਹੀਂ ਮਨੁੱਖੀ ਜੀਵਨ ਦੀ ਉਤਮਤਾ, ਸ੍ਰੇਸ਼ਟਤਾ, ਵਿਲੱਖਣਤਾ ਦਰਸਾਈ ਗਈ ਹੈ। ਪ੍ਰੰਤੂ ਨਾਲ ਇਹ ਵੀ ਦਰਸਾਇਆ ਗਿਆ ਹੈ ਕਿ ਅੰਦਰ ਦੀ ਖੋਜ ਬੜੀ ਔਖੀ ਹੈ। ਸਰੀਰ ਦੇ ਨੌ ਦਰਵਾਜ਼ੇ ਬੰਦ ਕਰਕੇ ਇਨ੍ਹਾਂ ਨੂੰ ਅੰਤਰਮੁਖੀ ਕਰਨਾ ਪੈਂਦਾ ਹੈ। ਇਹ ਅਭਿਆਸ ਸੰਤਾਂ-ਮਹਾਂਪੁਰਸ਼ਾਂ ਦੀ ਸੰਗਤ ਦੁਆਰਾ ਸੰਭਵ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ।।* *ਪੰਨਾ - 293*

ਸਾਇੰਸ ਤੇ ਧਰਮ ਦੋਨੋਂ ਹੀ ਮਨੁੱਖ ਨੂੰ ਸੁਖ ਪ੍ਰਦਾਨ ਕਰਨ ਦੇ ਯਤਨ ਵਿਚ ਹਨ। ਸਾਇੰਸ ਦੁਆਰਾ ਉਪਲਬਧ ਸੁਖ ਵਕਤੀ (temporary) ਹੁੰਦਾ ਹੈ ਜਦਕਿ ਧਰਮ ਦੁਆਰਾ ਪ੍ਰਦਾਨ ਕੀਤਾ ਸੁਖ ਸਦੀਵੀ ਤੇ ਵਿਸਮਾਦਮਈ ਹੁੰਦਾ ਹੈ।

ਮਨੁੱਖ ਜਨਮ ਆਵਾਗਵਨ ਦੀ ਲੜੀ ਵਿਚ ਸਭ ਤੋਂ ਸ੍ਰੇਸ਼ਟ ਤੇ ਅੰਤਮ ਰੇਖਾ ਉਤੇ ਹੈ। 84 ਲੱਖ ਜੀਵਾਂ ਦੀ ਲੜੀ ਵਿਚ ਮਨੁੱਖ ਅੰਤਮ ਡੰਡੇ ਉਤੇ ਹੈ। ਮਨੁੱਖ ਇਸ ਸੰਸਾਰ ਦੇ ਸਾਰੇ ਜੀਵਾਂ, ਜੰਤੂਆਂ ਦਾ ਸਰਦਾਰ ਹੈ। ਇਸ ਪਉੜੀ ਤੋਂ ਜੇਕਰ ਉਸਦਾ ਪੈਰ ਆਪਣੇ ਭੈੜੇ ਕਰਮਾਂ ਕਰਕੇ ਮੁੜ ਖਿਸਕ ਗਿਆ ਤਾਂ ਉਸਨੂੰ ਮੁੜ ਆਵਾਗਵਨ ਦੇ ਚੱਕਰ ਵਿਚ ਪੈਣਾ ਪਏਗਾ -

*ਲਖ ਚਉਰਾਸੀਹ ਜੋਨਿ ਸਬਾਈ।। ਮਾਣਸ ਕਉ ਪ੍ਰਭਿ ਦੀਈ ਵਡਿਆਈ।।*
*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ।।* *ਪੰਨਾ - 1075*

ਅਕਾਲ ਪੁਰਖ ਆਪਣਾ ਪੈਗਾਮ ਦੇਣ ਲਈ ਮਨੁੱਖ ਨੂੰ ਹੀ ਚੁਣਦਾ ਹੈ ਕਿਉਂਕਿ ਨਰ, ਨਰਾਇਣ ਦੇ ਦੈਵੀ ਗੁਣਾਂ ਨੂੰ ਆਪਣੇ ਸ਼ੁੱਧ ਅੰਤਸ਼ਕਰਨ ਦੁਆਰਾ ਪ੍ਰਾਪਤ ਕਰਨ ਦੇ ਯੋਗ ਹੈ। ਗੁਰਬਾਣੀ ਨੇ ਅਜਿਹੇ ਮਹਾਂਪੁਰਸ਼ਾਂ ਨੂੰ 'ਸਾਂਈ ਜੇਹਿਆ', ਭਾਵ ਅਕਾਲ ਪੁਰਖ ਦੇ ਗੁਣਾਂ ਦੇ ਧਾਰਨੀ ਦਸਿਆ ਹੈ। ਜੈਸਾ ਕਿ ਭਗਤ ਰਵਿਦਾਸ ਜੀ ਵਾਲੇ ਲੇਖ ਵਿਚ ਇਸ ਖਿਆਲ ਦੀ ਪ੍ਰੋੜਤਾ ਕੀਤੀ ਗਈ ਹੈ। ਗੁਰਬਾਣੀ ਮਨੁੱਖ ਨੂੰ ਸ੍ਰੇਸ਼ਟ ਮਨੁੱਖ ਬਣਾਉਣ ਉਤੇ ਜ਼ੋਰ ਦਿੰਦੀ ਹੈ। ਇਸਦਾ ਨਮੂਨਾ ਗੁਰਬਾਣੀ ਵਿਚ ਆਦਰਸ਼ ਮਨੁੱਖ ਨੂੰ ਕਈ ਰੂਪਾਂ ਵਿਚ ਚਿਤਰਿਆ ਹੈ ਜੈਸਾ ਕਿ ਸੰਤ, ਸਾਧ, ਬ੍ਰਹਮਗਿਆਨੀ, ਗੁਰਮੁਖਿ ਜਨ ਤੇ ਸਚਿਆਰਾ ਆਦਿ ਨਾਵਾਂ ਨਾਲ ਵਰਣਨ ਕੀਤਾ ਮਿਲਦਾ ਹੈ।

ਮਨੁੱਖ ਸ੍ਰਿਸ਼ਟੀ ਦੇ ਜੀਵਾਂ ਵਿਚੋਂ ਉਤਮ ਹੋਣ ਕਰਕੇ ਅਤੇ ਪ੍ਰਭੂ ਤੋਂ ਥੱਲੇ ਹੋਣ ਕਰਕੇ ਵਿਚਕਾਰ ਖੜ੍ਹਾ ਹੈ। ਇਹ ਸਟੇਜ ਉਸਦੀ ਪ੍ਰੀਖਿਆ ਦੀ ਹੈ ਜੇਕਰ ਮੁੜ ਉਹ ਪਸ਼ੂ-ਬਿਰਤੀਆਂ ਨੂੰ ਧਾਰਨ ਕਰਕੇ ਤ੍ਰਿਸ਼ਨਾਵਾਂ, ਲੋਭ, ਕ੍ਰੋਧ, ਈਰਖਾ, ਦ੍ਵੈਸ਼ ਦਾ ਸ਼ਿਕਾਰ ਹੋ ਕੇ ਕਰਮ ਕਰਦਾ ਹੈ ਤਾਂ ਉਹ ਮੁੜ ਥੱਲੇ ਡਿਗ ਪਏਗਾ। ਜੇਕਰ ਪ੍ਰਭੂ ਵਲ ਮੁਖ ਕਰਕੇ ਦੈਵੀ ਗੁਣਾਂ ਦਾ ਧਾਰਨੀ ਬਣਦਾ ਹੈ ਤਾਂ ਪ੍ਰਭੂ ਦਾ ਰੂਪ

ਹੋ ਨਿਬੜਦਾ ਹੈ। ਇਸ ਅੰਕ ਰਾਹੀਂ ਮਹਾਂਪੁਰਸ਼ਾਂ ਦੇ ਅਨੁਭਵੀ ਤਜਰਬਿਆਂ ਉਤੇ ਅਧਾਰਤ ਲਿਖੇ ਖੋਜ ਭਰਪੂਰ ਲੇਖਾਂ ਤੋਂ ਇਹ ਗੱਲ ਭਲੀ ਪ੍ਰਕਾਰ ਸਪਸ਼ਟ ਹੋ ਜਾਂਦੀ ਹੈ।

ਮਨੁਖ ਜਨਮ ਦੀ ਸ੍ਰੇਸ਼ਟਤਾ ਪ੍ਰਤਿ ਮਨੁੱਖ ਨੂੰ ਸੁਚੇਤ ਕਰਕੇ ਉਸਨੂੰ, ਬਾਹਰਮੁਖੀ ਭਟਕਣਾ ਤੋਂ ਛੁਟਕਾਰਾ ਦੁਆ ਕੇ ਅੰਤਰਮੁਖੀ ਸਾਧਨਾ ਵਿਚ ਪ੍ਰਪੱਕ ਕਰਾਉਣਾ ਇਸ ਅੰਕ ਦੇ ਲੇਖਾਂ ਦਾ ਮੁਖ ਮੰਤਵ ਹੈ। ਮਨੁੱਖ ਨੂੰ ਹਰ ਪ੍ਰਕਾਰ ਦਿਖਾਵੇ ਵਾਲੀ ਜ਼ਿੰਦਗੀ ਤੋਂ ਹਟਾ ਕੇ ਆਤਮ ਸੰਜਮ, ਆਤਮ ਸਾਧਨਾ, ਪਰਉਪਕਾਰ, ਸੇਵਾ, ਆਤਮ ਸਮਰਪਣ, ਨਿੰਮਰਤਾ ਆਦਿ ਗੁਰਮਤਿ ਦੇ ਬੁਨਿਆਦੀ ਤੱਤਾਂ ਦਾ ਨਿਰੂਪਣ ਇਸ ਢੰਗ ਨਾਲ ਕੀਤਾ ਗਿਆ ਹੈ ਕਿ ਸਾਧਕ ਇਨ੍ਹਾਂ ਪ੍ਰਤਿ ਦ੍ਰਿੜ੍ਹ ਵਿਸ਼ਵਾਸ਼ ਨਾਲ ਅਮਲ ਵਿਚ ਲਿਆਉਣ ਦਾ ਬਚਨ ਬਧ ਹੋ ਸਕੇ।

ਗੁਰੂ ਤਾਂ ਅੰਤਰਯਾਮੀ ਹੈ। ਉਸਨੂੰ ਕਿਸੇ ਪ੍ਰਕਾਰ ਦੇ ਦਿਖਾਵੇ ਦੁਆਰਾ ਦਸਣ ਨਾਲ ਸਾਧਕ ਅੰਦਰ ਹਉਮੈ ਦੀ ਲੇਸ ਆ ਸਕਦੀ ਹੈ। ਸੇਵਕ ਜਦੋਂ ਸੇਵਾ ਕਰਦਾ ਹੋਇਆ ਨਿਹਕਾਮੀ ਹੋਵੇਗਾ ਤਦ ਉਸਦੀ ਸੇਵਾ ਘਾਲ ਥਾਂ ਪਵੇਗੀ।

ਸਾਰਾ ਸੰਸਾਰ ਮੋਹ-ਮਾਇਆ ਦੇ ਚਿਕੜ ਵਿਚ ਖੁਭਿਆ ਹੋਇਆ ਹੈ। ਗੁਰਬਾਣੀ ਦਾ ਮੰਤਵ ਜੀਵ ਦਾ ਕਲਿਆਣ ਕਰਨਾ ਹੈ। ਲੋੜ ਹੈ ਇਸ ਮਿਸ਼ਨ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ ਜਾਵੇ। 'ਆਤਮ ਮਾਰਗ' ਦਾ ਮੰਤਵ ਇਹੀ ਹੈ, ਸੰਸਾਰੀ ਜੀਵਾਂ ਨੂੰ ਅਵਗੁਣਾਂ ਤੋਂ ਛੁਡਾ ਕੇ ਸਦਗੁਣਾਂ ਦਾ ਧਾਰਨੀ ਬਣਾਇਆ ਜਾਵੇ।

ਮਨੁੱਖ ਦੇ ਅੰਦਰ ਇਕ ਘੋਲ ਹੋ ਰਿਹਾ ਹੈ। ਸੱਚੇ ਗੁਰੂ ਦੀ ਅਗਵਾਈ ਤੋਂ ਬਿਨਾਂ ਉਸਦੇ ਜੀਵਨ ਦੀ ਸਫਲਤਾ ਸੰਭਵ ਨਹੀਂ ਹੈ। ਮਨੁੱਖ ਨੂੰ ਅਵਗੁਣਾਂ ਤੋਂ ਛੁਟਕਾਰਾ ਦੁਆਉਣਾ ਇਕ ਦਿਨ ਦਾ ਕੰਮ ਨਹੀਂ, ਇਸ ਮਨ ਨੂੰ ਕਈ ਜਨਮਾਂ ਦੀ ਮੈਲ ਨੇ ਮੈਲਾ ਕਰ ਰੱਖਿਆ ਹੈ। ਅੰਤਹਕਰਨ ਦੀ ਸ਼ੁਧੀ ਨਾਲ ਬੁੱਧ ਅੰਦਰ ਵਿਵੇਕ ਪੈਦਾ ਹੁੰਦਾ ਹੈ। ਬੁੱਧ ਦੇ ਬਦਲਣ ਨਾਲ ਸਿਧੀ ਪ੍ਰਾਪਤ ਹੁੰਦੀ ਹੈ। ਆਤਮ ਮਾਰਗ ਦਾ ਮੁਖ ਮੰਤਵ ਅੰਤਹਕਰਨ ਦੀ ਸ਼ੁਧੀ ਕਰਨ ਤੋਂ ਹੈ। ਅੰਦਰ ਦੀ ਸ਼ੁਧੀ ਉਪਰੰਤ ਬਾਹਰ ਮਨੁੱਖ ਆਪਣੇ ਆਚਾਰ-ਵਿਹਾਰ ਵਿਚ ਫਿਰ ਸ਼ੁਧ ਹੋ ਜਾਂਦਾ ਹੈ।

ਅੰਦਰ ਦੀ ਖੋਜ ਕਰਮ-ਕਾਂਡ ਮੁਕਤ ਹੁੰਦੀ ਹੈ। ਇਹ ਸਰੀਰ ਸਭ ਧਰਮ ਹੈ। ਇਸ ਅੰਦਰ ਗੁਝੇ ਰਤਨ (ਪ੍ਰਭੂ ਅੰਸ) ਹੈ। ਗੁਰਮੁਖ ਇਸ ਨੂੰ ਲੱਭਣ ਦੇ ਸਮਰੱਥ ਹੈ। ਗੁਰਬਾਣੀ ਦੇ ਇਨ੍ਹਾਂ ਸਿਧਾਂਤਾਂ ਨੂੰ ਆਤਮ ਮਾਰਗ ਦੇ ਅਨੁਭਵੀ ਬਚਨਾਂ ਵਿਚ ਸਰਲ, ਸਪਸ਼ਟ, ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕੀਤਾ ਗਿਆ ਹੈ। ਧਰਮ, ਵਿਸ਼ਵਾਸ਼ ਦਾ ਵਿਸ਼ਾ ਹੈ, ਤਰਕ ਦਾ ਵਿਸ਼ਾ ਨਹੀਂ। ਇਸ ਖੇਤਰ ਅੰਦਰ (ਆਤਮਕ) ਖੋਜੀ ਉਪਜਦਾ, ਹੈ ਬਾਦੀ ਤਾਂ ਬਿਨਸ ਜਾਂਦਾ ਹੈ।

* * * * *

---

(ਪੰਨਾ 2 ਦੀ ਬਾਕੀ)

ਕਥਨ ਹੈ ਕਿ ਸਭ ਕਰਮਾਂ ਤੋਂ ਸ੍ਰੇਸ਼ਟ ਕਰਮ ਤਾਂ ਸਾਧੂਆਂ ਦੀ ਸੰਗਤ, ਹਰੀ ਦੀ ਸਚੀ ਕੀਰਤੀ, ਜਸ, ਸ਼ੋਭਾ ਹੀ ਅਸਲ ਕਰਮ ਹੈ ਜਿਹੜਾ ਮਨੁੱਖ ਨੂੰ ਪ੍ਰਭੂ ਦੇ ਨੇੜੇ ਲਿਜਾ ਸਕਦਾ ਹੈ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ।।*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।।* *ਪੰਨਾ - 642*

ਪੂਰਨ ਸੰਤਾਂ ਦੀ ਸੰਗਤਿ ਕਰਨ ਵਿਚ ਇਕ ਰਹੱਸ (ਗੁੱਝਾ ਭੇਤ) ਹੈ ਜਿਹੜਾ ਹਰ ਵਿਅਕਤੀ ਨੂੰ ਸਮਝ ਨਹੀਂ ਆ ਸਕਦਾ। ਉਹ ਇਹ ਹੈ ਕਿ ਸੰਤ ਰੱਬ ਦੇ ਨੇੜੇ ਹੁੰਦੇ ਹੋਏ ਵੀ ਆਪਣਾ ਇਹ ਭੇਦ ਕਿਸੇ ਨੂੰ ਨਹੀਂ ਦਿੰਦੇ ਪ੍ਰੰਤੂ ਉਹ ਸੱਚੇ ਸਾਧਕ ਨੂੰ ਐਸਾ ਆਚਾਰ-ਵਿਵਹਾਰ, ਦੈਵੀ ਗੁਣਾਂ ਦਾ ਸੰਚਾਰ ਕਰਕੇ ਉਸਨੂੰ ਸੰਸਾਰ ਸਾਗਰ ਤੋਂ ਪਾਰ ਉਤਾਰ ਦਿੰਦੇ ਹਨ, ਪ੍ਰਭੂ ਮਿਲਾਪ ਕਰਾ ਦਿੰਦੇ ਹਨ। ਇਸ ਵਿਚਾਰ ਦੀ ਪ੍ਰੋੜ੍ਹਤਾ ਗੁਰਬਾਣੀ ਵਿਚ ਇਸ ਪ੍ਰਕਾਰ ਮਿਲਦੀ ਹੈ –

*ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ।।*
*ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ।।*
*ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ।।*
*ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ।।*
*ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ।।*
*ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ।।*
*ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ।।*
*ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ।।*
*ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ।।*
*ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ।।* *ਪੰਨਾ - 400*

* * * * * *

# ਸੰਤ

## ਸੰਤ ਰਹਤ ਸੁਨਹੁ ਮੇਰੇ ਭਾਈ॥
## ਉਆ ਕੀ ਮਹਿਮਾ ਕਥਨੁ ਨ ਜਾਈ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਵਾਹਿਗੁਰੂ ਜੀ ਨੇ ਸੰਸਾਰ ਦੀ ਅਨੇਕ ਭਾਂਤਾਂ ਵਿਚ ਅਨੇਕ ਰੰਗਾਂ, ਰੂਪਾਂ ਵਿਚ ਰਚਨਾ ਕੀਤੀ। ਜੀਵਨ ਦਾ ਵਿਸ਼ਾਲ ਪ੍ਰਵਾਹ ਅਨੰਤ ਕਾਲ ਤੋਂ ਚਲ ਰਿਹਾ ਹੈ। ਬਹੁਤ ਵਾਰੀ ਧਰਤੀ ਮਨੁਖਾਂ ਨਾਲ ਭਰ ਗਈ ਅਤੇ ਬਹੁਤ ਵਾਰੀ ਪਰਲੋਂ ਦੀ ਲਪੇਟ ਵਿਚ ਆ ਕੇ ਕਿਸੇ ਭੀ ਜੀਵ ਜੰਤੂ ਦਾ ਨਾਮ ਨਿਸ਼ਾਨ ਨਾ ਰਿਹਾ। ਜਲਾਂ ਦੀ ਥਾਂ ਤੇ ਉਚੇ ਟਿੱਬੇ (ਪ੍ਰਬਤ) ਹੋ ਗਏ; ਥਲਾਂ ਵਿਚ ਨਦੀਆਂ ਚਲ ਗਈਆਂ, ਆਬਾਦੀ ਤੇ ਬਸਤੀਆਂ ਸਮੁੰਦਰ ਹੇਠ ਆ ਗਈਆਂ ਤੇ ਸਮੁੰਦਰ ਵਿਚੋਂ ਨਵੀਆਂ ਧਰਤੀਆਂ ਨਿਕਲ ਆਈਆਂ। ਕਿੰਨੀ ਵਾਰੀ ਪਸਾਰਾ ਹੋਇਆ ਅਤੇ ਕਿੰਨੀ ਵਾਰੀ ਇਹ ਪਸਾਰਾ ਸ਼ਾਂਤ ਹੋਇਆ? ਇਸ ਦੇ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ।

ਮਨੁੱਖ ਸ਼੍ਰੇਣੀ ਵਿਚ ਸੁਭਾਅ ਦੇ ਮੁਤਾਬਿਕ ਚਾਰ ਕਿਸਮ ਦੇ ਬੰਦੇ ਗਿਣੇ ਗਏ ਹਨ।

**1. ਪਾਮਰ** – ਪਾਮਰ ਉਨ੍ਹਾਂ ਪੁਰਸ਼ਾਂ ਨੂੰ ਕਹਿੰਦੇ ਹਨ ਜਿਸਨੂੰ ਨਾ ਤਾਂ ਕਦੇ ਇਹ ਵਿਹਲ ਮਿਲਿਆ ਹੋਵੇ ਕਿ ਉਹ ਸੋਚੇ ਕਿ ਮੇਰੇ ਪੈਦਾ ਹੋਣ ਤੋਂ ਪਹਿਲਾਂ, ਕੀ ਮੇਰਾ ਕੋਈ ਵਜੂਦ ਸੀ ਅਤੇ ਮੇਰੇ ਮਰਨ ਤੋਂ ਬਾਦ, ਕੀ ਮੇਰਾ ਕੋਈ ਵਜੂਦ ਰਹੇਗਾ? ਮੇਰੇ ਜੀਵਨ ਦਾ ਕੀ ਮਨੋਰਥ ਹੈ? ਇਨ੍ਹਾਂ ਗੱਲਾਂ ਦੀ ਸੂਝ ਜਿਸ ਦੇ ਮਨ ਵਿਚ ਪੈਦਾ ਨਹੀਂ ਹੁੰਦੀ, ਉਨ੍ਹਾਂ ਨੂੰ ਪਾਮਰ ਆਖਿਆ ਜਾਂਦਾ ਹੈ। ਉਨ੍ਹਾਂ ਦਾ ਜੀਵਨ ਧੇਅ, ਪਸ਼ੂਆਂ ਨਾਲੋਂ ਬਹੁਤਾ ਸ਼੍ਰੇਸ਼ਟ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਸੋਚ level (ਪੱਧਰ) ਪਸ਼ੂ ਸ਼੍ਰੇਣੀ ਦੀ ਹੋਇਆ ਕਰਦੀ ਹੈ। ਉਨ੍ਹਾਂ ਦੇ ਜੀਵਨ ਵਿਚ ਨਿਜ ਦਾ ਜੀਵਨ, ਨਿਜ ਦੀ ਇੱਛਾ ਪੂਰਤੀ ਲਈ ਹੀ ਹੋਇਆ ਕਰਦਾ ਹੈ। ਉਹ ਪਰਉਪਕਾਰ ਬਾਰੇ ਬਿਲਕੁਲ ਹੀ ਨਹੀਂ ਜਾਣਿਆ ਕਰਦੇ। ਉਨ੍ਹਾਂ ਦੇ ਸਾਹਮਣੇ ਇਕੋ ਲਕਸ਼ ਹੁੰਦਾ ਹੈ – Eat drink and be merry for we shall have to die. ਖਾਓ, ਪੀਓ ਅਤੇ ਐਸ਼ ਕਰੋ, ਕਿਉਂਕਿ ਸੰਸਾਰ ਉਤੇ ਮੁੜ ਕੇ ਫੇਰ ਨਹੀਂ ਆਉਣਾ। ਉਨ੍ਹਾਂ ਦੀ ਦ੍ਰਿਸ਼ਟੀ ਮੰਦ ਹੋਇਆ ਕਰਦੀ ਹੈ, ਇਸ ਕਰਕੇ ਉਨ੍ਹਾਂ ਨੂੰ ਨਾ ਇਹ ਗਿਆਨ ਹੁੰਦਾ ਹੈ ਕਿ ਕੀ ਮੇਰਾ ਕੋਈ ਜੀਵਨ ਇਸ ਸੰਸਾਰ ਵਿਚ ਪੈਦਾ ਹੋਣ ਤੋਂ ਪਹਿਲਾਂ ਵੀ ਸੀ ਅਤੇ ਮਰਨ ਤੋਂ ਬਾਦ ਮੇਰਾ ਵਜੂਦ ਹੋਵੇਗਾ ਜਾਂ ਨਹੀਂ। ਸੋ ਉਨ੍ਹਾਂ ਦੀ ਸੂਝ limited ਹੋਇਆ ਕਰਦੀ ਹੈ ਅਤੇ ਪਸ਼ੂਆਂ ਤੋਂ ਅਕਲ ਵਿਚ ਤੇਜ਼ ਹੁੰਦੇ ਹਨ। ਪਸ਼ੂਆਂ ਨਾਲੋਂ ਦੂਸਰਿਆਂ ਦਾ ਨੁਕਸਾਨ ਬਹੁਤਾ ਕਰ ਸਕਦੇ ਹਨ। ਇਨ੍ਹਾਂ ਵਿਚੋਂ ਜੇ ਕੋਈ ਵੱਡਾ ਸਾਇੰਸਦਾਨ ਬਣ ਜਾਵੇ ਤਾਂ ਉਹ ਐਸੀਆਂ ਕਾਢਾਂ ਵੀ ਕੱਢ ਸਕਦਾ ਹੈ ਕਿ ਸਾਰੀ ਦੁਨੀਆਂ ਇਕ-ਦਮ, ਇਕੋ ਸਮੇਂ ਵਿਚ ਕਿਵੇਂ ਖਤਮ ਕੀਤੀ ਜਾ ਸਕਦੀ ਹੈ। ਅਜਿਹੇ ਬੰਦੇ ਪਸ਼ੂਆਂ ਤੋਂ ਵੀ ਬੁਰੇ ਹੋਇਆ ਕਰਦੇ ਹਨ। ਰੱਬ ਬਾਰੇ, ਰੂਹਾਨੀਅਤ ਬਾਰੇ, ਸ਼ੁਭ ਕਰਮਾਂ ਬਾਰੇ, ਨੇਕੀਆਂ ਬਾਰੇ ਇਨ੍ਹਾਂ ਨੂੰ ਕੋਈ ਸੋਝੀ ਨਹੀਂ ਹੁੰਦੀ ਅਤੇ ਆਪ ਹੁਦਰਾ ਜੀਵਨ ਲੰਘਾ ਕੇ ਸੰਸਾਰ ਤੋਂ ਚਲੇ ਜਾਇਆ ਕਰਦੇ ਹਨ।

**2. ਵਿਸ਼ਈ** – ਇਹ ਪਾਮਰਾਂ ਨਾਲੋਂ ਥੋੜੇ ਉਨਤੀ ਤੇ ਹੋਇਆ ਕਰਦੇ ਹਨ ਪਰ ਇਨ੍ਹਾਂ ਦੀ ਬਿਰਤੀ ਪੰਜ ਵਿਸ਼ਿਆਂ – 1. ਸ਼ਬਦ 2. ਸਪਰਸ਼, 3. ਰੂਪ, 4. ਰਸ, 5. ਗੰਧ; ਜੋ ਕਿ ਕ੍ਰਮਵਾਰ – 1. ਮਿਰਗ, 2. ਹਾਥੀ, 3. ਪਤੰਗਾ, 4. ਮੱਛੀ, 5. ਭੰਵਰਾ, ਦੇ ਪ੍ਰਧਾਨ ਵਿਸ਼ੇ ਹੋਇਆ ਕਰਦੇ ਹਨ, ਵਿਚ ਲਗੀ ਰਹਿੰਦੀ ਹੈ। ਇਕ-ਇਕ ਵਿਸ਼ਾ ਕ੍ਰਮਵਾਰ ਹਰੇਕ ਦਾ ਨਾਸ਼ ਕਰਨ ਨੂੰ ਪੂਰੀ ਤਰ੍ਹਾਂ ਸਮਰੱਥ ਹੈ।

ਘੰਡੇਹੇੜੇ ਦੇ ਵਸ ਵਿਚ ਪਿਆ ਹਰਨ, ਸ਼ਬਦ ਵਿਸ਼ੇ ਕਰਕੇ ਆਪਣੀ ਜਾਨ ਦੇ ਬੈਠਦਾ ਹੈ। ਮਸਤ ਐਨਾ ਹੋ ਜਾਂਦਾ ਹੈ ਕਿ ਉਸਨੂੰ ਚੌਗਿਰਦਾ ਭੁਲ ਜਾਇਆ ਕਰਦਾ ਹੈ ਅਤੇ ਸ਼ਿਕਾਰੀ ਉਸਨੂੰ ਹੱਥ ਨਾਲ ਹੀ ਫੜ ਲੈਂਦਾ ਹੈ।

ਦੂਸਰਾ ਵਿਸ਼ਾ ਸਪਰਸ਼ ਦਾ ਹਾਥੀ ਨੂੰ ਸਾਰੀ ਜ਼ਿੰਦਗੀ ਗੁਲਾਮ ਬਣਾ ਕੇ ਰੱਖਣ ਦੀ ਸਮਰੱਥਾ ਰਖਦਾ ਹੈ। ਆਦਮੀ ਦੀ ਗੁਲਾਮੀ ਸਾਰੀ ਜ਼ਿੰਦਗੀ ਉਸਨੂੰ ਵਸ ਵਿਚ ਰਖਦੀ ਹੈ। ਧਰਤੀ ਉਪਰ ਟੋਆ ਪੁਟ ਕੇ, ਉਸ ਉਪਰ ਘਾਹ-ਫੂਸ ਦੀ ਛੱਤ ਪਾ ਕੇ, ਕਾਗਜ਼ਾਂ ਦੀ ਹੱਥਣੀ ਬਣਾ ਕੇ ਖੜ੍ਹੀ ਕਰ ਦਿੰਦੇ ਹਨ। ਹਾਥੀ ਸਪਰਸ਼ (ਕਾਮ) ਵਿਚ ਗ੍ਰਸਤ; ਬਗੈਰ ਲੰਮੀ ਸੋਚ ਤੋਂ ਹੱਥਣੀ ਵਲ ਨੂੰ ਵਧਦਾ ਹੈ ਤੇ ਉਸ ਛੁਪੇ ਹੋਏ ਟੋਏ ਵਿਚ ਗਿਰ ਕੇ ਆਦਮੀ ਦੇ ਵਸ ਪੈ ਜਾਂਦਾ ਹੈ ਅਤੇ ਸਾਰੇ ਜੀਵਨ ਦੀ ਗੁਲਾਮੀ ਉਸਦੇ ਗਲ ਪੈ ਜਾਂਦੀ ਹੈ। ਆਪਣੀਆਂ ਖੁਲ੍ਹਾਂ, ਡਾਰਾਂ ਨਾਲ ਘੁੰਮਣਾਂ, ਦਰਿਆਵਾਂ ਵਿਚ ਖੁਲ੍ਹਾ ਨਾਹੁਣਾ, ਜੰਗਲਾਂ ਵਿਚ ਮਨ-ਮਰਜ਼ੀ ਦੀ ਖੁਰਾਕ ਖਾਣੀ ਛੁਟ ਜਾਂਦੀ ਹੈ। ਆਦਮੀ ਦੀ ਪੂਰੀ ਤਰ੍ਹਾਂ ਗੁਲਾਮੀ ਕਰਦਾ ਸਿਰ ਵਿਚ ਤਿੱਖੇ ਕੁੰਡੇ ਦੀ ਮਾਰ ਸਹਿੰਦਾ ਰਹਿੰਦਾ ਹੈ।

ਸੌ ਵਾਟ ਦਾ ਬਲਬ ਮਚ ਰਿਹਾ ਹੈ, ਗਰਮੀ ਉਸਦੇ ਸ਼ੀਸ਼ੇ ਵਿਚ ਸਮਾਈ ਹੋਈ ਹੈ ਪਰ ਪਤੰਗਾ ਉਡ ਕੇ ਰੂਪ ਦੇ ਰੋਗ ਦਾ ਬੰਨ੍ਹਿਆ ਹੋਇਆ ਅੰਨ੍ਹੇਵਾਹ ਲਾਟ ਵਲ ਹੀ ਵਧਦਾ ਹੈ; ਜੇ ਵੱਡਾ ਦੀਵਾ ਜਲਦਾ ਹੋਵੇ ਤਾਂ ਉਸਦੀ ਲਾਟ ਵਿਚ ਜਲ ਕੇ ਆਪਣਾ ਜੀਵਨ ਗਵਾ ਬੈਠਦਾ ਹੈ।

ਮੱਛੀਆਂ ਖੁਲ੍ਹੇ ਪਾਣੀ ਵਿਚ ਕਲੋਲਾਂ ਕਰਦੀਆਂ, ਅਨੰਦ ਮਾਣਦੀਆਂ ਹਨ; ਮੱਛੀਆਂ ਫੜਨ ਵਾਲਾ ਪਾਣੀ ਦੇ ਕੰਢੇ ਪੁਜਦਾ ਹੈ ਜਾਂ ਕਿਸ਼ਤੀਆਂ ਵਿਚ ਬੈਠ ਕੇ ਗਹਿਰੇ ਪਾਣੀ ਵਿਚ ਜਾਂਦਾ ਹੈ। ਉਥੇ ਜਾ ਕੇ ਕੁੰਡੀ ਨੂੰ ਖਾਣ ਵਾਲੀ ਚੀਜ਼ ਲਾ ਕੇ ਪਾਣੀ ਵਿਚ ਸੁੱਟ ਦਿੰਦਾ ਹੈ। ਰਸ ਦੇ ਵਿਸ਼ੇ ਵਿਚ ਗ੍ਰਸਤ ਹੋਈ ਹੋਈ ਮੱਛੀ ਆਪਣੀ ਸਾਰੀ ਸੁਰਤ ਗਵਾ ਕੇ ਉਸ ਕੁੰਡੀ ਨੂੰ, ਨਾਲ ਲੱਗੇ ਹੋਏ ਰਸੀਲੇ ਪਦਾਰਥ ਸਮੇਤ ਅੰਦਰ ਨਿਗਲ ਜਾਂਦੀ ਹੈ, ਕੁੰਡੀ ਵਿਚ ਫਸ ਜਾਂਦੀ ਹੈ ਅਤੇ ਉਹ ਮੱਛੀ ਪਾਣੀ ਵਿਚੋਂ ਖਿੱਚ ਕੇ ਬਾਹਰ ਲਿਆਂਦੀ ਜਾਂਦੀ ਹੈ ਅਤੇ ਤੜਫ-ਤੜਫ ਕੇ ਜਾਨ ਦਿੰਦੀ

ਹੈ। ਮਹਾਰਾਜ ਜੀ ਫੁਰਮਾਉਂਦੇ ਹਨ -

*ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥*
*ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥*
*ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥*

*ਪੰਨਾ - 55*

ਗੰਧ - ਫੁੱਲਾਂ ਦੀ ਸੁਗੰਧੀ ਭੰਵਰੇ ਨੂੰ ਆਪਣੇ ਵਲ ਖਿਚਦੀ ਹੈ। ਉਹ ਫੁੱਲ ਤੇ ਬੈਠਾ ਮਕਰੰਦ ਰਸ ਦਾ ਅਨੰਦ ਮਾਣਦਾ ਹੈ, ਦਿਨ ਖਤਮ ਹੋ ਜਾਂਦਾ ਹੈ, ਸੂਰਜ ਛਿਪ ਜਾਂਦਾ ਹੈ। ਕਈ ਫੁਲ ਰਾਤ ਨੂੰ ਆਪਣੀਆਂ ਪੰਖੜੀਆਂ ਬੰਦ ਕਰ ਲੈਂਦੇ ਹਨ ਅਤੇ ਸਵੇਰੇ ਤਰੇਲ ਤੁਪਕਿਆਂ ਦੀ ਸੰਗੀਤਮਈ ਧੁਨ ਸੁਣ ਕੇ ਆਪਣੀਆਂ ਪੰਖੜੀਆਂ ਉਨ੍ਹਾਂ ਦੇ ਸੁਆਗਤ ਲਈ ਖੋਲ੍ਹ ਦਿੰਦੇ ਹਨ। ਇਹ ਭੰਵਰਾ ਇਸ ਘਟਨਾ ਤੋਂ ਅਗਿਆਤ ਰਹਿ ਕੇ ਫੁੱਲ ਵਿਚ ਨਪੀੜਿਆ ਜਾਂਦਾ ਹੈ ਅਤੇ ਸਵੇਰ ਨੂੰ ਫੁੱਲ ਦੇ ਹੇਠਾਂ ਮਰਿਆ ਹੋਇਆ ਪਿਆ ਹੁੰਦਾ ਹੈ। ਇਸ ਦਾ ਜੀਵਨ ਇਸ ਵਿਸ਼ੇ ਦੇ ਅਧੀਨ ਜਿਸਨੂੰ ਸੁਗੰਧ ਆਖਦੇ ਹਨ, ਖਤਮ ਹੋ ਜਾਂਦਾ ਹੈ।

ਇਹ ਪੰਜ ਵਿਸ਼ੇ ਪਸ਼ੂਆਂ ਨੂੰ ਮੋਹਿਤ ਕਰਦੇ ਹਨ। ਇਨ੍ਹਾਂ ਵਿਚੋਂ ਇਕ-ਇਕ ਵਿਸ਼ਾ ਇਕ-ਇਕ ਨੂੰ ਮੋਹਿਤ ਕਰਦਾ ਹੈ, ਪਰ ਬੇ-ਵਿਚਾਰਾ ਆਦਮੀ ਇਨ੍ਹਾਂ ਪੰਜਾਂ ਹੀ ਵਿਸ਼ਿਆਂ ਵਿਚ ਪੂਰੀ ਤਰ੍ਹਾਂ ਨਾਲ ਗ੍ਰਸਿਤ ਹੈ। ਆਦਮੀ ਦੇ ਸਾਹਮਣੇ ਹੋਰ ਵਿਸ਼ਿਆਂ ਦੀ ਕੋਈ ਕਮੀ ਨਹੀਂ ਹੈ, ਰਸ ਹੀ ਰਸ ਹਨ - ਪੁੱਤਰ-ਧੀਆਂ, ਇਸਤਰੀਆਂ, ਕੁੜਮ-ਕਬੀਲੇ, ਮਿਤਰ-ਦੋਸਤ, ਸੁਸਾਇਟੀ-ਭਾਈਚਾਰਾ; ਇਹ ਇਕ ਰਸ ਹੈ। ਦੂਸਰਾ ਸੋਨੇ, ਚਾਂਦੀ, ਹੀਰੇ, ਜਵਾਹਰਾਤ, ਪੈਸੇ, ਬੈਂਕ ਬੈਲੰਸ ਦਾ ਰਸ ਹੈ। ਤੀਸਰਾ ਜ਼ਮੀਨ, ਜਾਇਦਾਦ, ਇੰਡਸਟਰੀਆਂ, ਅਨੇਕ ਕਿਸਮ ਦੀਆਂ ਪ੍ਰਾਪਰਟੀਆਂ (ਜਾਇਦਾਦਾਂ) ਦਾ ਰਸ ਹੈ; ਆਪਣੀ ਮਹਿਮਾ ਕਰਾਉਣ ਦਾ ਰਸ ਹੈ, ਜਿਸਦੀ ਪ੍ਰਾਪਤੀ ਲਈ ਅਨੇਕ ਕਿਸਮ ਦੇ ਝੂਠ ਬੋਲਦਾ ਹੈ, ਅਨੇਕ ਛਲ-ਵਲ ਕਰਕੇ ਮਾਇਆ ਇਕੱਤਰ ਕਰਦਾ ਹੈ ਅਤੇ ਵਿਆਹਾਂ-ਸ਼ਾਦੀਆਂ, ਪ੍ਰੀਤੀ ਭੋਜਨਾਂ ਸਮੇਂ ਬਹੁਤ ਵੱਡੇ ਆਡੰਬਰ ਕਰਕੇ ਦੁਨੀਆਂ ਨੂੰ ਮੋਹਿਤ ਕਰਦਾ ਹੈ ਅਤੇ ਆਪਣਾ ਜਸ ਕਰਾਉਣ ਦੀ ਲੋਚਾ ਬਹੁਤ ਵਾਰੀ ਉਸਨੂੰ ਕਰਜ਼ਿਆਂ ਹੇਠ ਲਿਆ ਦਿੰਦੀ ਹੈ। ਇਸੇ ਤਰ੍ਹਾਂ ਨਾਲ ਲਿਖਣ ਪੜ੍ਹਨ ਦਾ ਰਸ, ਗੱਲਾਂ ਬਾਤਾਂ ਕਰਨ ਦਾ ਰਸ, political position ਹਾਸਲ ਕਰਨ ਦਾ ਰਸ, ਸੈਰ-ਸਪਾਟੇ ਪਿਕਨਿਕਾਂ ਕਰਨ ਦਾ ਰਸ, ਸ਼ਰਾਬ, drug, ਮਾਸ, ਪੀਣ ਤੇ ਖਾਣ ਦਾ ਰਸ। ਸੋਹਣੇ ਕਪੜੇ ਪਹਿਨ ਕੇ ਸੁੰਦਰ ਦ੍ਰਿਸ਼ਟ ਆਉਣ ਦਾ ਰਸ ਅਤੇ ਸਭ ਤੋਂ ਵੱਧ ਵਿਸ਼ੇ ਭੋਗਾਂ, ਪਰਾਈਆਂ ਇਸਤਰੀਆਂ-ਪੁਰਸ਼ਾਂ ਨਾਲ ਨਜ਼ਾਇਜ਼ ਸਬੰਧ ਰੱਖਣ ਦਾ ਰਸ। ਇਸ ਦੀ ਜ਼ਿੰਦਗੀ ਦਾ ਧੇਅ ਬਣਿਆ ਰਹਿੰਦਾ ਹੈ ਅਤੇ ਭੁੱਲ ਕੇ ਵੀ ਇਸਨੂੰ ਨਾ ਹੀ ਵਿਸ਼ਵਾਸ਼ ਆਉਂਦਾ ਹੈ ਅਤੇ ਨਾ ਹੀ ਇਹ ਕਿਹਾ ਮੰਨਦਾ ਹੈ ਕਿ ਸੰਸਾਰ ਵਿਚ ਸਭ ਤੋਂ ਵੱਡਾ ਰਸ 'ਨਾਮ' ਦਾ ਰਸ ਹੈ। ਜਿਸ ਰਸ ਦੇ ਪੀਣ ਨਾਲ ਹੋਰ ਸਾਰੇ ਰਸਾਂ ਨੂੰ ਮਾਣਨ ਦੀ ਰੁਚੀ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਇਆ ਕਰਦੀ ਹੈ ਕਿਉਂਕਿ ਇਹ ਐਨਾ ਮਹਾਨ ਰਸ ਹੈ ਕਿ ਜੇ ਇਕ ਵਾਰੀ ਆ ਜਾਵੇ ਤਾਂ ਉਸਦੀ ਖੁਮਾਰੀ ਸਾਰੀ ਜ਼ਿੰਦਗੀ ਨਹੀਂ ਉਤਰਿਆ ਕਰਦੀ। ਜਨਮਸਾਖੀ ਵਿਚ ਆਉਂਦਾ ਹੈ ਕਿ -

*ਪੋਸਤ ਮਦੁ ਅਫੀਮ ਭੰਗ ਉਤਰ ਜਾਏ ਪਰਭਾਤਿ॥*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥*

*(ਜਨਮਸਾਖੀ)*

ਜਿਸਨੂੰ ਇਹ ਰਸ ਆ ਜਾਵੇ, ਉਸਦੀ ਪਦਵੀ ਇਕ ਮਾਮੂਲੀ ਇਨਸਾਨ ਤੋਂ ਉਚੀ ਉਠ ਕੇ ਉਸਨੂੰ ਪ੍ਰਮੇਸ਼ਰ ਵਰਗਾ ਹੀ ਬਣਾ ਦਿੰਦੀ ਹੈ -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ)*

ਇਹ ਰਸ ਸੰਤਾਂ ਦੀ ਸੰਗਤ ਕਰਕੇ ਪ੍ਰਾਪਤ ਹੋਇਆ ਕਰਦਾ ਹੈ, ਇਸਦੀ ਕੋਈ ਕੀਮਤ ਨਹੀਂ ਹੈ -

*ਹਰਿ ਰਸ ਕੀ ਕੀਮਤਿ ਕਹੀ ਨ ਜਾਇ॥*
*ਹਰਿ ਰਸੁ ਸਾਧੂ ਹਾਟਿ ਸਮਾਇ॥*
*ਲਾਖ ਕਰੋਰੀ ਮਿਲੈ ਨ ਕੇਹ॥*
*ਜਿਸਹਿ ਪਰਾਪਤਿ ਤਿਸ ਹੀ ਦੇਹਿ॥ ਪੰਨਾ - 377*

ਨਾਮ ਰਸ ਤੋਂ ਬਿਨਾਂ ਹੋਰ ਸਾਰੇ ਰਸ ਜੀਵਨ ਨੂੰ ਫਿੱਕਾ ਕਰ ਦਿੰਦੇ ਹਨ -

*ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ॥*
*ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ॥*

*ਪੰਨਾ - 218*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਆਨ ਰਸਾ ਜੇਤੇ ਤੈ ਚਾਖੇ॥*
*ਨਿਮਖ ਨ ਤ੍ਰਿਸਨਾ ਤੇਰੀ ਲਾਥੇ॥*
*ਹਰਿ ਰਸ ਕਾ ਤੂੰ ਚਾਖਹਿ ਸਾਦੁ॥*
*ਚਾਖਤ ਹੋਇ ਰਹਹਿ ਬਿਸਮਾਦੁ॥ ਪੰਨਾ - 180*

ਸੋ ਇਸ ਤਰ੍ਹਾਂ ਦੇ ਨਾਲ ਜੀਵਨ ਵਿਚ ਜੋ ਮਹਾਨ ਰਸ ਪ੍ਰਾਪਤ ਹੋ ਕੇ ਜੰਮਣ ਮਰਣਾ ਖਤਮ ਹੋ ਜਾਣਾ ਸੀ, ਉਸ ਰਸ ਤੋਂ ਇਹ ਵਿਸ਼ਈ ਪੁਰਸ਼ ਪੂਰੀ ਤਰ੍ਹਾਂ ਅਗਿਆਤ ਰਹਿੰਦੇ ਹਨ ਅਤੇ ਉਨ੍ਹਾਂ ਕੁ-ਰਸਾਂ ਵਿਚ ਪਏ ਆਪਣਾ ਜੀਵਨ ਪੂਰੀ ਤਰ੍ਹਾਂ ਨਾਲ ਬਰਬਾਦ ਕਰ ਦਿੰਦੇ ਹਨ। ਸੋ ਇਸ ਕਰਕੇ ਇਹ ਵਿਸ਼ਈ ਪੁਰਸ਼ ਆਤਮ ਰਸ ਨੂੰ ਭੁੱਲ ਕੇ ਰਸਾਂ ਦੇ ਭੈੜੇ ਨਤੀਜਿਆਂ ਵਜੋਂ ਆਪਣੇ ਜੀਵਨ ਨੂੰ ਅਨੇਕ ਤਰ੍ਹਾਂ ਦੀਆਂ ਪਰੇਸ਼ਾਨੀਆਂ, ਬਿਮਾਰੀਆਂ ਵਿਚ ਫਸਾ ਕੇ ਸਾਰਾ ਜੀਵਨ ਦੁਖਾਂ ਵਿਚ ਲੰਘਾ ਦਿੰਦੇ ਹਨ। ਇਨ੍ਹਾਂ ਨੂੰ ਨਾ ਅਗੰਤ ਦਾ ਪਤਾ ਹੁੰਦਾ ਹੈ ਅਤੇ ਨਾ ਹੀ ਇਨ੍ਹਾਂ ਨੂੰ ਇਹ ਗਿਆਨ ਹੁੰਦਾ ਹੈ ਕਿ ਮੈਂ ਕਿਸ ਮਨੋਰਥ ਲਈ ਸੰਸਾਰ ਵਿਚ ਆਇਆ ਹਾਂ ਅਤੇ ਜੀਵਨ ਅੰਤ ਹੋਣ ਪਿਛੋਂ ਕਿਥੇ ਜਾਣਾ ਹੈ? ਸੋ ਇਹ ਜੀਵਨ ਵੀ ਪਸ਼ੂਆਂ ਨਾਲੋਂ ਵੱਧ ਨਹੀਂ ਹੋਇਆ ਕਰਦਾ। ਮਹਾਰਾਜ ਜੀ ਪਾਮਰਾਂ ਅਤੇ ਵਿਸ਼ਈਆਂ ਦੀ ਤੁਲਨਾ ਪਸ਼ੂਆਂ ਨਾਲ ਕਰਦੇ ਹੋਏ ਪਸ਼ੂਆਂ ਨੂੰ ਆਦਰ ਦਿੰਦੇ ਹਨ ਕਿ ਉਹ ਘਾਹ ਖਾ ਕੇ ਉਸਦਾ ਬਦਲ ਦੁਧ ਵਿਚ ਦਿੰਦੇ ਹਨ। ਇਹ ਪੁਰਸ਼ ਦੂਜਿਆਂ ਨੂੰ ਵੀ ਮੁਸ਼ਕਲਾਂ ਵਿਚ ਫਸਾ ਦਿਆ ਕਰਦੇ ਹਨ। ਨਿੰਦਿਆ, ਚੁਗਲੀ, ਈਰਖਾ, ਵਖੀਲੀ, ਵੈਰ, ਵਿਰੋਧ ਆਦਿ ਵਿਚ ਫਸੇ ਹੋਏ ਆਪ ਤਾਂ ਪੂਰੀ ਤਰ੍ਹਾਂ ਦੁਖੀ ਹੋਏ ਹੁੰਦੇ ਹਨ ਪਰ ਵਸ ਲਗਦੇ ਦੂਜਿਆਂ ਨੂੰ ਵੀ ਦੁਖੀ ਕਰਨਾ ਹੀ ਲੋਚਦੇ ਰਹਿੰਦੇ ਹਨ।

ਇਨ੍ਹਾਂ ਦੋਹਾਂ ਪਾਮਰ ਤੇ ਵਿਸ਼ਈ ਪੁਰਸ਼ਾਂ ਨੂੰ ਮਨਮੁਖ ਆਖਿਆ ਜਾਂਦਾ ਹੈ। ਇਹ ਮਨ ਦੇ ਪਿਛੇ ਲਗ ਕੇ ਚਲਣ ਵਾਲੇ ਲੋਕ ਹੋਇਆ ਕਰਦੇ ਹਨ ਅਤੇ ਮਹਾਰਾਜ ਜੀ ਦਸਦੇ ਹਨ ਕਿ ਇਨ੍ਹਾਂ ਦਾ ਆਚਾਰ ਹੈ -

*ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ*
*ਇਹੁ ਮਨਮੁਖ ਕਾ ਆਚਾਰੁ॥ ਪੰਨਾ - 509*

*ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ*
*ਬਿਖੁ ਬਾਧੇ ਹਉਮੈ ਜਾਲੇ ਰਾਮ॥*
*ਜਿਉ ਪੰਖੀ ਕਪੋਤਿ ਆਪੁ ਬਨਾਇਆ ਮੇਰੀ ਜਿੰਦੁੜੀਏ*
*ਤਿਉ ਮਨਮੁਖ ਸਭਿ ਵਸਿ ਕਾਲੇ ਰਾਮ॥*
*ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ*
*ਸੇ ਮਨਮੁਖ ਮੂੜ ਬਿਤਾਲੇ ਰਾਮ॥ ਪੰਨਾ - 538*

ਆਪ-ਹੁਦਰੇ ਲੋਕ ਹਉਮੈ ਕਰਕੇ ਹਰੀ ਤੋਂ ਵਿਛੜੇ ਹਨ। ਉਨ੍ਹਾਂ ਨੂੰ ਵਿਸ਼ਿਆਂ ਦੀ ਵਾਸ਼ਨਾ ਨੇ ਬੰਨ੍ਹ ਰੱਖਿਆ ਹੈ। ਜਿਵੇਂ ਕਬੂਤਰ ਲਾਲਚ ਕਰਕੇ ਜਾਲ ਹੇਠ ਪਏ ਚੋਗੇ ਨੂੰ ਚੁਗਣ ਲਈ, ਬਿਨਾਂ ਵਿਚਾਰ ਕੀਤੇ ਆਪਣੇ ਆਪ ਨੂੰ ਬੰਨ੍ਹਾ ਲੈਂਦਾ ਹੈ, ਤਿਵੇਂ ਸਭ ਆਪ-ਹੁਦਰੇ ਮੌਤ ਦੇ ਮੂੰਹ ਵਿਚ ਪੈਂਦੇ ਹਨ ਅਤੇ ਇਨ੍ਹਾਂ ਆਪ-ਹੁਦਰੇ ਪੁਰਸ਼ਾਂ ਨੂੰ ਮਹਾਰਾਜ ਜੀ ਨੇ ਭੂਤਨੇ ਅਤੇ ਮੂਰਖ ਦੀ ਉਪਾਧੀ ਬਖਸ਼ੀ ਹੈ। ਇਨ੍ਹਾਂ ਮਨਮੁਖਾਂ ਨੂੰ ਆਪਣੇ ਸੁਆਰਥੀ ਜੀਵਨ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਉਂਦਾ ਅਤੇ ਇਨ੍ਹਾਂ ਬਾਰੇ ਫੁਰਮਾਨ ਹੈ-

*ਮਨਮੁਖਿ ਅੰਧੇ ਸੁਧਿ ਨ ਕਾਈ॥*
*ਆਤਮ ਘਾਤੀ ਹੈ ਜਗਤ ਕਸਾਈ॥*
*ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ*
*ਬਿਨੁ ਮਜੂਰੀ ਭਾਰੁ ਪਹੁਚਾਵਣਿਆ॥*
*ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥*
*ਸਦਾ ਸਮਾਲੇ ਕੋ ਨਾਹੀ ਖਾਲੀ॥*
*ਜੇਹੀ ਵਾਸਨਾ ਪਾਏ ਤੇਹੀ ਵਰਤੈ*
*ਵਾਸੂ ਵਾਸੁ ਜਣਾਵਣਿਆ॥ ਪੰਨਾ - 118*

ਐਸੇ ਜੀਵਨ ਵਾਲੇ ਪੁਰਸ਼ ਮਹਾਂ-ਗੁਬਾਰ ਵਿਚ ਰਹਿੰਦੇ, ਲੋਭ ਵਿਚ ਫਸੇ ਹੋਏ ਵਿਸਾਹਘਾਤ ਕਰਕੇ ਵੀ ਆਪਣੇ ਲੋਭ ਦੀ ਪੂਰਤੀ ਕਰਦੇ ਹਨ ਅਤੇ ਮਾਨਸਿਕ ਤੌਰ ਤੇ ਦੁਖੀ ਰਹਿੰਦੇ ਹਨ ਅਤੇ ਸੁਖ ਨਾਮ ਦੀ ਚੀਜ਼ ਉਨ੍ਹਾਂ ਦੇ ਭਾਗਾਂ ਵਿਚ ਹੈ ਹੀ ਨਹੀਂ ਕਿਉਂਕਿ ਸਾਰੇ ਸੁਖ ਪ੍ਰਮੇਸ਼ਰ ਦੀ ਯਾਦ ਤੇ ਨਾਮ ਜਪ ਦੇ ਅਧੀਨ ਹਨ, ਉਹ ਪ੍ਰਮੇਸ਼ਰ ਤੋਂ ਬੇਮੁਖ ਹਨ, ਮਹਾਰਾਜ ਜੀ ਦਾ ਫੁਰਮਾਨ ਹੈ -

*ਅੰਤਰਿ ਲੋਭੁ ਮਹਾ ਗੁਬਾਰਾ*
*ਤਿਨ ਕੈ ਨਿਕਟਿ ਨ ਕੋਈ ਜਾਹਿ॥*
*ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ*
*ਜਨਮਿ ਮਰਹਿ ਮਰਿ ਜਾਹਿ॥ ਪੰਨਾ - 652*

*ਮਨਮੁਖ ਕੋਠੀ ਅਗਿਆਨੁ ਅੰਧੇਰਾ*
*ਤਿਨ ਘਰਿ ਰਤਨੁ ਨ ਲਾਖਾ॥*
*ਤੇ ਊਝੜਿ ਭਰਮਿ ਮੁਏ ਗਾਵਾਰੀ*
*ਮਾਇਆ ਭੁਅੰਗ ਬਿਖੁ ਚਾਖਾ॥ ਪੰਨਾ - 696*

ਇਹ ਲੋਕ ਸਦਾ ਹੀ ਨਿਸ਼ਾਨੇ ਤੋਂ ਹੀਣੇ ਜ਼ਹਿਰ ਇਕੱਠੀ ਕਰਦੇ ਹਨ ਅਤੇ ਜ਼ਹਿਰ ਹੀ ਖਾਂਦੇ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੇ ਅੰਦਰ 'ਨਾਮ' ਵਰਗੀ ਪ੍ਰਮ ਸ਼ਾਂਤੀ ਦੇਣ ਵਾਲੀ ਕ੍ਰੋੜਾਂ ਰਤਨਾਂ ਤੋਂ ਵੀ ਕੀਮਤੀ ਅਮੁੱਲ ਵਸਤੂ, ਨਾਮ ਦਾ ਨਿਵਾਸ ਹੈ। ਸੋ ਇਸ ਤਰ੍ਹਾਂ ਦੀਆਂ ਇਹ ਦੋਵੇਂ ਸ਼੍ਰੇਣੀਆਂ ਭਗਤੀ ਤੋਂ ਪੂਰੀ ਤਰ੍ਹਾਂ ਨਾਲ ਅਣਜਾਣ ਰਹਿ ਕੇ ਆਪਣਾ ਜੀਵਨ ਪਸ਼ੂਆਂ ਸਮਾਨ ਲੰਘਾ ਦਿੰਦੇ ਹਨ।

**3. ਜਗਿਆਸੂ** – ਇਸ ਸ਼੍ਰੇਣੀ ਦੇ ਮਨੁੱਖ ਇਸ ਸੰਸਾਰ ਵਿਚ ਬਹੁਤ ਥੋੜ੍ਹੇ ਹਨ, ਹਜ਼ਾਰਾਂ ਵਿਚੋਂ ਇਕ ਅੱਧ ਹੋਇਆ ਕਰਦਾ ਹੈ ਜਿਨ੍ਹਾਂ ਦੇ ਅੰਦਰ ਇਹ ਵਿਚਾਰ ਚਲਦੀ ਹੈ ਕਿ ਮੈਂ ਏਸ ਜੀਵਨ ਪ੍ਰਾਪਤੀ ਤੋਂ ਪਹਿਲਾਂ ਕਿਸ ਹਾਲਤ ਵਿਚ ਰਹਿੰਦਾ ਸਾਂ ਅਤੇ ਜੀਵਨ ਬਤੀਤ ਕਰਨ ਉਪਰੰਤ ਮੇਰੀ ਹੋਂਦ ਕਿਨ੍ਹਾਂ ਹਾਲਤਾਂ ਵਿਚੋਂ ਲੰਘੇਗੀ। ਇਹ ਆਪਣੇ ਜੀਵਨ ਦੇ ਵਿਚ ਖੁਦਗਰਜ਼ੀ, ਬੁਰਿਆਈਆਂ ਆਦਿ ਬੁਰਿਆਂ ਸੁਭਾਵਾਂ ਨੂੰ ਨਹੀਂ ਆਉਣ ਦਿੰਦੇ ਅਤੇ ਉਹ ਮਹਾਂਪੁਰਸ਼ਾਂ ਦੀ ਬਾਣੀ ਸੁਣ ਕੇ ਇਸ ਗੱਲ ਉਤੇ ਪੂਰਾ ਨਿਸ਼ਚਾ ਕਰ ਲੈਂਦੇ ਹਨ ਕਿ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਪੰਨਾ - 176*

ਅਤੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਵਿਸ਼ਵਾਸ਼ ਹੁੰਦਾ ਹੈ ਕਿ ਇਹ ਅਮੁੱਲ ਮਾਨਸ ਸਰੀਰ ਦਾ ਪ੍ਰਮ ਮਨੋਰਥ ਆਪਣੇ ਅੰਦਰ ਸਮਾਏ ਹੋਏ ਵਾਹਿਗੁਰੂ ਜੀ ਨਾਲ ਮਿਲਣਾ ਹੈ ਜਿਵੇਂ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12*

ਉਨ੍ਹਾਂ ਦੇ ਅੰਦਰ ਜਗਿਆਸਾ ਜਾਗਦੀ ਹੈ ਕਿ ਮੈਂ ਉਨ੍ਹਾਂ ਪੁਰਸ਼ਾਂ ਦੇ ਨਾਲ ਆਪਣੇ ਸਬੰਧ ਪੈਦਾ ਕਰਾਂ ਜਿਹੜੇ ਇਨ੍ਹਾਂ ਪਰਸਥਿਤੀਆਂ ਦਾ ਹੱਲ ਕਰਨਾ ਜਾਣਦੇ ਹੋਣ ਅਤੇ ਮੈਨੂੰ guide (ਰਾਹ ਦੱਸ ਕੇ) ਕਰਕੇ ਆਪਣੀ ਮੰਜ਼ਲੇ ਮਕਸੂਦ, ਪ੍ਰਭੂ ਦੇਸ਼ ਵਿਚ ਪਹੁੰਚਾ ਦੇਣ। ਮੇਰਾ ਮਹਾਂ ਦੀਰਘ ਰੋਗ ਕੋੜ੍ਹ ਵਰਗਾ ਜਿਸਨੂੰ ਹਉਮੈ ਆਖਦੇ ਹਨ, ਉਸਨੂੰ ਸਵਸਥ ਕਰਨ ਦਾ ਦਵਾ-ਦਾਰੂ ਦੱਸਣ ਤੇ ਮੈਨੂੰ ਉਸ ਮਾਰਗ ਬਾਰੇ ਸੋਝੀ ਦੇਣ ਜਿਸ ਕਰਕੇ ਮੈਂ ਆਪਣੇ ਅਸਲੀ ਆਤਮ ਸਰੂਪ ਨੂੰ ਪਹਿਚਾਣ ਲਵਾਂ ਅਤੇ ਕ੍ਰੋੜਾਂ ਦੁਖਾਂ ਤੋਂ ਬਰੀ ਹੋ ਕੇ ਪ੍ਰਮ ਅਨੰਦ ਦੀ ਪ੍ਰਾਪਤੀ ਕਰ ਸਕਾਂ। ਇਸ ਸ਼੍ਰੇਣੀ ਦੇ ਬੰਦੇ ਬਹੁਤ ਹੀ ਘੱਟ ਹੋਇਆ ਕਰਦੇ ਹਨ।

ਇਨ੍ਹਾਂ ਦੇ ਮਨ ਵਿਚ ਹਰ ਵਕਤ ਪ੍ਰੇਰਨਾ ਉਠਦੀ ਹੈ ਕਿ ਅਸੀਂ ਆਪਣੇ ਨਿੱਜੀ ਜੀਵਨ ਦੇ ਅਨੰਦ ਦੀ ਥਾਂ ਦੁਖੀਆਂ, ਦਰਦਵੰਦਾਂ, ਲੋੜਵੰਦਾਂ ਦੀ ਸਹਾਇਤਾ ਕਰਕੇ ਆਪਣੇ ਮਨੁੱਖੀ ਫਰਜ਼ ਨੂੰ ਪਹਿਚਾਣੀਏ। ਉਨ੍ਹਾਂ ਦਾ ਮੁਰਸ਼ਦਾਂ, ਗੁਰੂਆਂ, ਸੰਤਾਂ, ਸਾਧੂਆਂ, ਮੁਕਤ ਆਤਮਾਵਾਂ ਨਾਲ ਪਿਆਰ ਹੋਇਆ ਕਰਦਾ ਹੈ ਅਤੇ ਇਹ ਤਨੋ ਮਨੋ ਹੋ ਕੇ ਉਨ੍ਹਾਂ ਦੇ ਸਤਿਸੰਗਾਂ ਵਿਚ ਜਾ ਕੇ

ਲਈ ਹਰ ਸੰਭਵ ਜਤਨ ਕਰਦੇ ਹਨ। ਇਹ ਪੁਰਖ 'ਜਗਿਆਸੂ' ਕਹਾਇਆ ਕਰਦੇ ਹਨ। ਇਨ੍ਹਾਂ ਦੇ ਵਿਚ ਭੀ ਦਰਜੇ ਹੋਇਆ ਕਰਦੇ ਹਨ। ਉਤਮ, ਮੱਧਮ ਤੇ ਕਨਿਸ਼ਟ ਦਰਜੇ ਹੋਇਆ ਕਰਦੇ ਹਨ ਪਰ ਸਤਿਸੰਗ ਕਰਕੇ ਇਹ ਉਤਮ ਜਗਿਆਸੂ ਹੋ ਜਾਇਆ ਕਰਦੇ ਹਨ। ਇਨ੍ਹਾਂ ਦਾ ਸੰਸਾਰ ਤੇ ਆਉਣਾ ਸਫਲ ਹੋਇਆ ਕਰਦਾ ਹੈ। ਇਸ ਸ਼੍ਰੇਣੀ ਦੇ ਬੰਦੇ ਭਾਵੇਂ ਹਜ਼ਾਰਾਂ ਵਿਚੋਂ ਇਕ ਹੀ ਹੈ, ਹਰ ਸਮੇਂ ਸੰਸਾਰ ਦੇ ਭਲੇ ਲਈ ਤਨੋ ਮਨੋ ਅਰਦਾਸ ਕਰਦੇ ਹਨ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਇਹ ਅੰਮ੍ਰਿਤ ਵੇਲੇ ਜਾਗਦੇ ਹਨ। ਬਾਣੀ ਪੜ੍ਹਦੇ, ਨਾਮ ਅਭਿਆਸ ਦੀ ਘਾਲ ਕਮਾਈ ਪੂਰੀ ਤਨ ਦੇਹੀ (ਮੇਹਨਤ) ਨਾਲ ਕਰਦੇ ਹਨ ਅਤੇ ਸੰਸਾਰ ਵਿਚ ਵਿਚਰਦੇ ਪਿਆਰ-ਪ੍ਰੇਮ, ਮਿਲਵਰਤਨ ਵਾਲਾ ਜੀਵਨ ਬਤੀਤ ਕਰਕੇ ਆਪ ਭੀ ਖੁਸ਼ ਰਹਿੰਦੇ ਹਨ ਅਤੇ ਜੋ ਇਨ੍ਹਾਂ ਦੇ ਨਿਕਟ ਆਉਂਦਾ ਹੈ, ਉਸਨੂੰ ਵੀ ਖੁਸ਼ੀਆਂ ਵੰਡਦੇ ਹਨ। ਇਸ ਜਗਿਆਸੂ ਸ਼੍ਰੇਣੀ ਦੇ ਬੰਦੇ ਹੀ ਸਫਲ ਗਿਣੇ ਜਾਂਦੇ ਹਨ। ਇਹ ਅੰਦਰਲੀ ਤਰੱਕੀ ਲਈ ਸਦਾ ਤਾਂਘਦੇ ਰਹਿੰਦੇ ਹਨ ਅਤੇ ਹਰ ਰੋਜ਼ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ! ਉਨ੍ਹਾਂ ਆਪਣੇ ਪਿਆਰਿਆਂ ਦੇ ਦਰਸ਼ਨ ਕਰਾ ਜਿਹੜੇ ਸਾਡੇ ਅੰਦਰੋਂ ਅਗਿਆਨ ਦਾ ਅੰਧੇਰਾ ਦੂਰ ਕਰ ਦੇਣ ਜਿਨ੍ਹਾਂ ਦੇ ਮਿਲਣ ਨਾਲ ਤੂੰ ਚਿਤ ਵਿਚ ਵਸ ਜਾਵੇਂ ਤੇ ਸੰਸਾਰ ਨਾਲੋਂ ਪ੍ਰੀਤ ਟੁੱਟ ਕੇ ਤੇਰੇ ਨਾਲ ਪੈ ਜਾਵੇ। ਇਹ ਸ਼੍ਰੇਣੀ ਉਨ੍ਹਾਂ ਮਨੁੱਖਾਂ ਦੀ ਹੈ ਜਿਹੜੇ ਨਾਮ ਪ੍ਰਾਪਤੀ ਲਈ ਘਾਲ ਕਮਾਈਆਂ ਕਰਦੇ ਹਨ ਅਤੇ ਸੰਤਾਂ ਦੀ ਸੰਗਤ ਲਈ ਤਾਂਘਦੇ ਰਹਿੰਦੇ ਹਨ ਅਤੇ ਨਾਸਤਕਾਂ, ਮਨਮੁਖਾਂ, ਬੇਮੁਖਾਂ, ਵਿਸ਼ਈਆਂ, ਭੋਗੀਆਂ ਤੇ ਪਾਮਰਾਂ ਦੀ ਸੰਗਤ ਤੋਂ ਸਦਾ ਹੀ ਆਪਣੇ ਆਪ ਨੂੰ ਬਚਾਉਂਦੇ ਹਨ।

ਚੌਥੀ ਸ਼੍ਰੇਣੀ ਉਨ੍ਹਾਂ ਪੁਰਸ਼ਾਂ ਦੀ ਹੈ ਜਿਹੜੇ ਪ੍ਰਮੇਸ਼ਰ ਨਾਲ ਸਦੀਵ ਇਕਮਿਕ ਹੋਏ ਸੰਸਾਰ ਵਿਚ ਜਗਿਆਸੂਆਂ ਨੂੰ ਪ੍ਰਭੂ ਦਾ ਰਾਹ ਦਸ ਕੇ, ਉਸ ਨਾਲ ਮਿਲਾਉਂਦੇ ਹਨ। ਇਨ੍ਹਾਂ ਨੂੰ ਸੰਤ, ਸਾਧੂ, ਫਕੀਰ, ਆਰਫ, ਬ੍ਰਹਮਗਿਆਨੀ ਅਤੇ ਗੁਰਮੁਖ ਕਿਹਾ ਜਾਂਦਾ ਹੈ। ਸੰਖੇਪ ਰੂਪ ਵਿਚ ਇਨ੍ਹਾਂ ਦਾ ਧਿਆਨ ਸਦਾ ਹੀ ਪ੍ਰਮੇਸ਼ਰ ਨਾਲ ਜੁੜਿਆ ਰਹਿੰਦਾ ਹੈ। ਬ੍ਰਹਮ ਚਿੰਤਨ, ਬ੍ਰਹਮ ਕਥਨ, ਬ੍ਰਹਮ ਬੋਧਨ, ਸਰਬਤ੍ਰ ਦਿਸਦੇ ਅਤੇ ਅਣਦਿਸਦੇ ਸੰਸਾਰ ਵਿਚ ਬ੍ਰਹਮ ਭਾਵ ਅਤੇ ਬ੍ਰਹਮਾਕਾਰ ਬਿਰਤੀ ਆਤਮ ਸ਼ਾਖਸ਼ਾਤਕਾਰ ਹੋਇਆ ਕਰਦੀ ਹੈ। ਅਗਿਆਨ ਦਾ ਪੂਰਨ ਤੌਰ ਤੇ ਨਾਸ਼ ਹੋ ਕੇ ਹਉਮੈ ਦਾ ਅਭਾਵ ਹੁੰਦਾ ਹੈ। ਜੋ ਕੁਝ ਵੀ ਹੁੰਦਾ ਹੈ ਉਸਨੂੰ ਪ੍ਰਭੂ ਦੀ ਰਜ਼ਾ ਜਾਣ ਕੇ ਰਾਜ਼ੀ ਰਹਿੰਦੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ।।*
*ਸੰਤ ਜਨਾ ਕੈ ਹਿਰਦੈ ਸਭਿ ਧਰਮ।।*
*ਸੰਤ ਜਨਾ ਸੁਨਹਿ ਸੁਭ ਬਚਨ।।*
*ਸਰਬ ਬਿਆਪੀ ਰਾਮ ਸੰਗਿ ਰਚਨ।।*
*ਜਿਨਿ ਜਾਤਾ ਤਿਸ ਕੀ ਇਹ ਰਹਤ।।*
*ਸਤਿ ਬਚਨ ਸਾਧੂ ਸਭਿ ਕਹਤ।।*
*ਜੋ ਜੋ ਹੋਇ ਸੋਈ ਸੁਖੁ ਮਾਨੈ।।*
*ਕਰਨ ਕਰਾਵਨਹਾਰੁ ਪ੍ਰਭੁ ਜਾਨੈ।।*

*ਨਾਨਕ ਦਰਸਨੁ ...*

ਸੰਤ ਦੇ ਜੀਵਨ ਵਿਚ ਸਹਿਜ ਸੁਭਾਵ ਹੀ ਹਿੰਸਾ ਨਹੀਂ ਹੁੰਦੀ - ਨਾ ਹੀ ਸਰੀਰ ਨਾਲ, ਨਾ ਹੀ ਬੋਲ ਨਾਲ, ਨਾ ਹੀ ਮਨ ਨਾਲ, ਨਾ ਹੀ ਬੁੱਧੀ ਨਾਲ, ਅਤੇ ਨਾ ਹੀ ਪ੍ਰਾਪਤ ਸ਼ਕਤੀ ਨਾਲ, ਕਿਸੇ ਦੀ ਹਿੰਸਾ ਨਹੀਂ ਕਰਦਾ। ਉਹ ਝੂਠ ਨਹੀਂ ਬੋਲਦਾ ਅਤੇ ਨਾ ਹੀ ਕਿਸੇ ਕਿਸਮ ਦੀ ਚੋਰੀ ਕਰਦਾ ਹੈ। ਚੋਰੀ ਬਹੁਤ ਕਿਸਮ ਦੀ ਹੈ - ਬਚਨਾਂ ਦੀ ਚੋਰੀ, ਕਵਿਤਾ ਦੀ ਚੋਰੀ, ਕਿਸੇ ਦੇ ਲੇਖ ਦੀ ਚੋਰੀ, ਰੂਪ ਤੱਕਣ ਲਈ ਅੱਖਾਂ ਦੀ ਚੋਰੀ, ਕੰਨਾਂ ਰਾਹੀਂ ਕਿਸੇ ਦੇ ਗੁਪਤ ਬਚਨ ਸੁਨਣ ਦੀ ਚੋਰੀ, ਧਨ ਦੀ ਚੋਰੀ; ਆਦਿ ਨਹੀਂ ਕਰਦਾ ਅਤੇ ਸਭ ਤੋਂ ਵੱਡੇ ਚੋਰ ਉਹ ਹੋਇਆ ਕਰਦੇ ਹਨ ਜੋ ਨਾਮ ਨਹੀਂ ਜਪਦੇ-

*ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ ।।*
*ਪੰਨਾ - 1328*

ਅਸੱਤਿ ਦੇ ਤਿਆਗੀ ਹੁੰਦੇ ਹਨ, ਸਤਿ ਦੇ ਜੀਵਨ ਦੇ ਧਾਰਨੀ ਹੋਇਆ ਕਰਦੇ ਹਨ। ਇੰਦ੍ਰੀ ਜਿਤ ਜਤੀ ਹੋਇਆ ਕਰਦੇ ਹਨ।

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।।* *ਪੰਨਾ - 274*

*ਕਰਨ ਨ ਸੁਨੈ ਕਾਹੂ ਕੀ ਨਿੰਦਾ।।* *ਪੰਨਾ - 274*

ਮਨ ਵਿਚ ਵਿਕਾਰ ਨਹੀਂ ਚਿਤਵਦੇ, ਧੀਰਜ ਦੇ ਧਾਰਨ ਵਾਲੇ ਹੋਇਆ ਕਰਦੇ ਹਨ। ਖਿਮਾ ਕਰ ਦੇਣਾ ਇਨ੍ਹਾਂ ਦਾ ਆਤਮ ਸ਼ਿੰਗਾਰ ਹੁੰਦਾ ਹੈ। ਸਰਬ ਜੀਆਂ ਉਤੇ ਦਇਆ ਕਰਦੇ ਹਨ ਅਤੇ ਸੇਵਾ ਕਰਦੇ ਹਨ, ਬਚਨਾਂ ਵਿਚ ਹੱਦ ਦਰਜੇ ਦੀ ਕੋਮਲਤਾ ਹੁੰਦੀ ਹੈ। 'ਅਲਪ ਅਹਾਰ ਸੁਲਪ ਸੀ ਨਿੰਦ੍ਰਾ' ਦੇ ਧਾਰਨੀ ਹੋਇਆ ਕਰਦੇ ਹਨ। ਆਪਣੇ ਦੁਆਲੇ ਸਦਾ ਹੀ ਪਵਿਤਰ ਵਾਤਾਵਰਣ ਰਖਦੇ ਹਨ। ਨਿਸ਼ਕਾਮ ਸੇਵਾ ਕਰਨਾ ਉਸ ਦੇ ਜੀਵਨ ਦਾ ਧੇਅ ਹੋਇਆ ਕਰਦਾ ਹੈ। ਅਸ਼ਲੀਲ ਭਾਸ਼ਾ ਕਦੇ ਨਹੀਂ ਬੋਲਦੇ। ਯਾਨਿ ਕਿ ਮਨ, ਬੁੱਧੀ, ਬਚਨ ਅਤੇ ਸਰੀਰਕ ਪਵਿਤਰਤਾ ਦੀ ਮੂਰਤਿ ਹੋਇਆ ਹੋਇਆ ਹਨ। ਤ੍ਰਿਸ਼ਨਾ ਤੋਂ ਪੂਰੀ ਤਰ੍ਹਾਂ ਰਹਿਤ ਹੋਇਆ ਕਰਦੇ ਹਨ। ਸਦਾ ਹੀ ਜੀਅ ਦਾਨ ਦੇ ਕੇ ਭੁਲਿਆਂ-ਭਟਕਿਆਂ ਨੂੰ ਪ੍ਰਭੂ ਦੇ ਰਾਹ ਪਾਉਂਦੇ ਹਨ ਅਤੇ ਵਾਹਿਗੁਰੂ ਦਾ ਭਰੋਸਾ ਆਪ ਵੀ ਰਖਦੇ ਹਨ ਤੇ ਦੂਸਰਿਆਂ ਨੂੰ ਭੀ ਇਸ ਭਰੋਸੇ ਬਾਰੇ ਸੁਚੇਤ ਕਰਦੇ ਹਨ। ਸੇਵਾ ਦੇ ਪੁੰਜ ਹੋਇਆ ਕਰਦੇ ਹਨ। ਆਪਣੇ ਆਪ ਨੂੰ ਖੇਚਲਾਂ ਵਿਚ ਪਾ ਕੇ ਵੀ ਸੰਸਾਰ ਦੇ ਉਧਾਰ ਲਈ ਸਦਾ ਹੀ ਤਤਪਰ ਰਹਿੰਦੇ ਹਨ। ਕਿਸੇ ਕਿਸਮ ਦਾ ਪਖੰਡ ਧਾਰਨ ਨਹੀਂ ਕਰਦੇ, ਨਾ ਹੀ ਕੋਈ ਭੇਖ ਧਾਰਨ ਕਰਦੇ ਹਨ ਅਤੇ ਨਾ ਹੀ ਕੋਈ ਪਾਖੰਡੀ ਰਚਨਾ ਰਚਦੇ ਹਨ। ਆਪਣੀ ਨਿੱਜੀ ਪ੍ਰਭੂਤਾ ਦਾ ਪੂਰੀ ਤਰ੍ਹਾਂ ਨਾਲ ਤਿਆਗ ਕਰਦੇ ਹਨ। ਕਿਸੇ ਕਿਸਮ ਦਾ ਵੀ ਆਡੰਬਰ ਆਪਣੀ ਮਹਿਮਾ ਲਈ ਨਹੀਂ ਰਚਿਆ ਕਰਦੇ। ਸਦਾ ਹੀ ਸਾਂਤਕੀ ਬਿਰਤੀ ਵਿਚ ਸੰਸਾਰ ਵਿਚ ਵਰਤਦੇ ਹਨ। ਨਿਮਰਤਾ ਸੰਤਾਂ ਦਾ ਗਹਿਣਾ ਹੋਇਆ ਕਰਦਾ ਹੈ। ਮਿਠਾਸ ਭਰੀ ਬਾਣੀ ਬੋਲ ਕੇ ਆਪਣੇ ਹਿਰਦੇ ਦੀ ਅਪਣੱਤ ਭਰੀ ਭਾਵਨਾ ਰਾਹੀਂ ਦੂਸਰਿਆਂ ਦੇ ਮਨ ਨੂੰ ਮੋਹਦੇ ਹਨ। ਭੁੱਖਿਆਂ ਲਈ ਸਦਾ ਹੀ ਲੰਗਰ ਚਲਾਉਂਦੇ ਹਨ ਅਤੇ ਸਾਰਾ ਸਮਾਂ ਸੇਵਾ ਵਿਚ ਲਾਉਂਦੇ ਹਨ। ਬੇਅੰਤ ਮਹਾਂ-ਮੂੜ ਅਗਿਆਨੀ ਸੰਤਾਂ ਬਾਰੇ ਮਨ ਕਲਪਿਤ ਦੋਸ਼ ਅਰੋਪਣ ਕਰਕੇ ਵੱਡੀਆਂ ਸਟੇਜਾਂ ਤੇ ਬਾਹਾਂ ਚੁਕ-ਚੁਕ ਕੇ ਬਦਨਾਮ ਕਰਨ ਦਾ ਜਤਨ ਕਰਨ ਵਾਲਿਆਂ ਨੂੰ ਭੀ ਅਸੀਸ ਹੀ ਦਿਆ ਕਰਦੇ ਹਨ

ਅਤੇ ਕਹਿੰਦੇ ਹਨ ਕਿ ਹੇ ਵਾਹਿਗੁਰੂ ਜੀ! ਇਸ ਭੁੱਲੜ ਬੰਦੇ ਨੂੰ ਵੀ ਤੂੰ ਸੋਝੀ ਬਖਸ਼। ਸੰਤਾਂ ਦਾ ਇਹ ਜੀਵਨ ਆਮ ਸਮਝ ਵਿਚ ਆਉਣ ਵਾਲਾ ਨਹੀਂ ਹੋਇਆ ਕਰਦਾ। ਅਜਿਹੇ ਪੁਰਸ਼ਾਂ ਦੀ ਜਿੰਨੀ ਮਹਿਮਾ ਕੀਤੀ ਜਾਵੇ, ਉਤਨਾ ਹੀ ਆਪਣਾ ਭਲਾ ਹੋਇਆ ਕਰਦਾ ਹੈ ਕਿਉਂਕਿ ਵਾਹਿਗੁਰੂ ਨੂੰ ਆਪਣੇ ਪਿਆਰ ਵਿਚ ਰਤਿਆਂ ਦੀ ਉਸਤਤਿ ਅਤੇ ਉਨ੍ਹਾਂ ਦੀ ਕੀਤੀ ਹੋਈ ਸੇਵਾ ਭਾਇਆ ਕਰਦੀ ਹੈ। ਉਹ ਕਦੇ ਵੀ ਆਪਣੇ ਸੀਤਲ ਸੁਭਾਅ ਨੂੰ ਆਪਣੇ ਅੰਦਰੋਂ ਨਹੀਂ ਗਵਾਉਂਦੇ। ਭਾਵੇਂ ਅਸੰਤ ਕਿੰਨੀਆਂ ਹੀ ਕੌੜੀਆਂ, ਕੁਸੈਲੀਆਂ, ਜ਼ਹਿਰਲੀਆਂ ਗੱਲਾਂ ਦੇ ਬਾਣ ਕਿਉਂ ਨਾ ਚਲਾਵੇ। ਉਹ ਸ਼ਾਂਤੀ ਨਹੀਂ ਛੱਡਿਆ ਕਰਦੇ। ਫੁਰਮਾਨ ਹੈ -

*ਕਬੀਰ ਸੰਤੁ ਨ ਛਾਡੈ ਸੰਤਈ*
*ਜਉ ਕੋਟਿਕ ਮਿਲਹਿ ਅਸੰਤ॥*
*ਮਲਿਆਗਰੁ ਭੁਯੰਗਮ ਬੇਢਿਓ*
*ਤ ਸੀਤਲਤਾ ਨ ਤਜੰਤ॥* *ਪੰਨਾ - 1373*

ਇਸ ਬਾਰੇ ਇਕ ਕਥਾ ਹੈ, ਸੰਤ ਬੁੱਧੂ ਜੀ ਪੱਛਮੀ ਪੰਜਾਬ ਵਿਚ ਸ਼ਾਹਪੁਰ ਦੇ ਨੇੜੇ ਰਿਹਾ ਕਰਦੇ ਸਨ। ਆਪ ਜੀ ਲੰਗਰ ਬਣਾਉਣ ਤੇ ਛਕਾਉਣ ਦੀ ਸੇਵਾ ਆਪਣੇ ਹੱਥੀਂ ਕਰਿਆ ਕਰਦੇ ਸਨ। ਆਪ ਜੀ ਪੂਰਨ ਸ਼ਕਤੀਆਂ ਦੇ ਮਾਲਕ ਸਨ ਪਰ ਕਦੇ ਵੀ ਭੁੱਲ ਕੇ ਸ਼ਕਤੀਆਂ ਦਾ ਪ੍ਰਯੋਗ ਨਹੀਂ ਕਰਿਆ ਕਰਦੇ ਸਨ। ਇਕ ਵਾਰੀ ਉਨ੍ਹਾਂ ਦੇ ਪਾਸ ਇਕ ਜੋਗੀ ਆਇਆ ਜਿਸਦੇ ਪਾਸ ਰਿਧੀਆਂ-ਸਿਧੀਆਂ ਦੇ ਭੰਡਾਰ ਸਨ ਅਤੇ ਉਹ ਆਮ ਤੌਰ ਤੇ ਵਰਤ ਕੇ ਲੋਕਾਂ ਨੂੰ ਮੋਹਿਤ ਕਰਿਆ ਕਰਦਾ ਸੀ ਅਤੇ ਆਪਣੇ ਪਿਛੇ ਲਾ ਲਿਆ ਕਰਦਾ ਸੀ। ਉਸ ਪ੍ਰੇਮੀ ਨੇ ਸੰਤ ਭਾਈ ਬੁੱਧੂ ਜੀ ਦੇ ਲੰਗਰਾਂ ਵਾਸਤੇ ਅਤੇ ਹੋਰ ਬਹੁਤ ਸਾਰੇ ਖਰਚ ਦੇਖ ਕੇ ਮਨ ਵਿਚ ਸੋਚਿਆ ਕਿ ਜੇ ਮੈਂ ਇਸਨੂੰ ਚਾਂਦੀ ਬਣਾਉਣ ਦਾ ਨੁਸਖਾ ਦਸ ਦੇਵਾਂ ਤਾਂ ਇਹਦੇ ਖਰਚਾਂ ਲਈ ਪੈਸੇ ਦਾ ਇੰਤਜ਼ਾਮ ਸਹਿਜੇ ਹੀ ਹੋ ਜਾਇਆ ਕਰੇਗਾ। ਸੋ ਉਸਨੇ ਸੰਤ ਬੁੱਧੂ ਜੀ ਨੂੰ ਇਕਾਂਤ ਵਿਚ ਮਿਲਕੇ ਕਿਹਾ ਕਿ ਸੰਤ ਜੀ! ਮੈਂ ਤੁਹਾਡੇ ਪਾਸ ਰਹਿ ਕੇ ਵੇਖਿਆ ਹੈ ਕਿ ਤੁਹਾਡਾ ਖਰਚ ਬਹੁਤ ਆਉਂਦਾ ਹੈ, ਇਸਦੇ ਵਾਸਤੇ ਮੈਂ ਤੁਹਾਡੀ ਕੁਝ ਮਦਦ ਕਰਨੀ ਚਾਹੁੰਦਾ ਹਾਂ ਅਤੇ ਤੁਹਾਨੂੰ ਚਾਂਦੀ ਬਣਾਉਣ ਦਾ ਨੁਸਖਾ ਦਸਣਾ ਚਾਹੁੰਦਾ ਹਾਂ। ਆਪ ਕ੍ਰਿਪਾ ਕਰਕੇ ਥੋੜ੍ਹਾ ਜਿਹਾ ਧਿਆਨ ਐਧਰ ਵੀ ਦੇਵੋ, ਤਾਂ ਸੰਤ ਬੁੱਧੂ ਜੀ ਨੇ ਕਿਹਾ ਕਿ ਪ੍ਰੇਮੀਆਂ! ਅਸੀਂ ਜੋ ਕੁਝ ਵੀ ਕਰ ਰਹੇ ਹਾਂ, ਇਹ ਇਕ ਮਾਲਕ ਦੇ ਚਾਕਰ ਵਲੋਂ ਹੀ ਹੋ ਰਿਹਾ ਹੈ, ਉਹ ਰਸਦਾਂ ਭੇਜਦੇ ਹਨ, ਉਹ ਹੀ ਮਾਇਆ ਭੇਜਦੇ ਹਨ, ਅਸੀਂ ਜੋ ਕੁਝ ਮਾਲਕ ਵਲੋਂ ਭੇਜਿਆ ਆਉਂਦਾ ਹੈ ਉਸਦੀ ਸਹੀ ਵਰਤੋਂ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਜਿਥੇ ਲੋੜ ਹੁੰਦੀ ਹੈ ਉਥੇ ਉਹ ਮਾਇਆ ਲਗ ਜਾਇਆ ਕਰਦੀ ਹੈ। ਵੈਸੇ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਨਾਮ ਦੀ ਅਮੁਲ ਦਾਤ ਬਖਸ਼ੀ ਹੈ।

ਇਸ ਨਾਮ ਦੀ ਮਹਾਨ ਸ਼ਕਤੀ ਨੂੰ ਸੰਸਾਰ ਵਿਚ ਕੋਈ ਵੀ ਨਹੀਂ ਜਾਣਦਾ। ਇਸ ਵਿਚ ਸਾਰੀਆਂ ਰਿਧੀਆਂ-ਸਿਧੀਆਂ ਆਦਿ ਤਾਕਤਾਂ ਹਨ। ਜਿਸਦੇ ਹਿਰਦੇ ਵਿਚ ਨਾਮ ਵਸ ਜਾਵੇ, ਉਸਦੇ ਪਿੱਛੇ ਹੱਥ ਬੰਨ੍ਹੀ ਬੇਨਤੀਆਂ ਕਰਦੀਆਂ, ਆਪਣੀ ਸੇਵਾ ਅਰਪਣ ਕਰਦੀਆਂ ਫਿਰਦੀਆਂ ਹਨ ਪਰ ਪ੍ਰਭੂ ਦੇ ਨਾਮ ਦਾ ਰਸੀਆ ਇਨ੍ਹਾਂ ਵਲ ਅੱਖ ਚੁੱਕ ਕੇ ਵੀ ਨਹੀਂ ਦੇਖਦਾ ਕਿਉਂਕਿ ਇਹ ਮਾਇਆ ਮੰਡਲ ਦੀ ਆਖਰੀ ਮੋਹ ਲੈਣ ਵਾਲੀ ਸ਼ਕਤੀ ਹੈ ਅਤੇ ਪ੍ਰਾਕ੍ਰਿਤਕ ਮੰਡਲ ਤੋਂ ਅਕਾਲ ਮੰਡਲ ਵਿਚ ਪਹੁੰਚਣ ਵਾਲੀ ਹੱਦ ਤੇ ਸਾਧਕਾਂ ਨੂੰ ਮੋਹ ਕੇ ਆਪਣੇ ਵਿਚ ਹੀ ਫਸਾਉਣ ਵਾਲੀ ਹੈ। ਇਸ ਸ਼ਕਤੀ ਨੂੰ ਗੁਰੂ ਮਹਾਰਾਜ ਜੀ ਨੇ ਧ੍ਰਿਕਾਰ ਕਿਹਾ ਹੈ ਅਤੇ ਨਾਮ ਦੇ ਰਸੀਏ ਨੂੰ ਧੰਨ ਕਿਹਾ ਹੈ। ਸੋ ਪਿਆਰਿਆ! ਸਾਨੂੰ ਕਿਸੇ ਚਾਂਦੀ, ਸੋਨੇ ਦੀ ਲੋੜ ਨਹੀਂ ਹੈ, ਤੂੰ ਇਹ ਨੁਸਖੇ ਆਪਣੇ ਪਾਸ ਹੀ ਰੱਖ। ਉਸ ਜੋਗੀ ਨੇ ਇਹ ਬਚਨ ਸਮਝਣ ਦਾ ਜਤਨ ਹੀ ਨਾ ਕੀਤਾ ਅਤੇ ਮਹਾਂਪੁਰਸ਼ਾਂ ਦੇ ਸਾਹਮਣੇ ਹੀ ਪਾਰੇ ਤੇ ਕਲੀ ਦੀ ਵਰਤੋਂ ਕਰਕੇ ਚਾਂਦੀ ਬਣਾ ਦਿਤੀ। ਬਜ਼ਾਰ ਵਿਚ ਵੇਚ ਕੇ ਮਾਇਆ ਲਿਆ ਕੇ ਚਰਨਾਂ ਵਿਚ ਭੇਟ ਕਰਨ ਲਗਿਆ ਤਾਂ ਮਹਾਂਪੁਰਸ਼ਾਂ ਨੇ ਵਰਜ ਦਿਤਾ ਕਿ ਅਸੀਂ ਤਾਂ ਸਿਰਫ ਦਸਾਂ ਨਹੁੰਆਂ ਦੀ ਪਵਿਤਰ ਕਿਰਤ ਕਰਨ ਵਾਲੇ ਪ੍ਰੇਮੀ ਵਲੋਂ ਹੀ ਆਈ ਮਾਇਆ ਅੰਗੀਕਾਰ ਕਰਿਆ ਕਰਦੇ ਹਾਂ। ਦਸਾਂ ਨਹੁੰਆਂ ਦੀ ਕਮਾਈ ਵਿਚੋਂ ਦਸਵੰਧ ਦਿਤਾ ਹੋਇਆ ਹੀ ਫਲਿਆ ਕਰਦਾ ਹੈ। ਉਸ ਜੋਗੀ ਨੇ ਚਾਂਦੀ ਬਣਾਉਣ ਦਾ ਨੁਸਖਾ ਲਿਖਿਆ ਅਤੇ ਸੰਭਾਲਣ ਲਈ ਮਹਾਂਪੁਰਸ਼ਾਂ ਨੂੰ ਕਿਹਾ। ਸੰਤ ਬੁੱਧੂ ਜੀ ਨੇ ਉਹ ਨੁਸਖਾ ਅਲਮਾਰੀ ਵਿਚ ਰਖਾ ਦਿਤਾ ਅਤੇ ਕੋਈ ਵਿਸ਼ੇਸ਼ ਧਿਆਨ ਨਾ ਦਿਤਾ, ਨਾ ਹੀ ਤਾਲਾ ਲਾਇਆ ਅਤੇ ਨਾ ਹੀ ਕਿਤੇ ਛੁਪਾਇਆ। ਉਹ ਜੋਗੀ ਤਾਲਾ ਲਾਉਣ ਦੀ ਤਾਕੀਦ ਕਰਕੇ ਰਮਤਾ ਹੋਇਆ। ਦੋ ਮੀਲ ਜਾ ਕੇ ਉਸਦੇ ਮਨ ਵਿਚ ਖਿਆਲ ਆਇਆ ਕਿ ਇਹ ਕੀਮਤੀ ਨੁਸਖਾ ਕਿਸੇ ਗਲਤ ਬੰਦੇ ਦੇ ਹੱਥ ਵਿਚ ਨਾ ਆ ਜਾਵੇ ਅਤੇ ਉਹ ਚਾਂਦੀ ਬਣਾ ਕੇ ਮਾਇਆ ਨੂੰ ਵਿਸ਼ੇ ਵਿਕਾਰਾਂ ਵਾਸਤੇ ਨਾ ਵਰਤੀ ਜਾਵੇ। ਉਹ ਵਾਪਸ ਸੰਤਾਂ ਪਾਸ ਮੁੜ ਆਇਆ। ਜਦੋਂ ਦੇਖਿਆ ਕਿ ਅਲਮਾਰੀ ਉਸੇ ਤਰ੍ਹਾਂ ਖੁਲ੍ਹੀ ਪਈ ਹੈ, ਬੰਦ ਵੀ ਨਹੀਂ ਕੀਤੀ ਤਾਂ ਉਹ ਸੰਤਾਂ ਦੇ ਪਾਸ ਗਿਆ, ਉਨ੍ਹਾਂ ਨੂੰ ਇਸ ਨੁਸਖੇ ਦੀ ਵਿਸ਼ੇਸ਼ਤਾ ਦਸ ਕੇ ਚੰਗੀ ਤਰ੍ਹਾਂ ਸੰਭਾਲਣ ਲਈ ਬੇਨਤੀ ਕੀਤੀ। ਉਸ ਵੇਲੇ ਸੰਤ ਬੁੱਧੂ ਸ਼ਾਹ ਗੁਰਦਵਾਰੇ ਦੇ ਬਾਹਰ-ਬਾਹਰ ਝਾੜੂ ਦੇਣ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਨੇ ਇਸ ਜੋਗੀ ਦੀ ਮਾਇਆਕਾਰ ਬਿਰਤੀ ਦਾ ਅਨੁਮਾਨ ਲਾਇਆ ਅਤੇ ਉਸਦੇ ਮਾਇਆ ਦੇ ਮੋਹ ਨੂੰ ਤੋੜਨ ਲਈ ਆਪ ਨੇ ਕਿਹਾ ਕਿ ਪ੍ਰੇਮੀਆਂ! ਉਹ ਇੱਟਾਂ ਦੇ ਚੱਠੇ ਉਪਰੋਂ ਮੈਨੂੰ ਕ੍ਰਿਪਾ ਕਰਕੇ ਇਕ ਇੱਟ ਲਿਆ ਦੇ। ਉਸਨੇ ਇੱਟ ਚੁਕ ਲਈ, ਜਦੋਂ ਧਿਆਨ ਨਾਲ ਦੇਖੀ ਤਾਂ ਉਹ ਇੱਟ ਸੋਨੇ ਦੀ ਸੀ। ਜੋਗੀ ਹੈਰਾਨ ਹੋ ਗਿਆ ਕਿ ਐਤਨੀ ਕੀਮਤੀ ਵਸਤੂ ਬੜੀ ਬੇ-ਧਿਆਨੀ ਨਾਲ ਇਟਾਂ ਦੇ ਚੱਠੇ ਉਪਰ ਰੱਖੀ ਹੋਈ ਹੈ। ਇਹ ਤਾਂ ਹਜ਼ਾਰਾਂ-ਲੱਖਾਂ ਰੁਪਏ ਦਾ ਮਾਲ ਹੈ। ਸੰਤਾਂ ਨੇ ਇੱਟ ਲੈ ਕੇ ਕਿਹਾ ਕਿ ਜੇ ਆਪ ਖੇਚਲ ਨਾ ਮੰਨੋ ਤਾਂ ਪੰਜ-ਚਾਰ ਇੱਟਾਂ ਹੋਰ ਲਿਆ ਦੇਵੋ। ਉਹ ਚੱਠੇ ਵਲ ਆਇਆ ਤਾਂ ਹੈਰਾਨ ਹੋ ਗਿਆ ਕਿ ਇਹ ਤਾਂ ਸਾਰਾ ਚੱਠਾ ਹੀ ਲਿਸ਼ਕਾਰਾਂ ਮਾਰਦਾ ਸੋਨੇ ਦਾ ਹੀ ਹੈ। ਮੁੜ ਕੇ ਜਦ ਗੁਰਦਵਾਰੇ ਵਲ ਦੇਖਿਆ ਤੇ ਹੈਰਾਨੀ ਦੀ ਹੱਦ ਨਾ ਰਹੀ ਕਿ ਸਾਰੇ ਗੁਰਦਵਾਰੇ ਦੀਆਂ ਦੀਵਾਰਾਂ ਝਿਲਮਿਲ-ਝਿਲਮਿਲ ਕਰਦੀਆਂ ਸੂਰਜ ਦੇ ਪਰਤਵੇਂ ਪ੍ਰਕਾਸ਼ ਦੀ ਪੀਲੀ ਭਾਅ ਮਾਰ ਰਹੀਆਂ ਹਨ। ਮਹਾਂਪੁਰਸ਼ਾਂ ਦੇ ਆ ਕੇ ਚਰਨ ਫੜ ਲਏ ਅਤੇ ਕਿਹਾ, ਮਹਾਰਾਜ! ਮੇਰੇ ਅੰਦਰ ਚਾਂਦੀ ਬਣਾਉਣ ਦਾ ਨੁਸਖਾ ਪ੍ਰਾਪਤ ਕਰਕੇ ਬਹੁਤ ਵੱਡਾ ਅਭਿਮਾਨ ਸੀ। ਆਪ ਦੀ ਕ੍ਰਿਪਾ ਨਾਲ ਅੱਜ ਮੈਨੂੰ ਸੋਝੀ ਪਈ ਹੈ ਕਿ ਆਪ ਨੇ ਜਿਸ 'ਨਾਮ' ਦਾ ਜ਼ਿਕਰ ਕੀਤਾ ਹੈ ਉਸਦੀ ਸਚਮੁਚ ਹੀ ਕੋਈ ਮਹਿਮਾ ਨਹੀਂ ਕਰ ਸਕਦਾ। ਮੈਨੂੰ ਉਸ ਨਾਮ ਦੀ ਸੋਝੀ ਬਖਸ਼ੋ ਤੇ ਆਪਣੇ ਚਰਨਾਂ ਵਿਚ ਨਿਵਾਸ ਦੇਵੋ।

ਅਜਿਹੇ ਮਹਾਂਪੁਰਸ਼ਾਂ ਵਿਚ ਧੀਰਜ ਦਾ ਅਮੁੱਕ ਭੰਡਾਰ ਸੀ। ਜਿਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਬ੍ਰਹਮ ਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥ ਪੰਨਾ - 272*

ਆਪ ਜੀ ਨੇ ਉਸ ਅਸਥਾਨ ਦੇ ਨੇੜਿਓਂ ਹਰ ਰੋਜ਼ ਲੰਗਰ ਵਾਲੇ ਰਾਹੀਆਂ ਦਾ ਧਿਆਨ ਕਰਕੇ ਸਦੀਵ ਲੰਗਰ ਚਲਾਉਣ ਲਈ ਇਕ ਚੌਰਾਹੇ ਵਿਚ ਛੋਟੀ ਜਿਹੀ ਝੌਂਪੜੀ ਬਣਾ ਕੇ ਤੰਦੂਰ ਲਾ ਲਿਆ। ਆਇਆਂ-ਗਿਆਂ, ਖੁਧੀਆਬੰਤਾਂ ਵਾਸਤੇ ਲੰਗਰ ਤਿਆਰ ਕਰਕੇ ਛਕਾਇਆ ਕਰਦੇ ਸਨ। ਇਕ ਦਿਨ ਇਕ ਹੰਕਾਰੀ ਮੁਗਲ ਸੈਨਿਕ ਆ ਗਿਆ ਅਤੇ ਅਵਾਜ਼ ਦੇ ਕੇ ਕਿਹਾ, "ਓ ਬੁੱਧੂ! ਹਮਾਰੇ ਲੀਏ ਖਾਨਾ ਲਾਓ।" ਉਨ੍ਹਾਂ ਨੇ ਬੜੇ ਪ੍ਰੇਮ ਨਾਲ ਥਾਲੀ ਵਿਚ ਪ੍ਰਸ਼ਾਦੇ, ਸਬਜ਼ੀ ਸਮੇਤ ਦਿਤੇ। ਇਕ ਪ੍ਰਸ਼ਾਦੇ ਨੂੰ ਮਾਮੂਲੀ ਜਿਹਾ ਵੱਧ ਸੇਕ ਲੱਗਣ ਕਰਕੇ ਦਾਗ ਪੈ ਗਿਆ ਸੀ ਤਾਂ ਉਸਨੇ ਕੜਕ ਕੇ ਕਿਹਾ ਕਿ ਮੇਰੇ ਲਈ ਕਿਹੋ ਜਿਹੀ ਰੋਟੀ ਲੈ ਕੇ ਆਇਆਂ ਹੈਂ; ਤੈਨੂੰ ਪਤਾ ਨਹੀਂ ਮੈਂ ਕੌਣ ਹਾਂ? ਐਨਾ ਕਹਿੰਦੇ ਹੀ ਉਸਨੇ ਪੂਰੇ ਜ਼ੋਰ ਨਾਲ ਬੁੱਧੂ ਜੀ ਦੇ ਮੂੰਹ ਤੇ ਥੱਪੜ ਮਾਰਿਆ। ਤਾਂ ਬੁੱਧੂ ਜੀ ਨੇ ਆਪਣੀ ਦੂਸਰੀ ਗਲ੍ਹ ਸਾਹਮਣੇ ਕਰਦਿਆਂ ਕਿਹਾ ਕਿ ਖਾਨ ਜੀ! ਮੇਰੇ ਵਿਚ ਅਕਲ ਬਹੁਤ ਘੱਟ ਹੋਣ ਕਰਕੇ ਮੇਰੀ ਮਾਂ ਨੇ ਮੇਰਾ ਨਾਮ 'ਬੁੱਧੂ' ਹੀ ਰੱਖਿਆ ਹੈ, ਇਸਨੂੰ ਜ਼ਰੂਰ ਮਤ ਦੇਵੋ। ਉਸਨੇ ਦੂਸਰੇ ਹੱਥ ਦੀ ਚਪੇੜ, ਦੂਸਰੇ ਪਾਸੇ ਮਾਰੀ ਅਤੇ ਜ਼ੋਰ ਨਾਲ ਲੱਤ ਮਾਰੀ। ਬੁੱਧੂ ਜੀ ਨੇ ਦੂਜੀ ਵਾਰੀ ਪ੍ਰਸ਼ਾਦੇ ਤਿਆਰ ਕਰਕੇ ਬੜੀ ਸਾਵਧਾਨੀ ਨਾਲ ਉਸਨੂੰ ਛਕਾਏ। ਪ੍ਰਸ਼ਾਦੇ ਛਕ ਕੇ ਉਹ ਅਜੇ ਆਪਣੇ ਘੋੜੇ ਤੇ ਸਵਾਰ ਹੋ ਕੇ ਮਸਾਂ ਦੋ ਸੌ ਗਜ਼ ਹੀ ਗਿਆ ਹੋਣਾ ਹੈ ਕਿ ਉਸਦਾ ਘੋੜਾ ਅਲਫ਼ ਹੋ ਗਿਆ ਤੇ ਉਹ ਘੋੜੇ ਤੋਂ ਹੇਠਾਂ ਗਿਰ ਗਿਆ, ਉਸਦਾ ਪੱਟ ਟੁੱਟ ਗਿਆ ਅਤੇ ਉਹ ਦੁਹਾਈਆਂ ਦੇਣ ਲਗਿਆ। ਉਸਦੀ ਹਾਇ-ਕੁਰਲਾਹਟ ਸੁਣ ਕੇ ਸੰਤ ਬੁੱਧੂ ਜੀ ਆਪਣੇ ਸਿਰ ਤੇ ਮੰਜਾ ਚੁਕ ਕੇ ਉਸਦੇ ਪਾਸ ਪਹੁੰਚੇ। ਇਕ-ਦੋ ਪ੍ਰੇਮੀਆਂ ਦੀ ਮਦਦ ਨਾਲ ਮੰਜੇ ਤੇ ਲਿਟਾਇਆ ਅਤੇ ਆਪ ਖੇਚਲ ਕਰਕੇ ਕਿਤੋਂ ਦੂਰੋਂ ਨੇੜਿਓਂ ਹੱਡੀਆਂ ਬੰਨ੍ਹਣ ਵਾਲੇ ਨੂੰ ਲਿਆਏ। ਉਸਦਾ ਪੱਟ ਬੰਨ੍ਹਵਾ ਕੇ ਉਸਦੀ ਕਈ ਮਹੀਨੇ ਲਗਾਤਾਰ ਬਹੁਤ ਹੀ ਪ੍ਰੇਮ ਨਾਲ ਸੇਵਾ ਕੀਤੀ। ਜਦੋਂ ਉਹ ਰਾਜ਼ੀ ਹੋ ਗਿਆ ਤਾਂ ਉਸਨੂੰ ਆਪਣੀ ਭੁੱਲ ਦੇ ਉਪਰ ਬਹੁਤ ਹੀ ਪਸ਼ਚਾਤਾਪ ਸੀ। ਜਾਣ ਤੋਂ ਪਹਿਲਾਂ ਕਹਿਣ ਲੱਗਿਆ ਕਿ ਹੇ ਫਕੀਰ ਸਾਂਈ! ਮੈਂ ਆਪਣੀ ਕਰਨੀ ਦਾ ਫਲ ਪਾ ਲਿਆ ਹੈ ਪਰ ਮੈਂ ਇਕ ਗੱਲ ਨੂੰ ਦੁਨੀਆਂ ਵਿਚ ਨਸ਼ਰ ਕਰਾਂਗਾ (ਫੈਲਾਵਾਂਗਾ) ਕਿ ਗੁਰੂ ਨਾਨਕ ਦੇ ਘਰ ਦੇ ਸਾਧੂ ਨਿਰੇ ਹੀ ਫਰਿਸ਼ਤੇ ਹਨ, ਉਨ੍ਹਾਂ ਲਈ ਨਾ ਹੀ ਕੋਈ ਆਪਣਾ ਹੈ ਤੇ ਨਾ ਹੀ ਕੋਈ ਬੇਗਾਨਾ ਹੈ। ਉਨ੍ਹਾਂ ਦਾ ਹਿਰਦਾ ਕੀਨੇ ਤੋਂ ਬਿਲਕੁਲ ਸਾਫ ਹੈ ਅਤੇ ਸੂਰਜ ਵਾਂਗੂੰ ਚਮਕਦਾ ਹੈ। ਅੱਜ ਤੋਂ ਮੈਂ ਤਨੋ ਮਨੋ ਬਾਬਾ ਨਾਨਕ ਦੇ ਮੁਰੀਦਾਂ ਦਾ ਸਤਿਕਾਰ ਕਰਾਂਗਾ। ਤੁਸੀਂ ਮੈਨੂੰ ਸੁਮੱਤਿ ਦਿਤੀ ਹੈ।

ਸੋ ਇਸ ਤਰ੍ਹਾਂ ਨਾਲ ਅਨੇਕ ਸੰਤਾਂ ਦੇ ਜੀਵਨ ਵਿਚ ਮਿਸਾਲਾਂ ਹਨ ਕਿ ਸੰਤ ਕਦੇ ਵੀ ਸ਼ਾਂਤੀ ਨਹੀਂ ਛੱਡਦੇ ਭਾਵੇਂ ਹੰਕਾਰੀ ਪੁਰਸ਼ ਕਿੰਨੀ ਹੀ ਦ੍ਵੈਸ਼ ਉਨ੍ਹਾਂ ਨਾਲ ਕਰਦੇ ਰਹਿਣ। ਫੁਰਮਾਨ ਹੈ -

*ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥*
*ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥*
*ਪੰਨਾ - 1357*

ਇਸੇ ਲਈ ਮਹਾਰਾਜ ਜੀ ਨੇ ਫੁ... ਸਾਧੂਆਂ ਦੀ ਸੰਗਤ ਕਰਨੀ
ਰਾਗ ਦ੍ਵੈਸ਼ ਤੋਂ ਨਿਆਰੇ ਰਹਿਣ ਵਾਲੇ ਸਾਧੂਆਂ ਦੀ ਸੰਗਤ ਕਰਨੀ ਚਾਹੀਦੀ ਹੈ। ਜਿਨ੍ਹਾਂ ਦੇ ਮਿਲਣ ਤੋਂ ਰਾਗ, ਦ੍ਵੈਸ਼ ਪੈਦਾ ਹੋਵੇ, ਜਿਹੜੇ ਆਪਣੇ ਮਤਲਬ ਦੀ ਪੂਰਤੀ ਵਾਸਤੇ ਦੁਨੀਆਂ ਨੂੰ ਪੁੱਠੀਆਂ-ਸਿਧੀਆਂ ਗੱਲਾਂ ਕਰਕੇ ਭਰਮਾਉਣ, ਉਨ੍ਹਾਂ ਦੀ ਸੰਗਤ ਕਰਨਾ ਗੁਰੂ ਮਹਾਰਾਜ ਜੀ ਵਲੋਂ ਪੂਰਨ ਰੂਪ ਵਿਚ ਵਰਜਿਤ ਹੈ-

*ਸਚੀ ਬੈਸਕ ਤਿਨਾ ਸੰਗਿ*
*ਜਿਨ ਸੰਗਿ ਜਪੀਐ ਨਾਉ॥*
*ਤਿਨ ਸੰਗਿ ਸੰਗੁ ਨ ਕੀਚਈ*
*ਨਾਨਕ ਜਿਨਾ ਆਪਣਾ ਸੁਆਉ॥ ਪੰਨਾ - 520*

ਪਰ ਅਜਿਹੇ ਪੁਰਸ਼ ਬਹੁਤ ਹੀ ਵਿਰਲੇ ਹੋਇਆ ਕਰਦੇ ਹਨ, ਜੇ ਆਦਮੀ ਦੇ ਪੁੰਨ ਕਰਮ ਜਾਗ ਪੈਣ ਤਾਂ ਅਜਿਹੇ ਪੁਰਸ਼ਾਂ ਦਾ ਮੇਲ ਹੋ ਜਾਇਆ ਕਰਦਾ ਹੈ -

*ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥*
*ਪੰਨਾ - 520*

ਇਹ ਮੁਕਤ ਆਤਮਾਵਾਂ ਵਾਹਿਗੁਰੂ ਦੇ ਹੁਕਮ ਵਿਚ ਸੰਸਾਰ ਨੂੰ ਸਿੱਧਾ ਰਾਹ ਦਿਖਾਉਣ ਵਾਸਤੇ ਸੰਸਾਰ ਵਿਚ ਭੇਜੀਆਂ ਜਾਂਦੀਆਂ ਹਨ ਪਰ ਇਹ ਵਿਰਲੇ ਹੋਇਆ ਕਰਦੇ ਹਨ। ਭਾਈ ਨੰਦ ਲਾਲ ਜੀ ਇਕ ਰੁਬਾਈ ਦੇ ਵਿਚ ਲਿਖਦੇ ਹਨ ਕਿ ਸੰਸਾਰ ਵਿਚ ਜੋ ਹਰੀ ਦੇ ਪਿਆਰੇ ਆਉਂਦੇ ਹਨ, ਉਹ ਭੁੱਲੜਾਂ ਨੂੰ ਸਿੱਧੇ ਰਾਹ ਪਾਉਣ ਲਈ ਆਉਂਦੇ ਹਨ। ਐ ਗੋਯਾ! ਜੇ ਤੇਰੀਆਂ ਅੱਖਾਂ ਅਕਾਲ ਪੁਰਖ ਦੇ ਦਰਸ਼ਨਾਂ ਦੀਆਂ ਚਾਹਵਾਨ ਹਨ ਤਾਂ ਸਮਝ ਲੈ ਕਿ ਹਰੀ ਦੇ ਭਗਤ, ਹਰੀ ਨੂੰ ਹੀ ਵਿਖਾਲਣ ਲਈ ਆਉਂਦੇ ਹਨ -

*ਦਰ ਦਹਰ ਕਿ ਮਰਦਾਨਿ ਖ਼ੁਦਾ ਆਮਦਹ ਅੰਦ॥*
*ਬਰ ਗੁਮ ਸ਼ੁਦਗਾਂ ਰਾਹਨੁਮਾ ਆਮਦਹ ਅੰਦ॥*
*'ਗੋਯਾ' ਅਗਰ ਈਂ ਚਸ਼ਮਿ ਤੌ ਮੁਸ਼ਤਾਕਿ ਖ਼ੁਦਾ ਅਸਤ॥*
*ਮਰਦਾਨਿ ਖ਼ੁਦਾ ਖ਼ੁਦਾਨੁਮਾ ਆਮਦਹ ਅੰਦ॥*
*(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)*

ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੀ ਦੁਨੀਆਂ ਦੇ ਧਾਰਮਿਕ ਗ੍ਰੰਥਾਂ ਨਾਲੋਂ 'ਸੰਤ' ਅੱਖਰ ਦੀ ਸਭ ਤੋਂ ਵਧ ਕੇ ਵਰਤੋਂ ਕੀਤੀ ਹੈ ਅਤੇ ਬਿਲਕੁਲ ਸਪਸ਼ਟ ਕਰ ਦਿਤਾ ਗਿਆ ਹੈ ਕਿ ਗੁਰੂ ਦਾ ਹੁਕਮ ਜਗਿਆਸੂਆਂ ਲਈ, ਸੰਤਾਂ ਦੀ ਸੰਗਤ ਕਰਨਾ ਹੈ ਅਤੇ ਨਾਲ ਹੀ ਨਿਸ਼ਾਨੀਆਂ ਦੱਸ ਦਿਤੀਆਂ ਗਈਆਂ ਹਨ ਕਿ ਜਿਸ ਪੁਰਸ਼ ਨੂੰ 'ਸੰਤ' ਕਹਿੰਦੇ ਹਾਂ ਉਹਦਾ ਰਹਿਣਾ, ਵਰਤ-ਵਿਹਾਰ, ਬੋਲ-ਚਾਲ, ਜੀਵਨ ਚਾਲ ਕਿਹੋ ਜਿਹੀ ਹੈ। ਆਪ ਜੀ ਫੁਰਮਾਨ ਕਰਦੇ ਹਨ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਪੰਨਾ - 319*

ਇਕ ਹੋਰ ਥਾਂ ਫੁਰਮਾਨ ਹੈ -

*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ*
*ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥*
*ਮਸਤਕਿ ਭਾਗੁ ਹੋਵੈ ਜਿਸੁ ਲਿਖਿਆ*
*ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮਾਰਿ॥*

*ਪੰਨਾ - 1135*

ਭਗਤ ਰਵੀਦਾਸ ਜੀ ਨੇ ਅਜਿਹੇ ਮਹਾਂਪੁਰਸ਼ਾਂ ਦਾ ਜ਼ਿਕਰ ਕਰਦੇ ਹੋਏ ਫੁਰਮਾਇਆ ਹੈ ਕਿ ਹੇ ਵਾਹਿਗੁਰੂ! ਸੰਤ ਜੋ ਤੇਰਾ ਹੀ ਤਨ ਹਨ, ਜਿਨ੍ਹਾਂ ਦੀ ਸੰਗਤ ਤੇਰੇ ਪ੍ਰਾਣ (ਜੀਵਨ) ਹਨ, ਉਨ੍ਹਾਂ ਸੰਤਾਂ ਨੂੰ ਆਪਣੇ ਸਤਿਗੁਰੂ ਦੇ ਦਿਤੇ ਹੋਏ ਗਿਆਨ ਨਾਲ ਮੈਂ ਪਛਾਣਿਆ ਹੈ। ਹੇ ਦੇਵਤਿਆਂ ਦੇ ਦੇਵਤੇ (ਹਰੀ), ਮੈਨੂੰ ਸੰਤਾਂ ਦੀ ਸੰਗਤ, ਸੰਤਾਂ ਦੇ ਬਚਨਾਂ ਦਾ ਅਨੰਦ, ਸੰਤਾਂ ਦਾ ਪ੍ਰੇਮ ਦਿਓ। ਸੰਤਾਂ ਦੀ ਕਰਨੀ, ਸੰਤਾਂ ਦੀ ਰਹਿਣੀ (ਆਤਮਕ ਰਸਤਾ) ਮੈਨੂੰ ਦਿਓ ਅਤੇ ਕ੍ਰਿਪਾ ਕਰਕੇ ਸੰਤਾਂ ਦੇ ਸੇਵਕਾਂ ਦੀ ਸੇਵਾ ਦਿਓ। ਹੋਰ ਇਕ ਚੀਜ਼ ਮੰਗਦਾ ਹਾਂ - ਤੇਰੀ ਭਗਤੀ ਜੋ ਸਾਰੀਆਂ ਇਛਿਆਂਵਾਂ ਪੂਰੀਆਂ ਕਰਨ ਵਾਲੀ ਮਣੀ ਹੈ, ਹੇ ਵਾਹਿਗੁਰੂ! ਮੈਨੂੰ ਜੋ ਤੈਥੋਂ ਭੁੱਲੇ ਹੋਏ **ਅਸੰਤ** ਅਤੇ ਪਾਪੀ ਹਨ, ਉਨ੍ਹਾਂ ਦੇ ਮੈਨੂੰ ਕਦੇ ਵੀ ਦਰਸ਼ਨ ਨਾ ਦਿਖਾਈਂ। ਰਵਿਦਾਸ ਜੀ ਕਹਿੰਦੇ ਹਨ ਕਿ ਉਹ ਸਿਆਣਾ ਹੈ ਜੋ ਅੱਛੀ ਤਰ੍ਹਾਂ ਨਾਲ ਜਾਣਦਾ ਹੈ ਕਿ ਸੰਤਾਂ ਅਤੇ ਬੇਅੰਤ ਨਿਰੰਕਾਰ ਵਿਚ ਕੋਈ ਫਰਕ ਨਹੀਂ -

*ਸੰਤ ਤੁਝੀ ਤਨੁ ਸੰਗਤਿ ਪ੍ਰਾਨ॥*
*ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥*
*ਸੰਤ ਚੀ ਸੰਗਤਿ ਸੰਤ ਕਥਾ ਰਸੁ*
*ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥*
*ਸੰਤ ਆਚਰਣ ਸੰਤ ਚੋ ਮਾਰਗੁ*
*ਸੰਤ ਚ ਓਲ੍ਹਗ ਓਲ੍ਹਗਣੀ॥*
*ਅਉਰ ਇਕ ਮਾਗਉ ਭਗਤਿ ਚਿੰਤਾਮਣਿ॥*
*ਜਣੀ ਲਖਾਵਹੁ ਅਸੰਤ ਪਾਪੀਸਣਿ॥*
*ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥*
*ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486*

ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਲਈ ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ -

*ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥*
*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ*
*ਤਿਨ ਕਦੇ ਨ ਚੁਕਨਿ ਹਾਵੇ॥ ਪੰਨਾ - 961*

ਸੋ ਇਕ ਹੋਰ ਥਾਂ ਫੁਰਮਾਨ ਹੈ ਕਿ ਸੰਤ ਦੀ ਇਹ ਨਿਸ਼ਾਨੀ ਹੈ ਜਿਸਨੂੰ ਮਿਲ ਕੇ ਭਵਜਲ ਤਰ ਜਾਈਦਾ ਹੈ, ਜਮ ਨੇੜ ਨਹੀਂ ਆਉਂਦਾ ਅਤੇ ਦੁਬਾਰਾ ਚਉਰਾਸੀ ਦੇ ਚੱਕਰ ਵਿਚ ਪੈਣੋਂ ਬਚ ਜਾਈਦਾ ਹੈ। ਇਹ ਜੋ ਭਵਸਾਗਰ ਹੈ ਜਿਸਨੂੰ ਅਸੀਂ ਸੰਸਾਰ ਆਖਦੇ ਹਾਂ, ਇਹ ਬਿਹੁ ਦਾ ਭਰਿਆ ਹੋਣ ਕਰਕੇ, ਇਸ ਵਿਚ ਸਾਰੇ ਹੀ ਵਾਹਿਗੁਰੂ ਨੂੰ ਭੁੱਲ ਕੇ ਦੁਖੀ ਹਨ। ਇਸ ਬਿਖੜੇ ਭਵਜਲ ਵਿਚੋਂ ਗੁਰਮੁਖਾਂ ਦੀ ਸੰਗਤ ਕਰਕੇ ਤਰ ਜਾਈਦਾ ਹੈ। ਜਿਵੇਂ ਕਿ -

*ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥*
*ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥*
*ਪੰਨਾ - 279*

ਅਤੇ ਗੁਰੂ ਸਾਹਿਬ ਵਲੋਂ ਇਹ ਵੀ ਫੁਰਮਾਨ ਹੈ ਕਿ ਜਿਹੜੇ ਪ੍ਰੇਮੀ ਹਰ ਸਮੇਂ ਰਾਗ, ਦ੍ਵੈਸ਼, ਆਪਣੇ-ਬਿਗਾਨੇ, ਵੈਰ, ਵਿਰੋਧ, ਲਾਲਚ ਵਿਚ ਫਸੇ ਹੋਏ ਆਪਣੇ ਵਾਸਤੇ ਹੀ ਸੋਚਦੇ ਹਨ, ਜਿਨ੍ਹਾਂ ਨੂੰ ਪ੍ਰਭੂ ਦਾ ਗਿਆਨ ਨਾ ਹੋਣ ਕਰਕੇ ਆਪਣਾ ਹੀ ਸੁਆਉ ਰਹਿੰਦਾ ਹੈ, ਦੂਸਰਿਆਂ ਦੀ ਨਿੰਦਿਆ ਵਿਚ, ਦੂਸਰਿਆਂ ਨੂੰ ਛੋਟਾ ਦਿਖਾਉਣ ਵਿਚ ਹਰ ਸਮੇਂ ਖੜਯੰਤਰ ਰਚਦੇ ਰਹਿੰਦੇ ਹਨ; ਅਜਿਹੇ ਭੇਖੀਆਂ, ਲਾਲਚੀਆਂ ਦੇ ਦਰਸ਼ਨ ਕੁਰਾਹੇ ਪਾਉਣ ਨੂੰ ਹਰ ਸਮੇਂ ਤਤਪਰ ਰਿਹਾ ਕਰਦੇ ਹਨ। ਗੁਰੂ ਮਹਾਰਾਜ ਦੀ ਵਾਰਨਿੰਗ ਹੈ ਕਿ ਅਜਿਹੇ ਪੁਰਸ਼ਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ -

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥*
*ਪੰਨਾ - 1371*
*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*
*ਪੰਨਾ - 1102*

ਕਿਉਂਕਿ ਗੁਰਮੁਖਾਂ, ਸੰਤਾਂ, ਸਾਧੂਆਂ, ਫਕੀਰਾਂ, ਆਰਫਾਂ, ਬ੍ਰਹਮਗਿਆਨੀਆਂ ਅਤੇ ਪ੍ਰਮੇਸ਼ਰ ਦੇ ਦਰ ਤੇ ਪ੍ਰਵਾਨ ਹੋਈਆਂ ਮੁਕਤ ਆਤਮਾਵਾਂ ਦੀ ਪਛਾਣ ਕਰਨੀ ਅਸਾਡੇ ਵਸ ਤੋਂ ਬਾਹਰ ਹੈ। ਇਸ ਲਈ ਗੁਰੂ ਮਹਾਰਾਜ ਜੀ ਨੇ ਸਾਨੂੰ ਕੁਝ guide lines ਦਿਤੀਆਂ ਹਨ, ਜਿਨ੍ਹਾਂ ਨੂੰ ਧਿਆਨ ਨਾਲ ਵਿਚਾਰਿਆਂ ਅਸਾਨੂੰ ਅਜਿਹੇ ਵਿਅਕਤੀਆਂ ਦੀ ਪਛਾਣ ਹੋਣ ਦੀ ਸੰਭਾਵਨਾ ਹੋ ਸਕਦੀ ਹੈ; ਕਿਉਂਕਿ ਸਾਡੇ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹਰ ਸਮੇਂ ਸਾਨੂੰ ਸੁਚੇਤ ਕਰਦੇ ਹੋਏ ਅਜਿਹੀਆਂ ਮੁਕਤ ਆਤਮਾਵਾਂ, ਪ੍ਰਵਾਨ ਰੂਹਾਂ, ਪੰਚ ਪਰਵਾਨਾਂ ਪਾਸ ਭੇਜਣ ਦੀ ਤਾਕੀਦ ਕਰਦੇ ਹਨ ਅਤੇ ਬਾਣੀ ਦਾ ਹੁਕਮ ਮੰਨ ਕੇ ਅਸਾਨੂੰ ਹਰ ਸਮੇਂ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਤਾਂਘ ਬਣੀ ਰਹਿੰਦੀ ਹੈ। ਹੇਠਾਂ ਇਕ-ਇਕ ਬਚਨ ਸੰਤ ਰਹਿਤ ਦਾ, ਸੰਤ ਆਚਰਣ ਦਾ, ਸੰਤ ਸੋਚ ਦਾ; ਵਿਚਾਰ ਸਹਿਤ ਅੰਕਿਤ ਕੀਤਾ ਜਾਂਦਾ ਹੈ, ਧਿਆਨ ਨਾਲ ਵਿਚਾਰੋ ਅਤੇ ਨਿਰਣਾ ਲੈਣ ਦਾ ਜਤਨ ਕਰੋ -

*ਆਠ ਪਹਰ ਨਿਕਟਿ ਕਰਿ ਜਾਨੈ॥ ਪੰਨਾ - 392*

ਵਾਹਿਗੁਰੂ ਜੀ ਸਾਰੇ ਪਰਿਪੂਰਨ ਹਨ ਅਤੇ ਇਸ ਸੰਸਾਰ ਵਿਚ ਵਾਹਿਗੁਰੂ ਜੀ ਤੋਂ ਬਗੈਰ ਹੋਰ ਕੋਈ ਗੈਰ ਨਹੀਂ ਹੈ ਪਰ ਦਿਸਦਾ ਕਿਉਂ ਨਹੀਂ? ਇਸ ਲਈ ਅਸਾਨੂੰ ਗੁਰਬਾਣੀ ਵਿਚੋਂ ਸੰਕੇਤ ਮਿਲਦਾ ਹੈ ਕਿ ਮਨਮੁਖਾਂ, ਸਾਕਤਾਂ, ਖੁਦਗਰਜ਼ਾਂ ਦੇ ਨੇਤਰਾਂ ਉਪਰ ਅਗਿਆਨ ਦਾ ਮੋਤੀਆ ਬਿੰਦ ਹੋਣ ਕਰਕੇ ਨਾਲ ਰਹਿੰਦਾ ਵਾਹਿਗੁਰੂ ਨਹੀਂ ਦਿਸਦਾ। ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਨੇਤ੍ਰ ਬਖਸ਼ ਦਿਤੇ ਹਨ, ਦਿਬਯ ਨੇਤਰਾਂ ਦਾ ਪ੍ਰਕਾਸ਼ ਅੰਦਰ ਹੋ ਗਿਆ ਹੈ, ਉਨ੍ਹਾਂ ਨੂੰ ਇਹ ਸਾਰਾ ਸੰਸਾਰ ਹੀ ਵਾਹਿਗੁਰੂ ਦਾ ਰੂਪ ਹੋ ਕੇ ਨਜ਼ਰ ਆਉਂਦਾ ਹੈ, ਜੋ ਇਸ ਸੰਸਾਰ ਦੀ ਅਸਲ ਮੂਰਤਿ ਹੈ।

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ॥*
*ਤੂੰਹੀ ਤੂੰਹੀ ਮੋਹਿਨਾ॥ ਪੰਨਾ - 407*

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ. ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥*

(ਬਾਕੀ ਪੰਨਾ 16 ਤੇ)

# ਰਾੜੇ ਸਾਹਿਬ ਵਾਲੇ ਮਹਾਂਪੁਰਖਾਂ ਦੀ 20ਵੀਂ ਬਰਸੀ

*ਪ੍ਰਿ. ਗੁਰਦਿਆਲ ਸਿੰਘ ਗਰੇਵਾਲ*

ਆਮ ਗੱਲ ਹੈ ਕਿ ਕਿਸੇ ਵੀ ਵਿਅਕਤੀ ਦੇ ਗੁਣਾਂ ਦੀ ਕਦਰ ਉਸ ਦੇ ਸਰੀਰ ਦੇ, ਸੰਸਾਰ ਦੇ ਪਰਦੇ ਤੋਂ ਉਹਲੇ ਹੋਣ ਤੇ ਹੀ ਪ੍ਰਤੀਤ ਹੁੰਦੀ ਹੈ। ਪਰ ਗੁਣਵਾਨ ਵਿਅਕਤੀ ਸਰੀਰ ਦੇ ਭਾਸ ਕਾਲ ਵਿਚ ਵੀ ਗੁਣਾਂ ਦੀ ਕਦਰ ਪਾਉਂਦੇ ਹੋਏ ਉਹਨਾਂ ਦੀ ਵਿਲੱਖਣ ਸਖਸ਼ੀਅਤ ਤੋਂ ਲਾਭ ਵੀ ਪ੍ਰਾਪਤ ਕਰ ਲੈਂਦੇ ਹਨ। ਕੁਝ ਵਿਅਕਤੀ ਸੰਸਾਰ ਦੇ ਪਰਦੇ ਤੇ ਅਜਿਹੇ ਵੀ ਪ੍ਰਗਟ ਹੁੰਦੇ ਹਨ ਜਿਹਨਾਂ ਦੇ ਸਮਾਨ ਸਦੀਆਂ ਤਾਂ ਕੀ, ਜੁਗਾਂ ਦੇ ਬੀਤਣ ਤੇ ਹੀ ਹਰੀ ਰੂਪ ਸੰਸਾਰ ਵਿਚ ਵਿਚਰ ਕੇ ਸੰਸਾਰ ਦੇ ਦੁਖਾਂ ਨੂੰ ਆਪਣੇ ਵਿਚ ਇਸ ਤਰ੍ਹਾਂ ਸਮਾ ਲੈਂਦੇ ਹਨ ਜਿਵੇਂ ਚੁੰਬਕ ਦਾ ਗੋਲਾ ਲੋਹੇ ਦੇ ਪੁਰਜ਼ਿਆਂ ਨੂੰ ਆਪਣੇ ਵਲ ਖਿੱਚ ਕੇ ਅਸਥਾਨ ਨੂੰ ਲੋਹੇ ਦੇ ਪੁਰਜ਼ਿਆਂ ਤੋਂ ਖਾਲੀ ਕਰ ਦਿੰਦਾ ਹੈ ਅਤੇ ਸੁਖਾਂ ਦੀ ਖੁਸ਼ਬੂ ਇਸ ਤਰ੍ਹਾਂ ਫੈਲਾ ਦੇਂਦੇ ਹਨ ਜਿਵੇਂ ਖੁੱਲ੍ਹੇ ਵਿਹੜੇ ਵਿਚ ਰਾਤ ਦੀ ਰਾਣੀ ਦੀ ਖੁਸ਼ਬੂ, ਜਿਵੇਂ ਸ੍ਰੀ ਜਪੁਜੀ ਸਾਹਿਬ ਵਿਚ ਫੁਰਮਾਨ ਹੈ -

*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥* ਪੰਨਾ - 2

ਇਸੇ ਤਰ੍ਹਾਂ ਹੀ ਅਗਿਆਨ ਦੇ ਹਨ੍ਹੇਰੇ ਵਿਚ ਕੀ ਰਾਉ ਤੇ ਕੀ ਰੰਕ, ਸਭ ਹੀ ਠੇਡੇ ਖਾਂਦੇ ਹਨ ਅਤੇ ਸੂਰਜ ਉਦੇ ਹੋਣ ਤੇ ਸਭਨਾਂ ਨੂੰ ਇਕੋ ਜਿਹਾ ਹੀ ਚਾਨਣਾ ਮਿਲ ਜਾਂਦਾ ਹੈ। ਇਨ-ਬਿਨ ਇਸੇ ਤਰ੍ਹਾਂ ਐਸੇ ਵਿਅਕਤੀਆਂ ਦੁਆਰਾ ਹਰ ਪ੍ਰਕਾਰ ਦੇ ਦੁਖਾਂ ਦਾ ਨਾਸ਼ ਅਤੇ ਹਰ ਪ੍ਰਕਾਰ ਦੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਆਪਾਂ ਸਾਰੇ ਹੀ ਹਰ ਪ੍ਰਕਾਰ ਦਾ ਸੁਖ ਚਾਹੁੰਦੇ ਹਾਂ, ਦੁਖ ਕੋਈ ਵੀ ਨਹੀਂ ਚਾਹੁੰਦਾ। ਦੁਖ ਵੀ ਕਈ ਪ੍ਰਕਾਰ ਦੇ ਹੁੰਦੇ ਹਨ। ਵੱਡੇ-ਵੱਡੇ ਦੁਖ ਸਰੀਰਕ ਅਤੇ ਮਾਨਸਿਕ ਮੰਨੇ ਗਏ ਹਨ। ਜਨਮ ਤੋਂ ਮ੍ਰਿਤੂ ਤਕ ਸਰੀਰਕ ਦੁਖ, ਮਾਨਸਿਕ ਦੁਖ ਅਤੇ ਸਰੀਰ ਤਿਆਗਣ ਉਪਰੰਤ ਗੁਰੂ ਅਤੇ ਸ਼ਾਸ਼ਤ੍ਰ ਵਿਰੁੱਧ ਕੀਤੇ ਕਰਮਾਂ ਦਾ ਫਲ ਦੁਖ ਬੇਅੰਤ ਸਮੇਂ ਤਕ ਭੋਗਣਾ ਪੈਂਦਾ ਹੈ। ਦੁਖਾਂ ਦਾ ਕਾਰਨ ਬਹੁਤ ਸਾਰੇ ਕੁਕਰਮ ਹਨ ਜਿਨ੍ਹਾਂ ਤੋਂ ਗੁਰੂ ਅਤੇ ਸ਼ਾਸ਼ਤਰ ਰੋਕਦੇ ਹਨ ਅਤੇ ਸੁਖਾਂ ਦਾ ਸਮੂਹ ਗੁਰੂ ਅਤੇ ਸ਼ਾਸ਼ਤਰ ਦੇ ਬਚਨਾਂ ਅਨੁਸਾਰ ਜੀਵਨ ਢਾਲਣ ਵਿਚ ਹੈ। ਅਥਵਾ ਕੁਸੰਗਤ ਸਾਰੇ ਦੁਖਾਂ ਦਾ ਮੂਲ ਅਤੇ ਸਤਿਸੰਗ ਸਾਰੇ ਸੁਖਾਂ ਦਾ ਮੂਲ ਹੈ।

ਉਕਤ ਰੋਗਾਂ ਦੀ ਨਵਿਰਤੀ ਲਈ ਕਾਰਗਰ ਔਸ਼ਧੀ ਪ੍ਰਦਾਨ ਕਰਨ ਵਾਲੇ ਮਹਾਂਪੁਰਖ, ਜੋ ਪੁਰਖ ਆਮ ਪੁਰਖਾਂ ਨਾਲੋਂ ਵਧੇਰੇ ਸ੍ਰੇਸ਼ਟ ਕਰਮ ਕਰੇ, ਉਸ ਨੂੰ ਮਹਾਂਪੁਰਖ ਕਿਹਾ ਜਾਂਦਾ ਹੈ। ਅੱਜ ਤੋਂ 90 ਸਾਲ ਪਹਿਲਾਂ ਇਸ ਅਸਾਰ ਸੰਸਾਰ ਦੇ ਪਰਦੇ ਤੇ ਨਗਰ ਆਲੋਵਾਲ ਪਟਿਆਲਾ ਰਾਜ ਵਿਖੇ ਸਰਦਾਰ ਰਾਮ ਸਿੰਘ ਜੀ ਦੇ ਘਰ ਪ੍ਰਗਟ ਹੋਏ ਅਤੇ ਅੱਜ ਤੋਂ 20 ਸਾਲ ਪਹਿਲਾਂ ਇਸ ਪਰਦੇ ਤੋਂ ਉਹਲੇ ਹੋ ਗਏ।

ਲੇਖਕ ਨੂੰ ਉਹਨਾਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਦੇਖਿਆ ਸਭ ਕੁਝ, ਪਰਖਿਆ ਸਭ ਕੁਝ, ਵਰਤਿਆ ਸਭ ਕੁਝ। ਪਰ ਉਨ੍ਹਾਂ ਵਾਲੇ ਸ਼ੁਭ ਗੁਣ ਧਾਰਨ ਨਹੀਂ ਹੋ ਸਕੇ। ਕੇਵਲ ਯਾਦ ਦੀ ਕੈਸਿਟ ਵਿਚੋਂ ਸੁਣਿਆ ਜੋ ਸੰਖੇਪ ਰੂਪ ਵਿਚ ਭੇਟਾ ਕਰਦਾ ਹੈ। ਮਹਾਂਪੁਰਖਾਂ ਦੇ ਬਚਨ ਹੀ ਮਹਾਂਪੁਰਸ਼ਾਂ ਦਾ ਰੂਪ ਹੋਇਆ ਕਰਦੇ ਹਨ। ਉਨ੍ਹਾਂ ਦਾ ਇਕ ਬਚਨ ਜੋ ਉਨ੍ਹਾਂ ਖੁਦ ਫੁਰਮਾਇਆ, ਇਸ ਬਚਨ ਨੇ ਉਨ੍ਹਾਂ ਨੂੰ ਬਹੁਤ ਲਾਭ ਪਹੁੰਚਾਇਆ ਹੈ ਉਹ -

*ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ॥* ਪੰਨਾ - 761

*ਹੋਰ ਪਾਤਸ਼ਾਹੀਆਂ ਸਭ ਕੂੜੀਆਂ,*
*ਨਾਮ ਰਤੇ ਸਚ ਪਾਤਸ਼ਾਹ॥*

## ਸਾਧੂ ਕੀ ਤੇ ਮੰਗਣਾ ਕੀ

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜੇ ਗੁਰ ਕੇ ਭਾਣੇ ਵਿਚਿ ਆਵੈ॥* ਪੰਨਾ - 601

"ਨਿਮਰਤਾ ਹੀ ਸਾਧੂ ਦਾ ਗਹਿਣਾ ਹੈ। ਜੇ ਹਵਾ ਮਾਤਰ ਵੀ ਹਉਂ ਹੈ, ਮੇਰ-ਤੇਰ ਹੈ, ਤਾਂ ਗਿਆਨ ਕਿਥੇ; ਜੇ ਹਵਾ ਮਾਤਰ ਵੀ ਦ੍ਵੈਤ ਹੈ ਤਾਂ ਪ੍ਰਭੂ ਨਾਲ ਏਕਤਾ ਕਿਥੇ, ਜਿਵੇਂ ਜੇ ਬਹੁਤ ਥੋੜ੍ਹਾ ਵੀ ਹਨ੍ਹੇਰਾ ਹੈ ਤਾਂ ਸਮਝੋ, ਸੂਰਜ ਨਹੀਂ ਚੜ੍ਹਿਆ। ਪੁਰਾਤਨ ਸਾਧੂਆਂ ਵਿਚ ਅਤੇ ਹੁਣ ਦੇ ਸਾਧੂਆਂ ਵਿਚ ਇਤਨਾ ਫਰਕ ਹੈ ਜਿਤਨਾ ਪਤੀਵਰਤਾ ਅਤੇ ਵੇਸਵਾ ਵਿਚ।" ਕਰਨੀ ਦੇ ਮੁਕਾਬਲੇ ਵਿਖਾਵਾ ਕਈ ਗੁਣਾਂ ਵਧੇਰੇ ਹੈ। ਜਿਥੇ ਤਤਿਕਸ਼ਾ ਅਤੇ ਘਾਲ ਕਮਾਈ ਦਾ ਕੋਈ ਅੰਦਾਜ਼ਾ ਨਹੀਂ ਸੀ ਅਤੇ ਉਸਦੇ ਫਲ ਦੀ ਗੁਰੂ ਘਰੋਂ ਬਖਸ਼ਿਸ਼ ਅਮਿੱਤ ਸੀ। ਤਿਆਗ ਭਾਵੇਂ ਬੇਮਿਸਾਲ ਸੀ ਪਰ ਸਾਧੂਆਂ ਵਿਚ ਕਹਿੰਦੇ ਸਨ -

*ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥*

ਪੰਨਾ - 1140

ਉਨ੍ਹਾਂ ਦੇ ਚਰਨਾਂ ਵਿਚ ਕਦਰਦਾਨਾਂ ਨੇ ਕ੍ਰੋੜਾਂ ਅਰਬਾਂ ਰੁਪੈ ਭੇਟ ਕੀਤੇ ਪਰ ਲੇਸ ਇਸ ਕਿਸਮ ਦਾ ਸੀ ਕਿ ਸਾਰਾ ਧੰਨ ਗੁਰੂ ਦੇ ਲੰਗਰ, ਆਏ ਗਏ ਸਾਧੂ ਸੰਗਤਾਂ ਦੀ ਸੇਵਾ, ਰੋਗੀਆਂ ਦੇ ਇਲਾਜ ਲਈ, ਢਹੇ ਮਕਾਨਾਂ ਵਾਲਿਆਂ ਦੇ ਮਕਾਨ ਬਣਾਉਣ ਲਈ, ਅਤੇ ਵਿਦਿਆ ਦੀ ਪ੍ਰਾਪਤੀ ਲਈ ਗਰੀਬ ਅਤੇ ਚਾਹਵਾਨਾਂ ਦੀ ਹਰ ਪ੍ਰਕਾਰ ਸਹਾਇਤਾ, ਬਿਰਧਾਂ ਲਈ ਬਿਰਧ ਆਸ਼ਰਮ, ਬੇ-ਸਹਾਰਿਆਂ ਲਈ ਸਹਾਰਾ ਬਣੇ ਰਹੇ, ਸਕੂਲ, ਕਾਲਜ, ਹਸਪਤਾਲ, ਸੜਕਾਂ, ਪੁਲ, ਧਰਮ ਅਸਥਾਨ ਆਦਿਕ ਕੰਮਾਂ ਲਈ ਆਏ ਧਨ ਨੂੰ ਖਰਚ ਕਰਨ ਦਾ ਆਹਰ ਰਹਿੰਦਾ ਸੀ। 1975 ਵਿਚ ਉਨ੍ਹਾਂ ਦੇ ਸਰੀਰ ਤਿਆਗ ਉਪਰੰਤ ਉਨ੍ਹਾਂ ਦਾ ਪਿਤਾ ਪੁਰਖੀ ਘਰ ਆਲੋਵਾਲ ਦਾਸ ਅਤੇ ਬੀਬੀ ਗੁਰਦੇਵ ਕੌਰ ਨੇ ਦੇਖਿਆ, ਉਹੀ ਕੱਚਾ ਘਰ, ਮਿੱਟੀ ਨਾਲ ਲਿਪਿਆ ਹੋਇਆ ਕੱਚਾ ਫਰਸ਼, ਪਰੋਲੇ ਨਾਲ ਕਲੀ ਕੀਤੀਆਂ ਕੰਧਾਂ, ਪਰ ਗੁਆਂਢ ਵਿਚ ਪੱਕੇ ਮਕਾਨ ਜਿਨ੍ਹਾਂ ਨਾਲ ਲਗਦੀ ਸਾਂਝੀ ਕੰਧ ਉਨ੍ਹਾਂ ਘਰਾਂ ਵਾਲਿਆਂ ਦੇ ਪਾਸੇ ਪੱਕੀ ਅਤੇ ਇਨ੍ਹਾਂ ਦੇ ਘਰ ਦੇ ਪਾਸੇ ਵਾਲੀ ਕੱਚੀ। ਘਰ ਵਿਚ ਉਹੀ ਸਾਦਾ ਪੀੜ੍ਹੀਆਂ ਤੇ ਮੰਜੇ, ਮਾਤਾ ਜੀ ਦਾ ਸੰਦੂਕ ਇਤਿਆਦਿਕ ਅੱਖੀਂ ਦੇਖਿਆ। ਨਿੱਜੀ ਕੰਮ ਲਈ ਇਕ ਪਾਈ ਨਹੀਂ ਖਰਚ ਕੀਤੀ। ਪਿੱਛੇ ਮੋਢਾ ਫੇਰਿਆ ਹੀ ਨਹੀਂ।

ਤਿਆਗ ਦੀ ਇਕ ਹੋਰ ਮਿਸਾਲ ਹੈ ਆਪ ਜੀ ਸੰਤ ਆਸ਼ਰਮ ਧਬਲਾਨ ਵਿਚ ਠਹਿਰੇ ਹੋਏ ਸਨ ਅਤੇ ਰਾੜਾ ਸਾਹਿਬ ਵਾਪਸ

ਪਰਤਣ ਦਾ ਨਾਉਂ ਨਹੀਂ ਸਨ ਲੈਂਦੇ ਤਾਂ ਜਥੇ ਦੇ ਸਿੰਘਾਂ ਨੇ ਵਾਪਸ ਚਲਣ ਲਈ ਜ਼ੋਰ ਪਾਇਆ ਤਾਂ ਸੇਵਾ ਵਿਚ ਰਹਿੰਦੇ ਭਾਈ ਰਲਾ ਸਿੰਘ (ਬਾਬੂ ਜੀ) ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਹ ਸਿੰਘ ਰੁਸ ਗਏ ਹਨ, ਚਲੇ ਜਾਣਗੇ। ਤਾਂ ਉਨ੍ਹਾਂ ਫੁਰਮਾਇਆ ਕਿ ਬਾਬੂ ਤੈਨੂੰ ਪਤਾ ਹੈ ਇਹ ਕੌਣ ਹਨ? ਇਹ ਬਿਹੰਗਮ ਹਨ, ਜਿਥੇ ਮਰਜ਼ੀ ਜਾ ਸਕਦੇ ਹਨ; ਨਾ ਮੈਂ ਇਨ੍ਹਾਂ ਦਾ ਬੰਨ੍ਹਿਆਂ ਹੋਇਆ ਹਾਂ, ਨਾ ਇਹ ਮੇਰੇ ਬੰਨ੍ਹੇ ਹੋਏ ਹਨ। ਕੀ ਤੇਰਾ ਖਿਆਲ ਹੈ ਕਿ ਮੈਂ ਇਨ੍ਹਾਂ ਦੇ ਮੋਹ ਵਿਚ ਫਸਿਆ ਹੋਇਆ ਹਾਂ? ਨਾ ਕੋਈ ਮੇਰਾ ਹੈ, ਨਾ ਮੈਂ ਕਿਸੇ ਦਾ ਹਾਂ। ਮੈਂ ਸਭ ਦਾ ਹਾਂ ਸਭ ਮੇਰੇ ਹੀ ਹਨ। ਜੋ ਵਾਹਿਗੁਰੂ ਦਾ ਹੋ ਗਿਆ, ਉਸ ਦੇ ਮੇਰ ਤੇਰ ਕਿਥੇ ਹੈ।

ਦਾਸ ਨੂੰ ਹੁਕਮ ਕੀਤਾ ਕਿ ਜੋ ਇਹ ਡੇਰਾ ਬਣਿਆ ਹੈ ਅਤੇ ਹੋਰ ਕੁਝ ਬਣਿਆ ਨਜ਼ਰ ਆਉਂਦਾ ਹੈ, ਇਸ ਸਭ ਦੀ ਲਿਸਟ ਤਿਆਰ ਕਰਕੇ ਮੇਰੇ ਦਸਖਤ ਕਰਵਾ ਕੇ ਸਰਕਾਰ ਦੇ ਹਵਾਲੇ ਕਰ ਦਿਉ। ਜੋ ਕੁਝ ਬਣਿਆ ਹੈ ਸਭ ਸੰਗਤ ਦੇ ਪੈਸੇ ਦਾ ਅਤੇ ਸੰਗਤ ਦੇ ਉਦਮ ਦਾ ਬਣਿਆ ਹੋਇਆ ਹੈ। ਸਾਡਾ ਤਾਂ ਘਾਸ ਦੇ ਸੁੱਕੇ ਤਿਣਕੇ ਤੇ ਵੀ ਅਧਿਕਾਰ ਨਹੀਂ ਹੈ। ਲੋਕਾਂ ਦੀ ਸਰਕਾਰ ਹੈ, ਸੋ ਲੋਕਾਂ ਦੀ ਚੀਜ਼ ਲੋਕਾਂ ਦੇ ਹਵਾਲੇ ਕਰ ਦਿਉ।

ਲੇਖਕ ਦੀ ਆਪ ਬੀਤੀ ਵਿਚੋਂ ਕਈ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਤੋਂ ਸੰਤ ਮਹਾਰਾਜ ਜੀ ਦੀ ਤਿਆਗ ਭਾਵਨਾ ਉਨ੍ਹਾਂ ਦੇ ਆਪਣੇ ਆਪ ਤਕ ਹੀ ਸੀਮਤ ਨਹੀਂ ਸੀ, ਆਪਣੇ ਪਾਸ ਆਉਣ ਵਾਲਿਆਂ ਨੂੰ ਵੀ ਪਕੜ, ਖਿੱਚ ਅਤੇ ਇੱਛਾ ਤੋਂ ਪਰ੍ਹੇ ਰੱਖਣ ਦਾ ਪੂਰਾ ਯਤਨ ਕਰਦੇ ਸਨ। ਉਚ ਕੋਟੀ ਦੇ ਸਾਧੂਆਂ ਦੀ ਸੰਗਤ ਅਤੇ ਇਸ ਨਾਤੇ ਲੁਕਾਈ ਵਿਚ ਪੁੱਛ ਪ੍ਰਤੀਤ ਹੋਣ ਦੇ ਕਾਰਨ ਰਾਜਨੀਤਕ ਪਾਰਟੀਆਂ, ਵੋਟਾਂ ਦੀ ਇਛਿਆ ਨਾਲ ਅਤੇ ਆਪਣੀ ਪ੍ਰਭਤਾ ਲਈ, ਕਾਂਗਰਸ ਪਾਰਟੀ ਅਤੇ ਅਕਾਲੀ ਪਾਰਟੀ ਦੋਵੇਂ ਹੀ, ਦਾਸ ਨੂੰ ਖਰੀਦਣਾ ਚਾਹੁੰਦੀਆਂ ਸਨ। ਸਭ ਤੋਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਜੀ ਕੈਰੋਂ, ਮੁਖ ਮੰਤਰੀ ਪੰਜਾਬ ਨੇ ਆਪਣੇ ਮੰਤਰੀ ਮੰਡਲ ਵਿਚ ਕੈਬਨਿਟ ਮੰਤਰੀ ਬਣਾਉਣ ਲਈ ਕਿਹਾ ਜੋ ਦਾਸ ਨੇ ਇਨਕਾਰ ਕਰ ਦਿਤਾ। ਅਕਾਲੀ ਮਨਿਸਟਰੀ ਵੇਲੇ ਸਰਦਾਰ ਗੁਰਨਾਮ ਸਿੰਘ ਜੀ ਅਤੇ ਸੰਤ ਫਤਹਿ ਸਿੰਘ ਜੀ ਦੋਨਾਂ ਨੇ ਕਿਹਾ ਕਿ ਸਾਡੇ ਮੰਤਰੀ ਮੰਡਲ ਵਿਚ ਆ ਜਾਵੇ, ਦਾਸ ਦਾ ਉਤਰ ਸੀ ਕਿ ਇਸ ਬਾਰੇ ਸੰਤ ਜੀ ਮਹਾਰਾਜ ਨਾਲ ਗੱਲਬਾਤ ਕਰੋ। ਸੰਤ ਮਹਾਰਾਜ ਜੀ ਪਾਸ ਸਰਦਾਰ ਗੁਰਨਾਮ ਸਿੰਘ ਮੁਖ ਮੰਤਰੀ ਪੰਜਾਬ, ਸੰਤ ਫਤਹਿ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਿੰਨੇ ਵਿਅਕਤੀ ਰਾੜਾ ਸਾਹਿਬ ਪਹੁੰਚੇ ਅਤੇ ਸੰਤਾਂ ਨੂੰ ਬੇਨਤੀ ਕੀਤੀ ਕਿ ਪ੍ਰਿੰਸੀਪਲ ਗੁਰਦਿਆਲ ਸਿੰਘ ਨੂੰ ਪੰਜਾਬ ਦੇ ਮੰਤਰੀ ਮੰਡਲ ਵਿਚ ਸ਼ਾਮਿਲ ਕਰ ਦਿਉ। ਸੰਤ ਮਹਾਰਾਜ ਜੀ ਨੇ ਫੁਰਮਾਇਆ ਕਿ ਜਿਸਨੂੰ ਮੰਤਰੀ ਬਣਾਉਣਾ ਹੈ, ਉਸ ਨੂੰ ਪੁੱਛੋ। ਇਹ ਉਸ ਦੀ ਮਰਜ਼ੀ ਹੈ। ਸੰਤਾਂ ਦੇ ਬਚਨ ਤੋਂ ਨਿਰਾਸ ਹੋ ਕੇ ਸੰਤ ਫਤਹਿ ਸਿੰਘ ਜੀ ਨੇ ਕਿਹਾ ਕਿ ਮਹਾਰਾਜ ਜੀ ਸਾਨੂੰ ਸਿਆਸਤ ਵਿਚ ਫਸਾ ਕੇ ਆਪ ਬਰੀ ਹੋਏ ਬੈਠੇ ਹੋ। ਤਾਂ ਸੰਤਾਂ ਨੇ ਫੁਰਮਾਇਆ, "ਸੰਤ ਜੀ! ਦਾਸ ਤੁਹਾਨੂੰ ਕਦੋਂ ਬੁੱਢਾ ਜੋੜ ਤੋਂ ਲੈਣ ਗਿਆ ਸੀ ਅਤੇ ਸਿਆਸਤ ਵਿਚ ਆਉਣ ਲਈ ਕਦੋਂ ਕਿਹਾ ਸੀ? ਜੇ ਸਿਆਸਤ ਚੰਗੀ ਨਹੀਂ ਲਗਦੀ ਤਾਂ ਛੱਡ ਦਿਓ। ਕਿਉਂ ਚਿੰਬੜੇ ਬੈਠੇ ਹੋ, ਛੱਡ ਕੇ ਪਹਿਲਾਂ ਵਾਂਗ ਭਜਨ ਕਰੋ।" ਪੰਜ ਸੱਤ ਦਿਨ ਬਾਦ ਦਾਸ ਦਰਸ਼ਨਾਂ ਲਈ ਹਾਜ਼ਰ ਹੋਇਆ ਤਾਂ ਫੁਰਮਾਇਆ, "ਹੁਣ ਤਾਂ ਮਨਿਸਟਰੀਆਂ ਮਗਰ ਮਗਰ ਫਿਰਦੀਆਂ ਹਨ।" ਦਾਸ ਨੇ ਅਰਜ਼ ਕੀਤੀ ਕਿ ਹਜ਼ੂਰ, ਆਪ ਜੀ ਨੂੰ ਸਭ ਪਤਾ ਹੈ ਤਾਂ ਫੁਰਮਾਇਆ ਕਿ ਕੀ ਲੈਣਾ ਹੈ ਮਨਿਸਟਰੀਆਂ ਤੋਂ। ਜੋ ਥੋੜੀ ਬਹੁਤ ਮਨ ਦੀ ਸ਼ਾਂਤੀ ਪ੍ਰਾਪਤ ਹੋਈ ਹੈ, ਉਹ ਵੀ ਖੋ ਫਿਰੇਂਗਾ।

ਜਦ ਸਰਦਾਰ ਪ੍ਰਤਾਪ ਸਿੰਘ ਕੈਰੋਂ ਮੁਖ ਮੰਤਰੀ ਪੰਜਾਬ ਨੇ ਸੰਤਾਂ ਪਾਸੋਂ ਇਹ ਮੰਗ ਮੰਗੀ ਕਿ ਮੇਰਾ ਰਾਜ ਕਾਇਮ ਰਹੇ ਤਾਂ ਫੁਰਮਾਇਆ, "ਜਦ ਤਕ ਨਿਆਂ ਕਰੇਂਗਾ, ਰਾਜ ਰਹੇਗਾ; ਜਦ ਅਨਿਆਂ ਹੋਇਆ ਤਾਂ ਰਾਜ ਖੁਸ ਜਾਏਗਾ।"

ਇੰਗਲੈਂਡ ਵਿਚ ਲੋਹ ਟੋਪ ਦੇ ਮੋਰਚੇ ਵਿਚ ਆਪ ਜੀ ਨੇ ਮੈਮੋਰੰਡਮ ਤਿਆਰ ਕਰਵਾਇਆ ਜਿਸ ਨਾਲ ਦਸਤਾਰ ਸਜਾਵਣ ਵਾਲੇ ਸਿੰਘਾਂ ਨੂੰ ਲੋਹ ਟੋਪ ਤੋਂ ਛੋਟ ਹੋ ਗਈ। ਜਦੋਂ ਕੌਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਬਾਰੇ ਵਿਵਾਦ ਛਿੜਿਆ ਤਾਂ ਆਪ ਜੀ ਨੇ ਤਨ ਮਨ ਅਤੇ ਧਨ ਨਾਲ ਸੇਵਾ ਕਰਕੇ ਇਸ ਚਰਚਾ ਦਾ ਫੈਸਲਾ ਕਰਵਾਇਆ, ਤਾਂ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਤੋਂ ਮਾਸਟਰ ਤਾਰਾ ਸਿੰਘ ਜੀ ਗਿਆਨੀ ਕਰਤਾਰ ਸਿੰਘ ਜੀ ਅਤੇ ਦਰਬਾਰ ਸਾਹਿਬ ਤੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਜੀ ਨੇ ਸੰਤਾਂ ਪਾਸ ਨਮਸਕਾਰ ਸਹਿਤ ਆਪਣੇ ਵਲੋਂ ਧੰਨਵਾਦ ਭੇਜਿਆ ਕਿ ਆਪ ਜੀ ਨੇ ਖਾਲਸਾ ਪੰਥ ਨੂੰ ਇਕ ਘੋਰ ਬਿਪਤਾ ਵਿਚੋਂ ਸੁਖੈਨ ਹੀ ਕੱਢ ਲਿਆ ਹੈ।

ਜਦੋਂ ਗਿਆਨੀ ਭੁਪਿੰਦਰ ਸਿੰਘ ਜੀ ਸੰਤਾਂ ਦੇ ਦਰਸ਼ਨਾਂ ਨੂੰ ਰਾੜਾ ਸਾਹਿਬ ਗਏ, ਤਾਂ ਸੰਤਾਂ ਨੇ ਜੋ ਸਤਿਕਾਰ ਕੀਤਾ, ਉਸ ਤੋਂ ਪ੍ਰਭਾਵਿਤ ਹੋ ਕੇ ਦੋਨੋਂ ਬਾਹਾਂ ਖੜ੍ਹੀਆਂ ਕਰਕੇ, ਉਚੀ ਅਵਾਜ਼ ਵਿਚ ਕਿਹਾ ਕਿ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਦਾ ਪੂਰਨ ਸਤਿਕਾਰ ਜਾਂ ਮਹਾਰਾਜ ਰਣਜੀਤ ਸਿੰਘ ਨੇ ਕੀਤਾ ਅਤੇ ਜਾਂ ਅੱਜ ਸੰਤ ਮਹਾਰਾਜ ਜੀ ਨੇ ਕੀਤਾ ਹੈ।

ਹੋਰ ਬਹੁਤ ਕੁਝ ਹੈ - ਸੰਤ ਈਸ਼ਰ ਸਿੰਘ ਮਹਾਰਾਜ ਦੀ ਰਾੜੇ ਸਾਹਿਬ ਵਾਲਿਆਂ ਦੇ ਪਰਉਪਕਾਰ ਸਬੰਧੀ ਲਿਖਣ ਦਾ, ਪਰ ਲੇਖ ਦੇ ਲੰਮਾ ਹੋਣ ਤੋਂ ਇਹ ਲਿਖ ਕੇ ਬਸ ਕਰਦਾ ਹਾਂ ਕਿ 1974 ਵਿਚ ਇੰਗਲੈਂਡ ਦੇ ਸ਼ੇਪਰ ਬੁੱਸ਼ ਗੁਰਦਵਾਰਾ ਸਾਹਿਬ ਵਿਚ ਭਰੇ ਦੀਵਾਨ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਕਿਹਾ, ਜੋ ਕੰਮ ਸ਼੍ਰੋਮਣੀ ਕਮੇਟੀ 40 ਸਾਲਾਂ ਵਿਚ ਇਤਨੇ ਵਿਸ਼ਾਲ ਵਸੀਲਿਆਂ ਦੇ ਹੁੰਦੇ ਹੋਏ ਨਾ ਕਰ ਸਕੀ, ਉਹ ਸੰਤ ਮਹਾਰਾਜ ਜੀ ਨੇ ਢੋਲਕੀ ਚਿਮਟੇ ਨਾਲ ਦਸ ਲੱਖ ਪ੍ਰਾਣੀ ਨੂੰ ਅੰਮ੍ਰਿਤ ਪਾਨ ਕਰਾ ਕੇ ਅਤੇ ਬਹੁਤ ਕੁਝ ਕਰਕੇ ਦਿਖਾ ਦਿਤਾ। ਯੋਗੀ ਹਰਭਜਨ ਸਿੰਘ ਖਾਲਸਾ ਅਮਰੀਕਾ ਵਾਲਿਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ, ਜਿਸਨੇ ਮੇਰੇ ਦਰਸ਼ਨ ਕਰਨੇ ਹੋਣ, ਉਹ ਖਾਲਸਾ ਵਿਚੋਂ ਕਰੋ; ਉਹ ਖਾਲਸਾ ਅੱਜ ਸਾਡੇ ਵਿਚ ਸ਼ਸ਼ੋਭਿਤ ਹੈ, ਸੰਤ ਮਹਾਰਾਜ ਪੂਰਨ ਖਾਲਸਾ ਹਨ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮੈ ਹੌ ਕਰੌ ਨਿਵਾਸ॥*

ਦੇ ਫੁਰਮਾਨ ਦੇ ਮੁਤਾਬਿਕ ਖਾਲਸੇ ਦਾ ਦਰਸ਼ਨ ਦਸ਼ਮੇਸ਼ ਜੀ ਦਾ ਹੀ ਦਰਸ਼ਨ ਹੈ।

26 ਅਗਸਤ ਨੂੰ ਸਾਰੇ ਸੰਸਾਰ ਵਿਚ ਆਪ ਜੀ ਦੀ 20 ਵੀਂ ਬਰਸੀ ਮਨਾਈ ਗਈ। ਸਤਿਗੁਰੂ ਕ੍ਰਿਪਾ ਕਰਨ, ਅਸੀਂ ਉਨ੍ਹਾਂ ਮਹਾਂਪੁਰਸ਼ਾਂ ਦੇ ਚਰਨ ਚਿੰਨ੍ਹਾਂ ਤੇ ਚਲ ਸਕੀਏ।

* * * * *

# ਆਤਮ ਮਾਰਗ ਦਾ ਪ੍ਰਯੋਜਨ

*ਸੰਤ ਸਾਧੂ ਸਿੰਘ ਜੀ ਝਬਲ.ਐਮ.ਏ.*
*ਸੰਗਰੂਰ।*

ਪ੍ਰਭੂ ਦੀ ਕ੍ਰਿਪਾ ਨਾਲ ਸਾਨੂੰ ਇਹ ਮਨੁੱਖੀ ਜਾਮਾ ਪ੍ਰਾਪਤ ਹੋਇਆ ਹੈ ਜਿਸਨੂੰ ਅਸ਼ਰਫਾਉਲ ਮਖਲੂਕਾਤ ਵੀ ਕਿਹਾ ਜਾਂਦਾ ਹੈ, ਯਾਨਿ ਤਮਾਮ ਜੂਨੀਆਂ ਦੀ ਬਾਦਸ਼ਾਹ ਦੇਹੀ ਹੈ। ਫੁਰਮਾਨ ਹੈ -

*ਲਖ ਚਉਰਾਸੀਹ ਜੋਨਿ ਸਬਾਈ॥*
*ਮਾਨਸ ਕਉ ਪ੍ਰਭਿ ਦੀਈ ਵਡਿਆਈ॥* ਪੰਨਾ - 1075

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥* ਪੰਨਾ - 374

ਲੱਖ ਚਉਰਾਸੀਹ ਜੋਨਿ ਵਿਚ ਉਤਮ ਜੋਨਿ ਸੋ ਮਾਨਸ ਦੇਹੀ। ਮਨੁੱਖਾ ਦੇਹੀ ਹੀ ਵਾਹਿਗੁਰੂ ਨੂੰ ਮਿਲਣ ਦਾ ਖੁੱਲ੍ਹਾ ਦਰਵਾਜ਼ਾ ਹੈ, ਬਾਕੀ ਤਮਾਮ ਦਰਵਾਜ਼ੇ ਬੰਦ ਹੀ ਹਨ। ਇਸ ਦੇਹ ਵਿਚ ਆ ਕੇ ਇਸਨੇ ਆਪਣੇ ਸਰੂਪ ਨੂੰ ਪਛਾਣਨ ਦਾ ਉਦਮ, ਉਪਰਾਲਾ ਕਰਨਾ ਹੈ, ਕਿਉਂਕਿ ਸਾਧਨ ਬਿਨਾਂ ਸਿੱਧੀ ਪ੍ਰਾਪਤ ਨਹੀਂ ਹੋਇਆ ਕਰਦੀ। ਇਸਦਾ ਆਪਣਾ ਅਸਲੀ ਸਰੂਪ ਸਤਿ ਚਿਤ ਅਨੰਦ ਹੈ ਪਰ ਉਸਨੂੰ ਇਹ ਭੁੱਲ ਗਿਆ ਹੈ। ਉਸ ਭੁੱਲ ਨੇ ਇਸਨੂੰ ਜੋੜ, ਘਟਾਉ, ਗੁਣਾਂ, ਵੰਡ ਦੇ ਚੱਕਰ ਵਿਚ ਪਾ ਦਿਤਾ ਹੈ। ਜੋ ਕੰਮ ਇਸਨੇ ਕਰਨਾ ਸੀ ਉਹ ਛੱਡ ਕੇ ਕੂੜਾ ਕਰਕਟ ਇਕੱਠਾ ਕਰਨ ਦੇ ਚੱਕਰ ਵਿਚ ਪੈ ਗਿਆ ਹੈ। ਜਿਸਦੀ ਹਾਲਤ ਅਖੀਰ ਵਿਚ ਹਾਰੇ ਜੁਆਰੀਏ ਵਾਲੀ ਹੁੰਦੀ ਹੈ। ਸਾਰੀ ਜ਼ਿੰਦਗੀ ਸੁਆਹ ਇਕੱਠੀ ਕਰਨ ਵਾਲੇ ਪਾਸ ਸੁਆਹ ਹੀ ਹੋਣੀ ਹੈ, ਹੋਰ ਕੀ ਹੋਣਾ ਹੈ। ਆਤਮ ਮਾਰਗ ਦਾ ਤੁੱਛ ਜਿਹਾ ਯਤਨ ਸਾਨੂੰ ਹਨੇਰੇ ਵਿਚੋਂ ਕੱਢ ਕੇ ਰੋਸ਼ਨੀ ਦੇ ਮੰਡਲ ਵਿਚ ਪਹੁੰਚਾਣਾ ਹੈ। ਹਨੇਰ ਮੰਡਲ ਵਿਚ ਸੁਖ ਨਹੀਂ, ਰੋਸ਼ਨ ਮੰਡਲ ਵਿਚ ਦੁਖ ਨਹੀਂ -

*ਅੰਧਕਾਰ ਸੁਖਿ ਕਬਹਿ ਨ ਸੋਈ ਹੈ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ॥* ਪੰਨਾ - 325

ਹਨੇਰਾ ਕਿਸੇ ਦੀ ਲਿਹਾਜ਼ ਨਹੀਂ ਕਰਦਾ। ਹਨੇਰੇ ਵਿਚ ਸਭ ਨੂੰ ਹੀ ਠੇਡੇ ਖਾਣੇ ਪੈਂਦੇ ਹਨ, ਭਾਵੇਂ ਕੋਈ ਗਰੀਬ ਹੈ ਭਾਵੇਂ ਕੋਈ ਬਾਦਸ਼ਾਹ ਹੈ। ਦੇਖੋ ਨਾ, ਘੋਰ ਬੀਆਬਾਨ ਜੰਗਲ ਹੋਵੇ, ਹਨੇਰੀ ਰਾਤ ਹੋਵੇ, ਉਥੇ ਭਾਵੇਂ ਕੋਈ ਗਰੀਬ ਹੈ ਭਾਵੇਂ ਬਾਦਸ਼ਾਹ ਹੈ, ਦੁਖੀ ਹੀ ਹੋਵੇਗਾ, ਸੁਖੀ ਨਹੀਂ ਹੋ ਸਕਦਾ। ਇਸੀ ਤਰ੍ਹਾਂ ਜੋ ਮਨ ਦਾ ਅਗਿਆਨ ਰੂਪੀ ਹਨੇਰ ਹੈ ਉਹ ਇਨਸਾਨ ਨੂੰ ਦੁਖੀ ਕਰਦਾ ਹੈ। ਜਿੰਨੀ ਦੇਰ ਇਹ ਹਨੇਰਾ ਦੂਰ ਨਹੀਂ ਹੁੰਦਾ ਭਾਵੇਂ ਕੋਈ ਸੱਤਾਂ ਵਲਾਇਤਾਂ ਦੀ ਵਿਦਿਆ ਤੋਂ ਜਾਣੂ ਹੈ ਜਾਂ ਉਹ ਸਾਰੀ ਦੁਨੀਆਂ ਦਾ ਰਾਜਾ ਹੈ, ਉਹ ਸੁਖੀ ਨਹੀਂ ਹੋ ਸਕਦਾ। ਨਾਮ ਤੋਂ ਬਿਨਾਂ ਦੁਖੀ ਹੀ ਰਹੇਗਾ। ਫੁਰਮਾਨ ਹੈ -

*ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥*
*ਹਰਿ ਕਾ ਨਾਮੁ ਜਪਤ ਹੋਇ ਸੁਖੀਆ॥* ਪੰਨਾ - 264

ਜਿਸ ਇਨਸਾਨ ਨੂੰ ਭੁੱਲ ਪੈ ਗਈ ਹੋਵੇ ਉਹ ਸੁਖੀ ਹੋਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਭੁੱਲ ਕਰਕੇ ਜਾਂ ਚਉਂਧੀ ਲੱਗੀ ਕਰਕੇ ਹਮੇਸ਼ਾ ਦੁਖੀ ਹੀ ਰਹਿੰਦਾ ਹੈ। ਜਿਵੇਂ -

ਇਕ ਕੋਈ ਸਧਾਰਣ ਬੰਦਾ ਕਦੀ ਮੇਲੇ ਨਹੀਂ ਸੀ ਗਿਆ। ਉਸਦੇ ਪਿੰਡ ਨੇੜੇ ਇਕ ਬੜਾ ਭਾਰੀ ਮੇਲਾ ਲੱਗਿਆ। ਉਸਨੇ ਆਪਣੀ ਘਰ ਵਾਲੀ ਨੂੰ ਕਿਹਾ, ਸਾਰੇ ਲੋਕੀ ਮੇਲਾ ਦੇਖਣ ਜਾਂਦੇ ਹਨ, ਮੈਂ ਵੀ ਮੇਲਾ ਦੇਖ ਆਵਾਂ। ਉਹ ਕਹਿਣ ਲੱਗੀ, ਮੇਲੇ ਵਿਚ ਇਕੱਠ ਬਹੁਤ ਹੁੰਦਾ ਹੈ ਤੂੰ ਮੇਲੇ ਵਿਚ ਭੁੱਲ ਨਾ ਜਾਈਂ। ਉਹ ਕਹਿਣ ਲੱਗਿਆ, ਗੱਲ ਤਾਂ ਠੀਕ ਹੈ, ਫਿਰ ਆਪਣੇ ਆਪ ਦੀ ਪਛਾਣ ਰੱਖਣ ਵਾਸਤੇ ਕੁਛ ਕਰਨਾ ਚਾਹੀਦਾ ਹੈ। ਘਰ ਵਾਲੀ ਕਹਿਣ ਲੱਗੀ, ਮੈਂ ਤੇਰੇ ਗਲ ਨੂੰ ਰੱਸੀ ਬੰਨ੍ਹ ਦਿੰਦੀ ਹਾਂ, ਜੇ ਤੈਨੂੰ ਭੁੱਲ ਦਾ ਖਤਰਾ ਹੋਵੇ ਤੂੰ ਆਪਣੇ ਗਲ ਦੀ ਰੱਸੀ ਦੇਖ ਲਵੀਂ। ਜੇ ਗਲ ਨਾਲ ਰੱਸੀ ਹੈ ਤਾਂ ਸਮਝੀਂ ਮੈਂ ਉਹੀ ਹਾਂ; ਜੇ ਰੱਸੀ ਹੈ ਨਹੀਂ ਤਾਂ ਸਮਝੀਂ ਮੈਂ ਭੁੱਲ ਗਿਆ, ਮੈਂ ਰੁਲ ਗਿਆ। ਫਿਰ ਤੂੰ ਆਪਣੇ ਆਪ ਨੂੰ ਢੂੰਢਣ ਦੀ ਕੋਸ਼ਿਸ਼ ਕਰੀਂ। ਜਿੰਨੀ ਦੇਰ ਤਕ ਢੂੰਢ ਨਾ ਲਵੇਂ, ਲੱਭ ਨਾ ਲਵੇਂ, ਤੂੰ ਆਪਣਾ ਸੰਘਰਸ਼ ਜਾਰੀ ਰੱਖੀਂ। ਉਹ ਕਹਿਣ ਲੱਗਿਆ, ਬਿਲਕੁਲ ਠੀਕ ਹੈ। ਪਤਨੀ ਨੇ ਉਸਦੇ ਗਲ ਨੂੰ ਰੱਸੀ ਬੰਨ ਦਿਤੀ, ਉਹ ਮੇਲੇ ਚਲਾ ਗਿਆ। ਸਾਰਾ ਦਿਨ ਮੇਲਾ ਦੇਖਦਾ ਰਿਹਾ। ਰਾਤ ਨੂੰ ਉਥੇ ਹੀ ਮੇਲੇ 'ਚ ਠਹਿਰ ਗਿਆ। ਉਥੇ ਇਕ ਮਸ਼ਕਰਾ ਸੀ। ਉਸਨੇ ਉਸ ਨੂੰ ਪੁੱਛ ਲਿਆ, ਤੂੰ ਗਲ ਨੂੰ ਰੱਸੀ ਕਿਉਂ ਬੰਨ੍ਹੀ ਹੈ? ਇਹ ਇਸ ਕਰਕੇ ਬੰਨ੍ਹੀ ਹੈ ਕਿ ਮੈਂ ਮੇਲੇ ਵਿਚ ਆਪਣੇ ਆਪ ਨੂੰ ਭੁੱਲ ਨਾ ਜਾਵਾਂ ਕਿਉਂਕਿ ਮੈਂ ਕਦੀ ਮੇਲੇ ਨਹੀਂ ਆਇਆ। ਮਸ਼ਕਰੇ ਨੂੰ ਮਸ਼ਕਰੀ ਮਸਾਂ ਲੱਭਦੀ ਹੈ। ਉਸਨੇ ਕਿਹਾ ਇਸਦਾ fool ਬਣਾਈਏ। ਜਦੋਂ ਰਾਤ ਨੂੰ ਉਹ ਸੁੱਤਾ, ਉਸਨੇ ਜੁਲਾਹੇ ਦੇ ਗਲ 'ਚੋਂ ਰੱਸੀ ਖੋਲ੍ਹ ਕੇ ਇਕ ਹੋਰ ਆਦਮੀ ਦੇ ਗਲ ਨੂੰ ਬੰਨ ਦਿਤੀ। ਸਵੇਰੇ ਜਦੋਂ ਉਹ ਉਠਿਆ, ਉਸਨੇ ਉਠਣ ਸਾਰ ਆਪਣੇ ਗਲ ਨੂੰ ਹੱਥ ਮਾਰਿਆ, ਦੇਖਿਆ, ਰੱਸੀ ਤਾਂ ਗਲ ਨੂੰ ਹੈ ਨਹੀਂ। ਉਸਨੇ ਕਿਹਾ ਮੈਂ ਤਾਂ ਭੁੱਲ ਗਿਆ। ਚਿੰਤਾ ਵਿਚ ਪੈ ਗਿਆ ਤੇ ਆਪਣੇ ਆਪ ਨੂੰ ਲੱਭਣਾ ਸ਼ੁਰੂ ਕੀਤਾ। ਜਦੋਂ ਉਹੀ ਰੱਸੀ ਦੂਸਰੇ ਆਦਮੀ ਦੇ ਗਲ ਨੂੰ ਬੰਨ੍ਹੀ ਦੇਖੀ, ਉਸਨੇ ਉਸ ਬੰਦੇ ਨੂੰ ਜਾ ਫੜਿਆ, ਨਾਲੇ ਉਚੀ-ਉਚੀ ਕਹਿਣ ਲੱਗ ਪਿਆ - ਮੈਂ ਤਾਂ "ਤੂੰ ਹਾਂ", ਮੈਂ ਤਾਂ "ਤੂੰ ਹਾਂ"। ਸਾਰੇ ਲੋਕ ਉਸਦੀ ਅਗਿਆਨਤਾ ਨੂੰ ਦੇਖ ਕੇ ਹੱਸਣ ਲਗ ਪਏ। ਇਸੀ ਤਰ੍ਹਾਂ ਇਹ ਆਤਮ ਸ਼ਹਿਜ਼ਾਦੇ ਦੇ ਗਲ ਨਾਲੋਂ ਰੱਸੀ ਖੋਲ੍ਹ ਕੇ ਅਗਿਆਨ ਰੂਪੀ ਮਸ਼ਕਰੇ ਨੇ ਦੇਹ ਰੂਪੀ ਦੂਸਰੇ ਆਦਮੀ ਦੇ ਗਲ ਨੂੰ ਬੰਨ੍ਹ ਦਿਤੀ ਹੈ ਜਿਸਦੀ ਵਜ੍ਹਾ ਕਰਕੇ ਇਹ ਆਪਣੇ ਆਪ ਨੂੰ ਦੇਹ ਮੰਨ ਬੈਠਾ ਹੈ ਤੇ ਜਨਮ ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈ। ਜਿੰਨੀ ਦੇਰ ਇਸਦੀ ਇਹ ਭੁੱਲ ਖਤਮ ਨਹੀਂ ਹੁੰਦੀ, ਉਨੀ ਦੇਰ ਨਾ ਸੁਖੀ ਹੋ ਸਕੇ ਅਤੇ ਨਾ ਹੀ ਜੰਮਣ ਮਰਨ ਤੋਂ ਰਹਿਤ ਹੋ ਸਕੇ। ਇਹ ਭੁੱਲ ਨੇ ਹੀ ਇਸਨੂੰ ਕੋਹਲੂ ਚੱਕਰ ਵਿਚ ਪਾਇਆ ਹੋਇਆ ਹੈ। ਇਸਦੀ ਬਾਬਤ ਸਤਿਗੁਰੂ ਜੀ ਸਾਨੂੰ ਸਮਝਾਉਣ ਲਈ ਬਹੁਤ ਸਾਰੇ ਬਚਨ ਕਹਿੰਦੇ ਹਨ ਜਿਵੇਂ ਕਿ -

*ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥*
*ਮਨਮੁਖ ਅੰਧੇ ਫਿਰਹਿ ਬੇਤਾਲੇ॥* ਪੰਨਾ - 117
*ਸਭ ਕਿਛੁ ਘਰ ਮਹਿ ਬਾਹਰਿ ਨਾਹੀ॥*
*ਬਾਹਰਿ ਟੋਲੈ ਸੋ ਭਰਮਿ ਭੁਲਾਹੀ॥* ਪੰਨਾ - 102

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

*ਪੰਨਾ - 441*

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥*

*ਪੰਨਾ - 1378*

ਇਹ ਭੁੱਲ ਇਸ ਤਰ੍ਹਾਂ ਦੀ ਹੈ ਜਿਵੇਂ ਕਿਸੇ ਬੰਦੇ ਨੂੰ ਭਰਮ ਹੋ ਗਿਆ ਕਿ ਮੇਰਾ ਤਾਂ ਰੰਗ ਕਾਲਾ ਹੈ। ਇਸ ਕਰਕੇ ਹੀ ਉਹ ਦੁਖੀ ਹੈ। ਸਭ ਕਹਿੰਦੇ ਹਨ ਕਿ ਤੇਰਾ ਰੰਗ ਕਾਲਾ ਨਹੀਂ, ਗੋਰਾ ਹੈ ਪਰ ਉਹ ਮੰਨਦਾ ਨਹੀਂ। ਇਕ ਮਹਾਂਪੁਰਖਾਂ ਨੇ ਸੋਚਿਆ ਕਿ ਇਸਨੇ ਇਉਂ ਨਹੀਂ ਮੰਨਣਾ, ਉਹਨਾਂ ਨੇ ਉਸਦੇ ਚਿਹਰੇ ਅੱਗੇ ਸ਼ੀਸ਼ਾ ਕਰ ਦਿਤਾ। ਜਦੋਂ ਉਸਨੇ ਸ਼ੀਸ਼ੇ ਵਿਚ ਵੇਖਿਆ ਕਿ ਉਹਦਾ ਰੰਗ ਤਾਂ ਬਹੁਤ ਸੁੰਦਰ ਅਤੇ ਬੜਾ ਸੁਹਣਾ ਹੈ ਤਾਂ ਉਸਦੇ ਸਾਰੇ ਦੁੱਖ ਹੀ ਦੂਰ ਹੋ ਗਏ। ਇਸੀ ਤਰ੍ਹਾਂ ਜਿਵੇਂ ਆਪਣਾ ਚਿਹਰਾ ਕਦੇ ਵੀ ਕਿਸੇ ਨੂੰ ਦੂਰ ਨਹੀਂ, ਪਰ ਆਪਣੀਆਂ ਅੱਖਾਂ ਨਾਲ ਦਿਸਦਾ ਨਹੀਂ। ਭਾਵੇਂ ਇਹ ਅੱਖਾਂ ਸਾਰੇ ਸੰਸਾਰ ਨੂੰ ਦੇਖਦੀਆਂ ਹਨ ਪਰ ਆਪਣਾ ਚਿਹਰਾ ਦੇਖਣ ਵਾਸਤੇ ਸ਼ੀਸ਼ੇ ਦੀ ਜ਼ਰੂਰਤ ਪੈਂਦੀ ਹੈ। ਇਸੀ ਤਰ੍ਹਾਂ ਹਰ ਇਨਸਾਨ ਦੇ ਅੰਦਰ ਰਾਜਾਨ ਰਾਜ ਵਾਹਿਗੁਰੂ ਸਾਹਿਬ ਜੀ ਬਿਰਾਜਮਾਨ ਹਨ ਪਰ ਉਹਨਾਂ ਦੇ ਦਰਸ਼ਨਾਂ ਵਾਸਤੇ ਗੁਰੂ ਗਿਆਨ ਰੂਪੀ ਸ਼ੀਸ਼ੇ ਦੀ ਜ਼ਰੂਰਤ ਹੈ। ਸ਼ੀਸ਼ਾ ਵੀ ਪੁੱਠਾ ਨਾ ਹੋਵੇ, ਹਿਲਦਾ ਨਾ ਹੋਵੇ ਅਤੇ ਮੈਲਾ ਨਾ ਹੋਵੇ। ਜੇ ਤਿੰਨੇ ਨੁਕਸ ਹੋਣਗੇ ਤਾਂ ਸ਼ੀਸ਼ਾ ਹੋਣ ਦੇ ਬਾਵਜੂਦ ਵੀ ਆਪਣਾ ਚਿਹਰਾ ਨਹੀਂ ਦਿਸੇਗਾ। ਚਿਹਰੇ ਨੂੰ ਦੇਖਣ ਵਾਸਤੇ ਇਹ ਤਿੰਨੇ ਨੁਕਸ ਦੂਰ ਕਰਨੇ ਜ਼ਰੂਰੀ ਹਨ।

ਇਸੀ ਤਰ੍ਹਾਂ ਵਾਹਿਗੁਰੂ ਜੀ ਕਿਸੇ ਤੋਂ ਦੂਰ ਨਹੀਂ ਹਨ; ਹਾਜ਼ਰ ਨਾਜ਼ਰ ਹਨ, ਜ਼ਾਹਰਾ ਜ਼ਹੂਰ ਹਨ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*

*ਪੰਨਾ - 677*

*ਸਰਬ ਜੋਤਿ ਤੇਰੀ ਪਸਰਿ ਰਹੀ॥*
*ਜਹ ਜਹ ਦੇਖਾ ਤਹ ਨਰਹਰੀ॥* *ਪੰਨਾ - 876*

ਇਸੀ ਤਰ੍ਹਾਂ ਵਾਹਿਗੁਰੂ ਸ਼ਾਹ ਰਗ ਤੋਂ ਨੇੜੇ ਹੋਣ ਦੇ ਬਾਵਜੂਦ ਵੀ ਦੂਰ ਕਿਤੇ ਹੋਰ ਪ੍ਰਤੀਤ ਹੋ ਰਿਹਾ ਹੈ। ਉਸਦਾ ਕਾਰਨ ਇਹ ਹੈ ਕਿ ਸਾਡੇ ਮਨ ਰੂਪੀ ਦਰਪਣ ਵਿਚ ਮਲ - ਵਿਖੇਪ, ਆਵਰਨ ਤਿੰਨ ਵੱਡੇ ਭਾਰੇ ਨੁਕਸ ਹਨ ਜਿੰਨ੍ਹਾਂ ਕਰਕੇ ਅੰਦਰ ਬੈਠੇ ਵਾਹਿਗੁਰੂ ਜੀ ਦੇ ਦਰਸ਼ਨ ਨਹੀਂ ਹੋ ਰਹੇ। ਮਲ, ਵਿਕਾਰਾਂ ਦੀ ਮੈਲ ਕਾਰਨ ਮਨ ਰੂਪੀ ਸ਼ੀਸ਼ਾ ਮੈਲਾ ਹੈ। ਵਿਖੇਪ ਦੋਸ਼ ਹੈ - ਸ਼ੀਸ਼ਾ ਹਿਲਦਾ ਹੈ ਭਜਨ ਪਾਠ ਵੇਲੇ ਵੀ ਟਿਕਦਾ ਨਹੀਂ। ਅਵਰਨ ਕਹੋ - ਮਨ ਰੂਪੀ ਸ਼ੀਸ਼ਾ ਪੁੱਠਾ ਹੈ। ਜਦੋਂ ਅਸੀਂ ਗੁਰੂ ਸ਼ਰਨ ਪ੍ਰਾਪਤ ਕਰਕੇ ਕਰਮ, ਉਪਾਸ਼ਨਾ, ਗਿਆਨ ਦੁਆਰਾ ਇਹ ਤਿੰਨੇ ਦੋਸ਼ ਦੂਰ ਕਰ ਲਵਾਂਗੇ ਤਾਂ ਵਾਹਿਗੁਰੂ ਜੀ ਦੇ ਦਰਸ਼ਨ ਇਉਂ ਹੋ ਜਾਣਗੇ ਜਿਵੇਂ ਸਿੱਧੇ ਸਾਫ ਟਿਕੇ ਹੋਏ ਸ਼ੀਸ਼ੇ ਵਿਚ ਆਪਣੇ ਚਿਹਰੇ ਦੇ ਦਰਸ਼ਨ ਹੁੰਦੇ ਹਨ। ਸੋ ਲੋੜ ਤਾਂ ਇਹ ਤਿੰਨੇ ਨੁਕਸ ਦੂਰ ਕਰਨ ਦੀ ਹੈ। ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਕਦੇ ਵੀ ਦੂਰ ਨਹੀਂ। ਚਿਹਰਾ ਜਿਉਂ ਕਾ ਤਿਉਂ ਹੈ, ਚਿਹਰੇ ਵਿਚ ਕੋਈ ਰੰਚਕ ਮਾਤਰ ਵੀ ਫਰਕ ਨਹੀਂ। ਪੂਰੇ ਗੁਰੂ ਦੀ ਸ਼ਰਨ ਤੋਂ ਬਗੈਰ ਇਸਦੀ ਇਹ ਭੁੱਲ ਜੋ ਸਾਰੇ ਦੁੱਖਾਂ ਦਾ ਮੂਲ ਹੈ, ਦੂਰ ਨਹੀਂ ਹੁੰਦੀ ਭਾਵੇਂ ਇਹ ਚਾਰੇ ਵੇਦਾਂ ਦਾ ਗਿਆਤਾ ਵੀ ਕਿਉਂ ਨਾ ਹੋਵੇ। ਇਹ ਭੁੱਲ ਇਸਨੂੰ ਇਉਂ ਕੋਹਲੂ ਚੱਕਰ ਵਿਚ ਪਾਈ ਰੱਖਦੀ ਹੈ ਜਿਵੇਂ ਕਿ ਬੱਬਰ ਸ਼ੇਰ ਨਾਲ ਬੀਤੀ ਸੀ।

ਇਕ ਵਾਰ ਇਕ ਆਜੜੀ ਭੇਡਾਂ ਚਾਰ ਰਿਹਾ ਸੀ ਉਸਨੂੰ ਸ਼ੇਰਨੀ ਦੇ ਘੁਰਨੇ ਵਿਚੋਂ ਸ਼ੇਰਨੀ ਦਾ ਬੱਚਾ ਮਿਲ ਗਿਆ। ਸ਼ੇਰਨੀ ਕਿਤੇ ਇਧਰ-ਉਧਰ ਗਈ ਹੋਈ ਸੀ। ਕੁਛ ਦਿਨਾਂ ਦੇ ਬੱਚੇ ਨੂੰ ਉਹ ਆਜੜੀ ਚੁੱਕ ਲਿਆਇਆ। ਉਸਨੂੰ ਭੇਡਾਂ ਬਕਰੀਆਂ ਦਾ ਦੁੱਧ ਪਿਲਾ ਕੇ ਪਾਲਦਾ ਰਿਹਾ। ਸਮਾਂ ਪੈਣ ਤੇ ਉਹ ਕਾਫੀ ਵੱਡਾ ਹੋ ਗਿਆ, ਕੰਮ ਦੇ ਯੋਗ ਹੋ ਗਿਆ। ਉਹ ਇਹ ਭੁੱਲ ਗਿਆ ਕਿ ਮੈਂ ਸ਼ੇਰ ਹਾਂ। ਭੇਡਾਂ ਬੱਕਰੀਆਂ ਵਿਚ ਰਹਿਣ ਕਰਕੇ ਉਸਦਾ ਸੁਭਾਅ ਵੀ ਉਹੋ ਜਿਹਾ ਹੀ ਹੋ ਗਿਆ ਕਿਉਂਕਿ ਉਹ ਆਪਣੇ ਆਪ ਨੂੰ ਤਾਂ ਭੁੱਲ ਹੀ ਗਿਆ ਸੀ ਕਿ ਮੈਂ ਕੌਣ ਹਾਂ। ਆਜੜੀ ਨੇ ਉਸਤੋਂ ਗਧੇ ਦਾ ਕੰਮ ਲੈਣਾ ਸ਼ੁਰੂ ਕਰ ਦਿਤਾ। ਆਜੜੀ ਨੇ ਉਚੇ ਛਟ ਲੱਦ ਕੇ ਭਾਰ ਢੋਣਾ ਸ਼ੁਰੂ ਕਰ ਦਿਤਾ। ਆਜੜੀ ਉਹਦੇ ਉਤੇ ਪਿੱਠ ਤੇ ਉਵੇਂ ਡੰਡੇ ਮਾਰਦਾ ਹੈ ਜਿਵੇਂ ਗਧਿਆਂ ਦੇ ਮਾਰਦੇ ਹਨ। ਉਹ ਸ਼ੇਰ ਭਾਰ ਢੋਂਦਾ ਹੈ ਤੇ ਆਪਣੀ ਪਿੱਠ ਤੇ ਡੰਡੇ ਖਾਂਦਾ ਹੈ। ਇਵੇਂ ਅਗਿਆਨ ਰੂਪੀ ਆਜੜੀ ਪਾਸੋਂ ਅਗਿਆਨੀ ਪੁਰਸ਼ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਦੇ ਡੰਡੇ ਖਾਂਦਾ ਹੈ; ਅਵਿਦਿਆ, ਅਸਮਿਤਾ, ਰਾਗ, ਦ੍ਵੈਸ਼ ਰੂਪੀ ਭਾਰ ਚੁੱਕੀ ਫਿਰਦਾ ਹੈ ਅਤੇ ਅਨੇਕਾਂ ਦੁਖ ਝੱਲ ਰਿਹਾ ਹੈ। ਇਹ ਦੁੱਖ ਅਣਗਿਣਤ ਹਨ ਜਿਵੇਂ ਕਿ ਉਹ ਸ਼ੇਰ ਦਾ ਜੀਵਨ ਬਰਬਾਦ ਹੈ।

ਇਕ ਦਿਨ ਉਸ ਸ਼ੇਰ ਨੂੰ ਭੇਡਾਂ ਬੱਕਰੀਆਂ ਵਿਚ ਫਿਰਦਿਆਂ ਉਸਦੇ ਭਰਾ ਸ਼ੇਰ ਨੇ ਦੇਖ ਲਿਆ ਤੇ ਉਸਦੀ ਕਮਰੋੜ (ਪਿੱਠ) ਭਾਰ ਨਾਲ ਸੁੱਜੀ ਹੋਈ ਦੇਖੀ। ਉਸਨੂੰ ਉਸਤੇ ਰਹਿਮ ਆ ਗਿਆ, ਤਰਸ ਆ ਗਿਆ। ਉਹ ਭੁੱਲੇ ਹੋਏ ਸ਼ੇਰ ਨੂੰ ਕੰਨੋ ਫੜ ਕੇ ਪਰ੍ਹੇ ਦੂਰ ਰੋਹੀ ਬੀਆਵਾਨ ਇਕਾਂਤ ਵਿਚ ਲੈ ਗਿਆ ਤੇ ਉਸਨੂੰ ਸਮਝਾਉਣਾ ਸ਼ੁਰੂ ਕੀਤਾ ਕਿ ਭਾਈ ਤੂੰ ਆਪਣੇ ਆਪ ਨੂੰ ਭੁੱਲ ਗਿਆ ਹੈਂ ਜਿਸਦੀ ਵਜ੍ਹਾ ਕਰਕੇ ਦਿਨ ਰਾਤ ਦੁਖਾਂ ਦਾ ਸ਼ਿਕਾਰ ਹੋ ਰਿਹਾ ਹੈਂ। ਤੂੰ ਆਪਣੇ ਆਪ ਨੂੰ ਪਛਾਣਨਾ ਕਰ; ਤੂੰ ਗਧਾ ਨਹੀਂ, ਤੂੰ ਬੱਬਰ ਸ਼ੇਰ ਹੈਂ। ਉਹ ਮੰਨਦਾ ਨਹੀਂ, ਕਹਿੰਦਾ ਮੈਂ ਤਾਂ ਗਧਾ ਹੀ ਹਾਂ। ਸਮਝਾਉਣ ਵਾਲੇ ਸ਼ੇਰ ਨੇ ਸੋਚਿਆ ਇਉਂ ਇਸਦੀ ਭੁੱਲ ਦਾ ਪਰਦਾ ਦੂਰ ਨਹੀਂ ਹੋਣਾ। ਉਹ ਉਸਨੂੰ ਖੂਹ ਦੀ ਮੌਣ ਉਤੇ ਲੈ ਗਿਆ, ਉਸਨੂੰ ਕਹਿਣ ਲੱਗਿਆ ਕਿ ਹੇਠਾਂ ਖੂਹ ਦੇ ਪਾਣੀ ਵਿਚ ਦੇਖ ਤੂੰ ਮੇਰੇ ਵਰਗਾ ਹੀ ਹੈਂ ਕਿ ਨਹੀਂ। ਜਦ ਸ਼ੇਰ ਨੇ ਖੂਹ ਦੇ ਪਾਣੀ ਵੱਲ ਦੇਖਿਆ ਤਾਂ ਉਸਨੂੰ ਆਪਣਾ ਚਿਹਰਾ ਦਿਸਿਆ ਤੇ ਕਹਿਣ ਲੱਗਿਆ, ਹਾਂ, ਹਾਂ ਤਾਂ ਮੈਂ ਤੇਰੇ ਵਰਗਾ ਹੀ। ਸ਼ੇਰ ਕਹਿਣ ਲੱਗਿਆ, ਤੂੰ ਤਾਂ ਬਿਲਕੁਲ ਮੇਰੇ ਵਰਗਾ ਹੀ ਹੈਂ, ਵੇਖ ਲੈ ਚੰਗੀ ਤਰ੍ਹਾਂ ਤਾਂ ਕਿ ਤੇਰਾ ਭੁਲੇਖਾ ਦੂਰ ਹੋ ਜਾਵੇ। ਉਹ ਕਹਿੰਦਾ, ਬਿਲਕੁਲ ਠੀਕ ਹੈ। ਸ਼ੇਰ ਕਹਿਣ ਲੱਗਿਆ, ਹੁਣ ਮੈਂ ਭਬਕ ਮਾਰਦਾ ਹਾਂ, ਤੂੰ ਵੀ ਮੇਰੇ ਵਾਂਗੂੰ ਭਬਕ ਮਾਰੀਂ। ਜਦੋਂ ਸ਼ੇਰ ਨੇ ਭਬਕ ਮਾਰੀ ਤਾਂ ਉਹ ਭੁੱਲੜ ਸ਼ੇਰ ਨੂੰ ਗਿਆਨ ਹੋ ਗਿਆ। ਉਸਨੇ ਵੀ ਫਿਰ ਐਸੀ ਭਬਕ ਮਾਰੀ, ਖੂਹ ਗੂੰਜਣ ਲਾ ਦਿਤਾ। ਨਿਹਾਲ ਹੋ ਗਿਆ, ਆਪਣੇ ਅਸਲੀ ਟਿਕਾਣੇ ਤੇ ਆ ਗਿਆ, ਅਨੰਦ ਪ੍ਰਸੰਨ ਹੋ ਗਿਆ, ਸਾਰੇ ਦੁਖ ਦੂਰ ਹੋ ਗਏ, ਪਿੱਠ ਤੇ ਡੰਡੇ ਪੈਣੇ ਬੰਦ ਹੋ ਗਏ। ਉਹ ਆਜੜੀ ਜਿਹੜਾ ਉਸਨੂੰ ਗੁਲਾਮ

ਬਣਾਈ ਫਿਰਦਾ ਸੀ, ਉਹ ਹੁਣ ਨੇੜੇ ਨਹੀਂ ਫਟਕ ਸਕਦਾ।

ਇਸੇ ਤਰ੍ਹਾਂ ਗੁਰੂ ਇਸਦੇ ਗੁਲਾਮੀ ਦੇ ਬੰਧਨ ਕੱਟ ਕੇ ਸਾਰੇ ਦੁਖਾਂ ਤੋਂ ਬਰੀ ਕਰਦਾ ਹੈ, ਅਜ਼ਾਦ ਕਰਦਾ ਹੈ, ਮੁਕਤਾ ਕਰਦਾ ਹੈ-

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥*

ਪੰਨਾ - 1002

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*

ਪੰਨਾ - 1291

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥*
*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*
*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥*

ਪੰਨਾ - 684

* * * * * 'ਚਲਦਾ'

---

(ਪੰਨਾ 11 ਦੀ ਬਾਕੀ)

*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ*
*ਦਿਬ ਦ੍ਰਿਸਟਿ ਹੋਈ॥* ਪੰਨਾ - 922

ਕਿਉਂਕਿ ਸੰਤਾਂ ਦੇ ਹਿਰਦੇ ਵਿਚੋਂ ਅਗਿਆਨ ਦਾ ਪੂਰਨ ਤੌਰ ਉਪਰ ਅਭਾਵ ਹੋ ਚੁਕਿਆ ਹੁੰਦਾ ਹੈ, ਉਨ੍ਹਾਂ ਨੂੰ ਸਾਰੇ ਚੰਗੇ-ਮੰਦੇ ਪ੍ਰਮੇਸ਼ਰ ਰੂਪ ਹੋ ਕੇ ਦਿਸਦੇ ਹਨ। ਦ੍ਵੈਤ ਦਾ ਮੋਤੀਆ ਬਿੰਦ ਪੂਰਨ ਰੂਪ ਵਿਚ ਦੂਰ ਹੋ ਚੁਕਿਆ ਹੁੰਦਾ ਹੈ। ਉਹ ਜਿਧਰ ਵੀ ਦੇਖਦੇ ਹਨ ਉਨ੍ਹਾਂ ਨੂੰ ਇਕੋ ਰੂਪ ਨਜ਼ਰ ਆਉਂਦਾ ਹੈ। ਜਿਵੇਂ ਕਿ ਫੁਰਮਾਨ ਹੈ-

*ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ॥*
*ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ॥*
*ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ॥*
*ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ॥*
*ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥*
*ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥*
*ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ॥*
*ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ॥*
*ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ॥*
*ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ॥*

ਪੰਨਾ - 206

ਗੁਰੂ ਦਸ਼ਮੇਸ਼ ਪਿਤਾ ਜੀ ਇਸ ਸਾਰੇ ਸੰਸਾਰ ਵਿਚ ਅਨੇਕਤਾ ਵਿਚ ਇਕ ਨੂੰ ਜਣਾਉਂਦੇ ਹੋਏ ਫੁਰਮਾਨ ਕਰਦੇ ਹਨ -

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ,*
*ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ, ਸਬੈ ਤਾਹੀ ਮੈ ਸਮਾਹਿੰਗੇ॥*

(ਅਕਾਲ ਉਸਤਤਿ)

ਸੋ ਇਸ ਕਰਕੇ *'ਆਠ ਪਹਰ ਨਿਕਟਿ ਕਰਿ ਜਾਨੈ॥'* ਇਹ ਸੰਤਾਂ ਦੀ ਰਹਿਤ ਦਾ ਪਹਿਲਾ ਅੰਗ ਹੁੰਦਾ ਹੈ, ਇਸ ਉਪਰ ਇਕ ਸਾਖੀ ਆਉਂਦੀ ਹੈ -

ਅਨੰਦਪੁਰ ਸਾਹਿਬ ਵਿਚ ਗੁਰ ਦਸ਼ਮੇਸ਼ ਪਿਤਾ ਜੀ ਵੇਲੇ ਭਿਆਨਕ ਯੁੱਧ ਛਿੜਿਆ ਹੋਇਆ ਹੈ, ਘੇਰਾ ਬਹੁਤ ਜ਼ਬਰਦਸਤ ਪਿਆ ਹੋਇਆ ਹੈ। ਕਈ ਮਹੀਨੇ ਇਸ ਜੰਗ ਨੂੰ ਲਗਿਆਂ ਬੀਤ ਚੁਕੇ ਹਨ। ਆਪਸ ਵਿਚ ਫੌਜਾਂ ਦੀਆਂ ਝੜੱਪਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਯੁੱਧਾਂ ਵਿਚ ਇਕ ਪ੍ਰੇਮੀ ਜਿਸਦਾ ਨਾਮ ਭਾਈ ਘਨਈਆ ਸੀ, ਉਹ ਬਿਨਾਂ ਵਿਤਕਰੇ ਸਭਨਾਂ ਪਿਆਸਿਆਂ ਨੂੰ ਪਾਣੀ ਪਿਲਾ ਰਿਹਾ ਸੀ। ਦੋਹਾਂ ਫੌਜਾਂ ਵਿਚੋਂ ਕੋਈ ਵੀ ਉਸ ਉਪਰ ਨਾ ਰਾਈਫਲ ਦਾ ਵਾਰ ਕਰਦਾ ਸੀ, ਨਾ ਤੀਰ ਦਾ ਵਾਰ ਕਰਦਾ ਸੀ ਅਤੇ ਨਾ ਹੀ ਤਲਵਾਰ ਤੇ ਨੇਜ਼ੇ ਨਾਲ ਉਸਨੂੰ ਮਾਰਨ ਦਾ ਕੋਈ ਫੁਰਨਾ ਕਰਦਾ ਸੀ। ਸਿੰਘਾਂ ਨੇ ਗੁਰੂ ਮਹਾਰਾਜ ਜੀ ਪਾਸ ਉਸਦੇ ਕਿਰਦਾਰ ਦੀ ਸ਼ਿਕਾਇਤ ਕੀਤੀ ਤਾਂ ਉਸਨੂੰ ਬੁਲਾ ਕੇ ਪੁਛਿਆ ਗਿਆ ਕਿ ਤੂੰ ਕਿਸਨੂੰ ਪਾਣੀ ਪਿਲਾਉਂਦਾ ਹੈਂ? ਉਹ ਮਹਾਂਪੁਰਸ਼ ਪੂਰਨ ਗਿਆਨਵਾਨ ਪ੍ਰਭੂ ਨੂੰ ਸਰਗੁਣ ਅਤੇ ਨਿਰਗੁਣ ਵਿਚ ਪ੍ਰਤੱਖ ਦੇਖਣ ਵਾਲਾ ਹਰ ਥਾਂ ਉਪਰ ਸਤਿਗੁਰੂ ਦੀ ਅਜ਼ਲੀ ਜੋਤਿ ਦਾ ਪਸਾਰਾ, ਸਰਬ ਬ੍ਰਹਿਮੰਡ ਵਿਚ ਅਖੰਡ ਬਿਰਤੀ ਰਾਹੀਂ ਤਕਦਾ ਰਹਿੰਦਾ ਸੀ। ਉਸ ਵਿਚੋਂ ਆਪਣੀ ਹਉਂ ਦਾ ਪੂਰਨ ਰੂਪ ਵਿਚ ਅਭਾਵ ਸੀ ਅਤੇ ਦੂਜਾ ਦ੍ਰਿਸ਼ਟੀ ਨਹੀਂ ਆਉਂਦਾ ਸੀ। ਉਸ ਲਈ ਨਾ ਕੋਈ ਵੈਰੀ ਸੀ, ਨਾ ਕੋਈ ਮਿੱਤਰ ਸੀ; ਉਹ ਨਿਹਚਲ ਚਿਤ ਪੂਰਨ ਤੌਰ ਤੇ ਬ੍ਰਹਮਲੀਨ ਮੂਰਤ ਸੀ। ਇਹ ਪੁੱਛਣ ਤੇ ਕਿ ਪਾਣੀ ਕਿਸਨੂੰ ਪਿਲਾਉਂਦਾ ਹੈਂ? ਆਪ ਨੇ ਉਤਰ ਦਿਤਾ ਕਿ ਹੇ ਪ੍ਰਭੂ! ਤੇਰੇ ਬਗੈਰ ਸੰਸਾਰ ਵਿਚ ਹੋਰ ਕੋਈ ਹੈ ਨਹੀਂ। ਸੋ ਮੈਂ ਤੇਰੇ ਬਿਨਾਂ ਕਿਸੇ ਨੂੰ ਪਾਣੀ ਨਹੀਂ ਪਿਲਾ ਰਿਹਾ। ਪੀਣ ਵਾਲਾ ਵੀ ਤੂੰ ਹੈ ਤੇ ਪਿਲਾਉਣ ਵਾਲਾ ਵੀ ਤੂੰ; ਜਿਧਰ ਦੇਖਦਾ ਹਾਂ ਤੇਰੇ ਸਰਗੁਣ ਰੂਪ ਤੇ ਨਿਰਗੁਣ ਜੋਤਿ ਦੀ ਮਹਿਮਾ ਪਸਰ ਰਹੀ ਹੈ। ਭਾਈ ਵੀਰ ਸਿੰਘ ਜੀ ਨੇ ਆਪਣੀ ਇਕ ਕਵਿਤਾ ਵਿਚ ਸਪਸ਼ਟ ਕੀਤਾ ਹੈ -

*ਕਲਗੀਧਰ ਦੇ ਪਾਸ ਕੋਈ ਆ ਪਿਆ ਸ਼ਿਕੈਤ ਲਗਾਵੇ -*
*"ਮਾਰ ਮਾਰ ਕੇ ਸਿਖ ਤੁਰਕ ਨੂੰ ਕਾਰੀ ਫਟ ਜਦ ਲਾਵੇ,*
*"ਭਾਈ ਕਨ੍ਹੱਯਾ ਤਦੋਂ ਤੁਰਕ ਨੂੰ ਪਾਣੀ ਆਣ ਪਿਲਾਵੇ।*
*"ਅਪਨਾ ਹੋ ਕੇ ਭਾਈ ਕਨ੍ਹੱਯਾ ਦੇਖੋ ਕਹਿਰ ਕਮਾਵੇ।*
*"ਉਸਦਾ ਕੰਮ ਆਪਣੇ ਲਸ਼ਕਰ ਸਿੱਖਾਂ ਨੀਰ ਪਿਲਾਣਾ,*
*"ਨਾ ਕੇ ਵੈਰੀ ਨੂੰ ਰਣ ਤੱਤੇ ਪੁੱਤਾਂ ਵਾਂਙ ਖਿਡਾਣਾ?*
*"ਰਣ ਤੱਤੇ ਦੀ ਨੀਤੀ - 'ਮਾਰਨ' ਜਿਉ ਕਿਉਂ ਦੁਸ਼ਮਨ ਕੋਹੀਏ।*
*"ਜੋ ਵੈਰੀ ਨੂੰ ਪਜਾਰ ਕਰਾਵੇ, ਉਸਨੂੰ ਦੁਸ਼ਮਨ ਕਹੀਏ"।*
*ਸੱਦ ਕਨ੍ਹੱਯੇ ਗੁਰਾਂ ਪੁੱਛਿਆ ਸਾਰੀ ਗੱਲ ਸੁਣਾਈ।*
*ਸੀਸ ਨਿਵਾਇਆ ਰੰਗ ਰਤੜੇ ਨੇ ਬਿਨਤੀ ਮੁਖੋਂ ਅਲਾਈ -*
*"ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਂਈਂ!*
*"ਤੁਰਕ ਅਤੁਰਕ ਨ ਦਿਸਦਾ ਮੈਨੂੰ ਤੂੰ ਸਾਰੇ ਦਿਸ ਆਈਂ।*
*"ਪਿਆਰੇ ਦੇ ਇਕ ਪਿਆਰ ਪ੍ਰੋਤਾ ਉਸਦੀ ਸੇਵ ਕਰਾਵਾਂ,*
*"ਉਸ ਨੂੰ ਦੇਖਾਂ, ਉਸ ਨੂੰ ਸੇਵਾਂ, ਪਾਣੀ ਉਨੂੰ ਪਿਲਾਵਾਂ"।*
*ਹੱਸੇ ਤੇ ਗਲ ਲਾਇਆ ਪਜਾਰਾ ਡੱਬੀ ਹੱਥ ਫੜਾਈ -*
*"ਪਾਣੀ ਨਾਲ ਮਲ੍ਹਮ ਬੀ ਰੱਖੀਂ ਲੋੜ ਪਈ ਤੇ ਲਾਈਂ"।*

ਪੰਨਾ - 245-46 (ਸ੍ਰੀ ਕਲਗੀਧਰ ਚਮਤਕਾਰ)

* * * * * -ਚਲਦਾ-


# ਮਾਨਵ ਸਰੀਰ ਦੀ ਸਫਲਤਾ

*ਸੰਤ ਵਰਿਆਮ ਸਿੰਘ ਜੀ*
*ਮੁਖੀ ਤੇ ਬਾਨੀ ਵਿ. ਗੁ. ਰੂ. ਮਿਸ਼ਨ।*

(ਵਿਸ਼ਵ ਗੁ. ਰੂ. ਰੂ. ਮਿਸ਼ਨ ਦੇ ਮੁਖੀ ਤੇ ਬਾਨੀ ਮਹਾਂਪੁਰਸ਼ਾਂ ਵਲੋਂ ਮਿਤੀ 11-6-95 ਨੂੰ ਮੋਹਾਲੀ ਵਿਖੇ ਸੰਗਤਾਂ ਪ੍ਰਤੀ ਕੀਤੇ ਗਏ ਪ੍ਰਵਚਨ - ਫਿਲਮ ਨੰ: 521)

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 48)*

ਇਕ ਉਪਾਅ ਹੈ ਕਿ ਤੱਤ ਬੇਤੇ ਮਹਾਂਪੁਰਸ਼, ਪੂਰਨ ਗਿਆਨਵਾਨ, ਜਿਨ੍ਹਾਂ ਨੂੰ ਕਦੇ ਵੀ ਪ੍ਰਮੇਸ਼ਰ ਨਾ ਭੁੱਲਦਾ ਹੋਵੇ, ਹਰ ਵਕਤ ਅਭੇਦ ਅਵਸਥਾ ਵਾਲੇ ਮਹਾਤਮਾ ਹੋਣ; ਉਹ ਕਰ ਦੇਣ ਬਚਨ ਤਾਂ ਤੈਨੂੰ ਉਮਰ ਮਿਲ ਸਕਦੀ ਹੈ। "ਫੇਰ ਮਾਤਾ! ਐਸੇ ਮਹਾਂਪੁਰਸ਼ ਨੂੰ ਟੋਲੀਏ। ਦਿਨ ਤਾਂ ਗਿਆਰਾਂ ਹੀ ਰਹਿ ਗਏ।" ਅਖੀਰ ਜੰਗਲ ਦੇ ਵਿਚ ਤਲਾਸ਼ ਕੀਤੀ। ਇਕ ਬਹੁਤ ਉਚ ਕੋਟੀ ਦੇ ਮਹਾਂਪੁਰਸ਼ ਮੰਡਲੀ ਨਾਲ ਰਹਿੰਦੇ ਨੇ। ਬੱਚਾ ਚਲਿਆ ਗਿਆ। ਇਕ ਦੋ ਦਿਨ ਬਾਕੀ ਰਹਿੰਦੇ ਨੇ। ਜਾ ਕੇ ਸਾਰੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਨੀ ਸ਼ੁਰੂ ਕਰ ਦਿਤੀ। ਹਰ ਮਹਾਂਪੁਰਸ਼ ਕਹਿ ਦਿੰਦੇ, ਬੇਟਾ! ਚਿਰੰਜੀਵ ਹੋ। ਅਖੀਰ ਵੱਡੇ ਮਹਾਂਪੁਰਸ਼ਾਂ ਦੇ ਸਮਾਂ ਮਿਲ ਗਿਆ, ਉਥੇ ਜਾ ਕੇ ਨਮਸ਼ਕਾਰ ਕਰੀ। ਬੱਚੇ ਵਲ ਦੇਖਿਆ, ਅਨੁਭਵ ਦੇ ਵਿਚ ਸਾਰਾ ਹਾਲ ਦੇਖ ਲਿਆ ਕਿ ਇਹਦੀ ਤਾਂ ਉਮਰ ਟੁੱਟੀ ਹੋਈ ਐ। ਕਹਿਣ ਲੱਗੇ, "ਕਿਵੇਂ ਆਏ ਹੋ?" ਬੱਚੇ ਨੇ ਕਿਹਾ, "ਮਹਾਰਾਜ! ਮੇਰੀ ਉਮਰ ਟੁੱਟੀ ਹੋਈ ਹੈ। ਹੁਣ ਦੋ ਕੁ ਦਿਨ ਬਾਕੀ ਰਹਿੰਦੇ ਨੇ। ਆਪ ਦੀ ਚਰਨ ਸ਼ਰਨ ਆਇਆਂ। ਆਪਦੇ ਚਰਨਾਂ ਦੇ ਨਾਲ ਮਸਤਕ ਲਾਇਐ, ਆਪ ਕ੍ਰਿਪਾ ਕਰੋ।" ਕਹਿੰਦੇ, "ਬੇਟਾ! ਜਾਹ! ਚਿਰੰਜੀਵ ਹੋ।" ਕਿੰਨੀ ਉਮਰ ਵਾਲਾ ਹੋਇਆ ਮਾਰਕੰਡਾ -



*ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥*
*ਪੰਨਾ - 692*

ਵੱਡੀ ਉਮਰ ਵਾਲਾ ਹੋਇਐ। ਚਰਨਾਂ ਦੇ ਨਾਲ ਮਸਤਕ ਲਗਣ ਦੇ ਨਾਲ ਕਿੰਨੀ ਬਰਕਤ ਐ। ਜਿਹੜਾ ਆਕੜਿਆ ਰਹਿੰਦੈ, ਉਹ ਬੰਦੇ ਨੂੰ ਤਾਂ ਧ੍ਰਿਕਾਰ ਐ। ਸੌ ਵਾਰੀ ਫਿਟੇ ਮੂੰਹ, ਜਿਹਨੇ ਐਡੇ concession ਨੂੰ avail ਨਾ ਕਰਿਆ। ਉਸ ਤੋਂ ਬਾਦ ਹੁੰਦੇ - 'ਲੋਇਨ' -

*ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰ ਤਰਣੀ।*
*ਭਾਈ ਗੁਰਦਾਸ ਜੀ, ਵਾਰ - 27/10*

ਜਿਹੜੇ ਗੁਰੂ ਦਾ ਦਰਸ਼ਨ ਨਹੀਂ ਕਰਦੇ, ਮਹਾਂਪੁਰਸ਼ਾਂ ਦਾ ਦਰਸ਼ਨ ਨੀਂ ਕਰਦੇ, ਉਹ ਧ੍ਰਿਕਾਰ ਯੋਗ ਨੇਤਰ ਨੇ, ਕਿਸੇ ਕੰਮ ਦੇ ਨੀਂ ਹੈ-

*ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥*
*ਪੰਨਾ - 1362*

ਮਹਾਰਾਜ ਕਹਿੰਦੇ, "ਜਿਹੜੇ ਸਾਧ ਦਾ ਦਰਸ਼ਨ ਨਹੀਂ ਕਰਦੇ ਨੈਣ, ਉਹਨਾਂ ਨੂੰ ਕੱਢ ਦੇਣਾ ਚਾਹੀਦੈ। ਉਹ ਰੱਖਣ ਦੇ ਕਾਬਿਲ ਨਹੀਂ ਹੋਇਆ ਕਰਦੇ ਤੇ ਉਹ ਧ੍ਰਿਕਾਰ ਯੋਗ ਨੇ, ਕਿਸੇ ਕੰਮ ਦੇ ਨਹੀਂ ਹੋਇਆ ਕਰਦੇ ਐਸੇ ਨੈਣ।

ਗੁਰੂ ਛੇਵੇਂ ਪਾਤਸ਼ਾਹ ਜੀ ਮਹਾਰਾਜ ਜਹਾਂਗੀਰ ਦੇ ਨਾਲ ਨੇ। ਖਬਰ ਆਈ ਕਿ ਇਕ ਬਹੁਤ ਵੱਡਾ ਸ਼ੇਰ ਜੰਗਲ ਦੇ ਅੰਦਰ ਕਿਸੇ ਸ਼ਿਕਾਰੀ ਤੋਂ ਨਹੀਂ ਮਰਦਾ। ਬਾਦਸ਼ਾਹ ਜਹਾਂਗੀਰ ਨੇ ਕਿਹਾ, ਗੁਰੂ ਜੀ ਆਪਾਂ ਚਲੀਏ। ਹੋ ਸਕਿਆ ਤਾਂ ਜਾਂ ਤੁਸੀਂ ਤਲਵਾਰ ਨਾਲ ਮਾਰਿਓ ਜਾਂ ਮੈਂ ਮਾਰੂੰ। ਜਦ ਸ਼ੇਰ ਦੇ ਕੋਲ ਗਏ ਤਾਂ ਸ਼ੇਰ ਐਡਾ ਜ਼ਬਰਦਸਤ ਕਿ ਜਹਾਂਗੀਰ ਦਾ ਹਾਥੀ ਪਿੱਛੇ ਨੂੰ ਮੁੜਨ ਲਗ ਗਿਆ - ਪਿਛਲੇ ਪੈਰੀਂ। ਜਿਹੜੇ ਘੋੜੇ ਬੜੇ ਪਰਖੇ ਹੋਏ ਸੀ, ਸਾਰੇ ਲਿੱਦ ਕਰਨ ਲਗ ਗਏ, ਪਿਸ਼ਾਬ ਕਰਨ ਲਗ ਗਏ, ਪਿੱਛੇ ਨੂੰ ਪੈਰ ਕਰੀਂ ਜਾਂਦੇ ਨੇ। ਮਹਾਰਾਜ ਜੀ ਖੜ੍ਹੇ ਨੇ। ਬਾਕੀ ਸਾਰੇ ਪਿਛੇ ਨੂੰ ਹੱਟ ਗਏ। ਮਹਾਰਾਜ ਕਹਿੰਦੇ, "ਜਹਾਂਗੀਰ! ਇਹਦੇ ਨਾਲ ਕਰ ਬਈ ਪਿਆਰਿਆ ਦੋ ਹੱਥ।" ਕਹਿੰਦਾ, "ਨਾ ਗੁਰੂ ਜੀ, ਇਹ ਮੇਰੇ ਵਸ ਦੀ ਬਾਤ ਨਹੀਂ। ਇਹ ਤਾਂ ਮੈਂ ਤੁਹਾਨੂੰ ਵੀ ਕਹਾਂਗਾ ਕਿ ਤੁਸੀਂ ਵੀ ਨਾ ਜਾਉ।" ਮਹਾਰਾਜ ਕਹਿੰਦੇ, "ਨਹੀਂ, ਹੁਣ ਅਸੀਂ ਤਾਂ ਜਾਵਾਂਗੇ ਕਿਉਂਕਿ ਸਾਡਾ ਫਰਜ਼ ਹੈ।" ਉਸ ਵੇਲੇ ਗੁਰੂ ਮਹਾਰਾਜ ਗਏ, ਸ਼ੇਰ ਨੇ ਹੱਲਾ ਕਰਿਆ। ਮਹਾਰਾਜ ਜੀ ਨੇ ਸ਼ੇਰ ਮਾਰ ਦਿਤਾ। ਚਾਨਣਾ ਹੋਇਆ ਬਹੁਤ, ਉਸ ਤੋਂ ਬਾਦ ਬੜੀ ਗਰਜ਼ ਉਠੀ। ਜਹਾਂਗੀਰ ਡਰ ਗਿਆ। ਕਹਿੰਦਾ, "ਮਹਾਰਾਜ ਇਹ ਕੀ ਗੱਲ ਹੋਈ ਐ।" ਕਹਿੰਦੇ, "ਜਹਾਂਗੀਰ! ਤੈਂ ਪੁੱਛਣੀ ਐਂ ਗੱਲ?" ਕਹਿੰਦਾ, "ਨਾ।" ਬੁਲਾ ਲਿਆ ਮਹਾਰਾਜ ਨੇ, ਕਹਿੰਦੇ, "ਹਾਂ ਦੱਸ ਜਹਾਂਗੀਰ ਨੂੰ।" ਕਹਿਣ ਲੱਗਿਆ,

"ਜਹਾਂਗੀਰ! ਮੈਂ ਤੇਰਾ ਚਾਚਾ ਹਾਂ - ਕਾਸਮਬੇਗ। ਮੈਂ ਅਕਬਰ ਦੇ ਨਾਲ ਗੁਰੂ ਤੀਸਰੇ ਪਾਤਸ਼ਾਹ ਦੇ ਦਰਸ਼ਨ ਕਰਨ ਗਿਆ ਸੀ। ਦਰਸ਼ਨ ਤਾਂ ਮੈਂ ਕਰ ਲਏ ਪਰ ਤਰਕ ਸੀ ਮੇਰੇ ਮਨ ਦੇ ਅੰਦਰ ਬੜੀ ਜ਼ਬਰਦਸਤ ਕਿ ਇਹ ਹਿੰਦੂ ਦਾ ਦਰਸ਼ਨ ਕਰਨ ਆਉਂਦੇ - ਮੋਮਨ ਹੋ ਕੇ। ਸਾਡੇ ਲਿਖਿਆ ਹੋਇਐ ਕਿ ਹਿੰਦੂ ਚਾਹੇ ਕਿੱਡਾ ਹੀ ਵੱਡਾ ਹੋਵੇ, ਉਹ ਫੇਰ ਵੀ ਕਾਫਰ ਹੀ ਹੈ। ਮੈਂ ਤਰਕ ਕਰੀ। ਮੇਰਾ ਭਰਾ ਜਿਹੜਾ ਵੱਡਾ ਸੀਗਾ - ਅਕਬਰ, ਉਹ ਪ੍ਰਸ਼ਾਦਾ ਛੱਕਣ ਲੱਗ ਗਿਆ ਤੇ ਮੈਂ ਛਕਿਆ ਨਾ, ਤਰਕ ਕਰੀ। ਮੈਂ ਜਦ ਆਪਣੇ ਉਥੇ ਡੇਰੇ ਪ੍ਰਸ਼ਾਦਾ ਛਕਿਆ, ਉਹ ਐਸਾ ਗਲਤ ਸੀ ਕਿ ਮੇਰੇ ਪੇਟ ਵਿਚ ਰਾਤ ਨੂੰ ਦਰਦ ਹੋਇਆ, ਮੈਂ ਉਥੇ ਹੀ ਮਰ ਗਿਆ। ਉਹ ਤਰਕ ਕਰਨ ਦਾ ਜਿਹੜਾ ਫਲ ਸੀ, ਉਹ ਮੈਂ ਤਮੋ ਗੁਣੀ ਜੂਨੀ, ਤਾਮਸੀ ਜੂਨੀ ਵਿਚ ਮੈਨੂੰ ਜਨਮ ਮਿਲਿਆ। ਉਸ ਤੋਂ ਅੱਗੇ ਗੁਰੂ ਮਹਾਰਾਜ ਤੋਂ ਪੁੱਛ ਲੈ।" ਗੁਰੂ ਮਹਾਰਾਜ ਕਹਿਣ ਲੱਗੇ ਕਿ ਇਹਨੇ ਗੁਰੂ ਦਾ ਦਰਸ਼ਨ ਕੀਤਾ ਸੀ। ਗੁਰੂ ਦੇ ਦਰਸ਼ਨ ਦਾ ਜਿਹੜਾ ਫਲ ਸੀ, ਉਹ ਅਸੀਂ ਦੇਣਾ ਸੀ। ਉਹਦਾ ਫਲ ਇਹਨੂੰ ਇਹ ਦਿਤਾ ਕਿ ਸ਼ੇਰ ਦੀ ਜੂਨੀ 'ਚੋਂ ਛੁਡਾ ਕੇ ਦੂਸਰੇ ਪਾਸੇ ਅਸੀਂ ਭੇਜ ਦਿਤਾ।" ਕਿੰਨਾ ਫਲ ਹੋਇਆ? ਚਾਹੇ ਤਰਕ ਨਾਲ ਦਰਸ਼ਨ ਕਰੇ ਪਰ ਫੇਰ ਵੀ ਦਰਸ਼ਨਾਂ ਦਾ ਫਲ ਮਿਲਦੈ।

ਗੁਰੂ ਨਾਨਕ ਪਾਤਸ਼ਾਹ ਜਦੋਂ ਵਾਪਸ ਮੁੜਦੇ ਨੇ, ਸਿਆਲਕੋਟ 'ਚੀਂ ਆ ਗਏ। ਉਥੇ ਆਏ, ਮਰਦਾਨੇ ਨੂੰ ਕਹਿੰਦੇ, "ਮਰਦਾਨਿਆਂ! ਆਪਣਾ ਇਕ ਐਥੇ ਪ੍ਰੇਮੀ ਰਹਿੰਦੈ, ਉਹਨੂੰ ਵੀ ਮਿਲ ਚਲੀਏ।" ਕਹਿੰਦਾ, "ਮਹਾਰਾਜ! ਕਿਹੜਾ?" ਕਹਿੰਦੇ, ਭੁੱਲ ਗਿਆ ਮੂਲੇ ਨੂੰ?" ਮਹਾਰਾਜ ਆਪ ਏ ਚਲ ਕੇ ਗਲੀ 'ਚ ਆ ਗਏ, ਘਰ ਦੇ ਅੱਗੇ ਆ ਗਏ। ਮਹਾਰਾਜ ਨੇ ਆਪਣੇ ਮੁਖਾਰਬਿੰਦ ਤੋਂ ਅਵਾਜ਼ ਦਿਤੀ, "ਭਾਈ ਮੂਲੇ! ਭਾਈ ਮੂਲੇ!" ਅਵਾਜ਼ ਪਛਾਣ ਲਈ। ਬੀਬੀ ਕਹਿਣ ਲੱਗੀ, ਓਹੀ ਸੰਤ ਆ ਗਏ ਜਿਹੜੇ ਤੈਨੂੰ ਲੈ ਗਏ ਸੀ। ਕਹਿੰਦਾ, "ਹਾਂ। ਮੈਂ ਬੋਲਦਾ ਨੀਂ ਹਾਂ, ਨਹੀਂ ਮੈਨੂੰ ਲੈ ਜਾਣਗੇ।" ਸਭ ਕੁਛ ਦੇਖ ਚੁਕਿਆ ਸੀ। ਮਹਾਰਾਜ ਦੇ ਨਾਲ ਜਿਸ ਵਕਤ ਗਿਆ, ਮਹਾਰਾਜ ਨੇ ਕਿਹਾ, "ਮੂਲੇ! ਅੱਜ ਚਾਰ ਵਜੇ ਤੇਰੀ ਘਰਵਾਲੀ ਨੇ ਚਿਖਾ 'ਚ ਜਲ ਜਾਣੈ, ਜੇ ਤੂੰ ਅੱਜ ਨਾ ਪਹੁੰਚਿਆ। ਦੱਸ, ਜਾਣਾ ਚਾਹੁੰਨੈ?" ਕਹਿੰਦਾ, "ਮਹਾਰਾਜ! ਹਜ਼ਾਰਾਂ ਮੀਲਾਂ ਤੇ ਬੈਠੇ ਆਂ।" ਕਹਿੰਦੇ, "ਉਹ ਸਾਡੇ ਤੇ ਰਹਿਣ ਦੇ।" ਖਤਰੀ ਸੀਗਾ, ਕਹਿੰਦਾ, "ਮਹਾਰਾਜ ਚਲਿਆ ਤਾਂ ਜਾਵਾਂ ਪਰ ਪੱਲੇ ਤਾਂ ਕੁਛ ਵੀ ਨੀਂ।" ਮਹਾਰਾਜ ਕਹਿੰਦੇ, "ਰੋੜਾਂ ਦਾ ਊਂਜਲ ਭਰ ਲੈ।" ਊਂਜਲ ਭਰ ਲਿਆ। ਕਹਿੰਦੇ, "ਨੇਤਰ ਬੰਦ ਕਰਕੇ ਖੋਲ੍ਹ ਲੈ।" ਦੇਖਿਆ ਤਾਂ ਸਿਆਲਕੋਟ ਬੈਠੇ; ਤੇ ਰੋੜ੍ਹਾਂ ਵਲ ਝਾਕਿਆ- ਸਾਰਾ ਹੀ ਸੋਨਾ। ਸਭ ਬਰਕਤਾਂ ਦੇਖਣ ਤੋਂ ਬਾਦ ਵੀ ਮੁਨਕਰ ਹੋ ਗਿਆ। ਕਹਿੰਦਾ, "ਮੈਨੂੰ ਲੈ ਜਾਣਗੇ ਜੇ ਮੈਂ ਬੋਲ ਪਿਆ। ਜਾਹ, ਤੂੰ ਕਹਿ ਦੇ, ਕੋਈ ਬਹਾਨਾ ਲਾ ਦੇ। ਮੈਂ ਕੋਠੜੀ 'ਚ ਲੁਕਦਾਂ।" ਬੀਬੀ ਆਈ ਤਾਂ ਆ ਕੇ ਕਹਿੰਦੀ, "ਮਹਾਂਪੁਰਸ਼ੋ! ਉਹ ਤਾਂ ਹੈ ਨੀਂ।" ਮਹਾਰਾਜ ਕਹਿੰਦੇ, "ਬੇਟਾ! ਸਤਿਪੁਰਸ਼ਾਂ ਦੇ ਪਾਸ ਜੇ ਝੂਠ ਬੋਲ ਦਉ, ਉਹ ਵੀ ਗੱਲ ਉਦੋਂ ਹੀ ਸੱਚੀ ਹੋ ਜਾਇਆ ਕਰਦੀ ਐ।" ਕਹਿੰਦੀ, "ਨਹੀਂ ਮਹਾਰਾਜ! ਉਹ ਤਾਂ ਹੈ ਨੀਂ।" ਕਹਿੰਦੇ, "ਜੇ ਹੈ ਨੀਂ ਤਾਂ ਹੈ ਈ ਨੀਂ ਫੇਰ?"

ਐਨਾ ਕਹਿਕੇ ਆਪ ਗਲੀ ਮੁੜ ਗਏ। ਐਧਰੋਂ ਇਹ ਚੀਕਾਂ ਮਾਰਦੇ, "ਮਰ ਗਿਆ ਓਏ! ਖਾ ਲਿਆ ਓਏ।" ਸੱਪ ਲੜ ਗਿਆ ਅੰਦਰ। ਬਾਹਰ ਕੱਢਿਆ, ਆਲੇ-ਦੁਆਲੇ ਦੇ ਪੜੋਸੀ ਬੁਲਾਏ। ਕਹਿੰਦਾ ਸਾਥੋਂ ਬੜੀ ਭੁੱਲ ਹੋ ਗਈ। ਮਹਾਰਾਜ ਗੁਰੂ ਨਾਨਕ ਪਾਤਸ਼ਾਹ ਆਏ, ਮੈਂ ਕਹਿ ਬੈਠੀ ਕਿ ਹੈ ਨਹੀਂ। ਉਹਨਾਂ ਨੇ ਮੈਨੂੰ ਇਸ਼ਾਰਾ ਵੀ ਕਰਿਆ ਕਿ ਬੇਟਾ! ਸਤਿਪੁਰਸ਼ਾਂ ਪਾਸ ਝੂਠ ਬੋਲਿਆ ਭੀ ਸਤਿ ਹੋ ਜਾਂਦੈ। ਮੈਂ ਫੇਰ ਕਹਿ ਦਿਤਾ ਕਿ ਨਹੀਂ ਮਹਾਰਾਜ! ਹੈ ਨੀਂ। ਮੂਲਾ ਕਹਿੰਦਾ, ਛੇਤੀ ਕਰੋ ਮੈਨੂੰ ਚੁੱਕ ਕੇ ਲੈ ਚਲੋ। ਚੁੱਕ ਕੇ ਲੈ ਗਏ ਤਾਂ ਉਸ ਵੇਲੇ ਥੋੜ੍ਹੀ-ਥੋੜ੍ਹੀ ਸੁਰਤ ਹੈ। ਗੁਰੂ ਨਾਨਕ ਕਹਿਣ ਲੱਗੇ, ਹੁਣ ਤਾਂ ਇਹ ਸੱਪ ਨੇ ਡੰਗ ਦਿਤਾ ਪਿਆਰਿਓ! ਹੁਣ ਨੀਂ ਕੁਛ ਬਣ ਸਕਦਾ, ਅਸੀਂ ਨਹੀਂ ਬਣਾ ਸਕਦੇ; ਦੂਜਾ ਇਹ ਬੇਮੁਖ ਹੋ ਗਿਆ। ਬੇਮੁਖ ਹੋਣ ਵਾਲੇ ਨੂੰ ਜਨਮ ਲੈਣੇ ਹੀ ਪੈਣੇ ਨੇ - ਹਜ਼ਾਰਾਂ ਹੀ। ਇਹਨੇ ਜੰਮਦੇ ਰਹਿਣਾ ਸੀ, ਮਰਦੇ ਰਹਿਣਾ ਸੀ। ਅਨੇਕ ਨਖਿੱਧ ਜੂਨੀਆਂ 'ਚ ਘੁੰਮਣਾ ਸੀ ਪਿਆਰਿਓ! ਪਰ ਅੰਤ ਦੇ ਸਮੇਂ ਦਰਸ਼ਨ ਹੋ ਗਏ। ਉਹ ਦਰਸ਼ਨ ਦਾ ਫਲ ਅਸੀਂ ਦਸਵੇਂ ਜਾਮੇ 'ਚ ਇਹਨੂੰ ਪਹੁੰਚਾਵਾਂਗੇ।

ਗੁਰੂ ਦਸਵੇਂ ਪਾਤਸ਼ਾਹ ਅੱਜ ਨੰਦੇੜ ਨੇ ਤੇ ਦੁਪਹਿਰ ਦੇ 12 ਵਜੇ ਹੋਏ ਨੇ, ਗਰਮੀ ਦਾ ਮਹੀਨੈ। ਛੋਟੀ ਜਿਹੜੀ ਬਨੈਣ, ਫਤੂਹੀ ਕਹਿੰਦੇ ਨੇ, ਉਹ ਆਪ ਨੇ ਪਹਿਨੀ ਹੋਈ ਐ ਤੇ ਇਕ ਦਮ ਘੋੜੇ ਤੇ ਸਵਾਰ ਹੋ ਗਏ ਬਰਛਾ ਲੈ ਕੇ। ਛੋਟੀ ਦਸਤਾਰ ਹੈ- ਆਪ ਦੇ ਸੀਸ ਤੇ। ਘੋੜਾ ਸਰਪਟ ਕਰ ਦਿਤਾ ਇਕ ਸਹਿਆ ਮੂਹਰੇ ਦੌੜਿਆ ਜਾ ਰਿਹੈ। ਸਿੰਘ ਵੀ ਆ ਗਏ। ਮਹਾਰਾਜ ਨੇ ਬਰਛੇ 'ਚ ਪਰੋ ਲਿਆ, ਕਹਿੰਦੇ, "ਹੁਣ ਕਿਥੇ ਜਾਨੈਂ।" ਜੇ ਤੂੰ ਭੁੱਲ ਗਿਆ, ਸਾਡੇ ਤਾਂ ਯਾਦ ਐ। ਕੋਈ ਸਮਾਂ ਸੀ ਜਦ ਤੂੰ ਸਾਡੇ ਨਾਲ ਉਦਾਸੀ ਤੇ ਗਿਆ ਸੀ ਪਰ ਬੇਮੁੱਖ ਹੋ ਗਿਆ ਸੀ ਪਿਆਰਿਆ!" ਸਿੰਘਾਂ ਨੇ ਕਿਹਾ, "ਮਹਾਰਾਜ ਕੌਣ ਐ?" ਕਹਿੰਦੇ, "ਮੂਲਾ ਹੈ।" ਮਹਾਰਾਜ ਫੇਰ ਐਨੀ ਗਰਮੀ 'ਚ ਆਪ ਆਏ।" ਕਹਿੰਦੇ, "ਅਸੀਂ ਬਚਨ ਦਿਤਾ ਹੋਇਆ ਸੀ। ਅੰਤ ਦੇ ਸਮੇਂ ਇਹਨੇ ਸਾਡੇ ਦਰਸ਼ਨ ਕਰ ਲਏ ਸੀ। ਉਹ ਦਰਸ਼ਨ ਦਾ ਫਲ ਜਿਹੜਾ ਸੀ, ਉਹ ਅਸੀਂ ਏਸ ਦਸਮੇਂ ਜਾਮੇ 'ਚ ਦੇਣਾ ਸੀ।" ਸੋ ਦਰਸ਼ਨਾਂ ਦਾ ਕਿੰਨਾ ਫਲ ਐ - ਬੇਅੰਤ ਸਾਖੀਆਂ ਨੇ। ਮਹਾਰਾਜ ਕਹਿੰਦੇ, "ਜਿਹੜੇ ਨੇਤਰ ਦਰਸ਼ਨ ਨਹੀਂ ਨਾ ਕਰਦੇ - ਸਤਿਪੁਰਸ਼ਾਂ ਤੇ ਸੰਗਤ ਦਾ, ਮਹਾਂਪੁਰਸ਼ਾਂ ਦਾ, ਗੁਰੂਆਂ ਦਾ, ਉਹ ਨੇਤ੍ਰ ਧ੍ਰਿਕਾਰ ਯੋਗ ਨੇ-

*ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰ ਤਰਣੀ॥*

*ਭਾਈ ਗੁਰਦਾਸ ਜੀ, ਵਾਰ - 27/10*

ਉਹ ਤੋਂ ਬਾਦ ਵਾਰੀ ਆ ਜਾਂਦੀ ਐ - ਕੰਨਾਂ ਦੀ। ਕੰਨਾਂ ਦੇ ਸੁਣਨ ਨਾਲ ਬੜਾ ਫਾਇਦੈ। ਜੇ ਕੰਨ ਸੁਣਦੇ ਨੀਂ, ਮਹਾਰਾਜ ਕਹਿੰਦੇ, ਧ੍ਰਿਕਾਰ ਐ -

*ਧ੍ਰਿਗ ਸਰਵਣ ਉਪਦੇਸ਼ ਵਿਣ ਸੁਣ ਸੁਰਤਿ ਨ ਧਰਣੀ।*

*ਭਾਈ ਗੁਰਦਾਸ ਜੀ, ਵਾਰ - 27/10*

ਮਹਾਂਪੁਰਸ਼ ਬਚਨ ਕਰਦੇ ਨੇ। ਸੁਣਦੇ ਨੇ, ਲੇਕਿਨ ਸੁਰਤ ਨੀਂ ਧਰਦੇ ਉਹਦੇ ਉਤੇ। ਆਈ ਗਈ ਬਚਨਾਂ ਨੂੰ ਕਰਦੇ ਨੇ। ਕਹਿੰਦੇ ਧ੍ਰਿਕਾਰ ਐ ਕਿਉਂਕਿ ਉਨ੍ਹਾਂ ਨੇ ਹੀ ਇਹਨੂੰ ਲੰਘਾ ਦੇਣੈ, ਤੇ ਫਲ ਕਿੰਨਾ ਹੁੰਦੈ? ਮਹਾਰਾਜ ਕਹਿੰਦੇ, "ਪਿਆਰਿਓ! ਕੰਨਾਂ ਦਾ ਫਰਜ਼ ਹੈ ਸੁਣਨਾ। ਸੁਣਨਾ ਕੀ ਐ?" ਗੁਰੂ ਦੀ ਬਾਣੀ ਐਂ ਪੜ੍ਹ ਲਉ -

***ਧਾਰਨਾ - ਪਵਿਤਰ ਹੋਵੋ ਜੀ, ਪਵਿੱਤਰ ਹੋਵੋ ਜੀ - 2***
***ਸੁਣ ਕੇ ਗੁਰਾਂ ਦੀ ਬਾਣੀ - 2, 2.***
***ਪਵਿੱਤਰ ਹੋਵੋ ਜੀ,..................2***

**'ਚਲਦਾ'**

# ਦੀਵਾਲੀ ਦਾ ਪ੍ਰਾਚੀਨ ਇਤਿਹਾਸ

*ਗਿਆਨੀ ਮੋਹਨ ਸਿੰਘ 'ਅਜ਼ਾਦ'*
*ਰਾੜਾ ਸਾਹਿਬ (ਲੁਧਿਆਣਾ)*
*(ਕਰਤਾ ਪਛਮੀ ਨੂਰ, ਰੂਹਾਨੀ ਸੰਦੇਸ਼ ਆਦਿ)*

ਸਾਡਾ ਦੇਸ਼ ਸੰਤਾਂ, ਭਗਤਾਂ, ਰਿਸ਼ੀਆਂ-ਮੁਨੀਆਂ, ਪੀਰਾਂ-ਪੈਗੰਬਰਾਂ ਅਤੇ ਅਵਤਾਰਾਂ ਦੀ ਜਨਮ ਭੂਮੀ ਹੈ। ਇਸ ਪੰਜ ਦਰਿਆਵਾਂ ਦੀ ਧਰਤੀ ਨੂੰ ਸਤਿਗੁਰਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ ਹੈ। ਇਸ ਦੇ ਰਸਮ ਰਿਵਾਜ਼, ਤਿੱਥ-ਤਿਉਹਾਰ ਸਾਂਝੇ ਹਨ। ਵਿਸਾਖੀ, ਲੋਹੜੀ, ਹੋਲੀ, ਰੱਖੜੀ ਅਤੇ ਦੁਸਹਿਰੇ ਵਾਂਗ ਦੀਵਾਲੀ ਦਾ ਤਿਉਹਾਰ ਵੀ ਪ੍ਰਾਚੀਨ ਅਤੇ ਸਾਰਿਆਂ ਦਾ ਸਾਂਝਾ ਹੈ। ਇਸ ਦੀ ਅਮੀਰ, ਗਰੀਬ, ਬੱਚੇ, ਬੁੱਢੇ ਅਤੇ ਨੌਜਵਾਨਾਂ ਨੂੰ ਅਥਾਹ ਖੁਸ਼ੀ ਹੁੰਦੀ ਹੈ।

ਲੋਕੀਂ ਆਪਣੀ ਹੈਸੀਅਤ ਅਨੁਸਾਰ ਘਰਾਂ ਦੀ ਸਫਾਈ ਕਰਦੇ ਹਨ, ਕੱਚੇ ਕੋਠਿਆਂ ਨੂੰ ਲਿਪਦੇ ਪੋਚਦੇ, ਰੰਗ ਰੋਗਨ, ਸਫੇਦੀ ਆਦਿ ਕਰਦੇ ਹਨ। ਘਰਾਂ ਵਿਚ ਘਿਉ, ਤੇਲ ਦੇ ਦੀਵੇ, ਮੋਮਬੱਤੀਆਂ, ਫੁਲਝੜੀਆਂ ਜਗਾਉਂਦੇ ਹਨ। ਆਤਿਸ਼ਬਾਜ਼ੀਆਂ ਚਲਾਉਂਦੇ ਹਨ। ਮਠਿਆਈ ਅਤੇ ਹੋਰ ਪਦਾਰਥ ਤਿਆਰ ਕਰਕੇ ਛਕਦੇ ਹਨ। ਇਸ ਤਿਉਹਾਰ ਤੇ ਗਰਮੀ ਘਟਦੀ ਅਤੇ ਸਰਦੀ ਸ਼ੁਰੂ ਹੁੰਦੀ ਹੈ। ਅੰਮ੍ਰਿਤਸਰ ਦੀ ਦੀਵਾਲੀ ਬੜੀ ਮਸ਼ਹੂਰ ਹੈ, ਦੂਰੋਂ-ਦੂਰੋਂ ਪ੍ਰੇਮੀ ਦਰਸ਼ਨਾਂ ਨੂੰ ਆਉਂਦੇ ਹਨ। ਇਹ ਆਦਿ ਕਾਲ ਤੋਂ ਮਨਾਇਆ ਜਾਣ ਵਾਲਾ ਇਤਿਹਾਸਕ ਤਿਉਹਾਰ ਹੈ।

**ਸਤਿਜੁਗ** - ਪਹਿਲਾਂ ਸਤਿਜੁਗ ਦੇ ਸਮੇਂ ਪ੍ਰਹਿਲਾਦ ਦੇ ਪੋਤਰੇ ਬਹਿਰੋਰਨ ਪੁੱਤਰ ਬਲਰਾਜਾ ਨੂੰ, ਜਿਸ ਦੀ ਰਾਜਧਾਨੀ ਮੁਲਤਾਨ ਸ਼ਹਿਰ ਸੀ, ਇਸੇ ਦਿਨ ਵਿਸ਼ਨੂੰ ਭਗਵਾਨ ਨੇ ਪਤਾਲ ਵਿਚ ਭੇਜਿਆ ਸੀ। ਮਹਾਂਰਾਸ਼ਟਰ ਵਿਚ ਅੱਜ ਤਕ ਇਸੇ "ਬਲਰਾਜੇ" ਦੀ ਪੂਜਾ ਕਰਦੇ ਹਨ। ਇੰਦਰ ਪਦਵੀ ਦੀ ਇੱਛਾ ਰੱਖਕੇ ਬਲਰਾਜੇ ਨੇ ਯੱਗ ਕਰਨੇ ਆਰੰਭ ਕਰ ਦਿਤੇ। ਇੰਦਰ ਦੇਵਤੇ ਨੂੰ ਰਾਜ ਖੁਸ ਜਾਣ ਦੀ ਚਿੰਤਾ ਹੋਈ ਅਤੇ ਇੰਦਰ ਨੇ ਵਿਸ਼ਨੂੰ ਭਗਵਾਨ ਪਾਸ ਬੇਨਤੀ ਕੀਤੀ ਕਿ ਜੇਕਰ ਦੈਂਤਾਂ ਦਾ ਸਵਰਗ ਵਿਚ ਰਾਜ ਹੋ ਗਿਆ ਤਾਂ ਦੇਵਤੇ ਬੜੇ ਦੁਖੀ ਹੋਣਗੇ। "ਸਾਡੀ ਮਦਦ ਕਰੋ।" ਉਸੇ ਸਮੇਂ ਸ੍ਰੀ ਵਿਸ਼ਨੂੰ ਜੀ ਬਾਵਨ ਅਵਤਾਰ ਪ੍ਰਗਟ ਹੋ ਕੇ ਬਲਰਾਜੇ ਦੇ ਬੂਹੇ ਅੱਗੇ ਵੇਦਾਂ ਦੀਆਂ ਰਿਚਾਂ (ਸਲੋਕ) ਉਚਾਰਨ ਲੱਗਾ, "ਬਲਰਾਜਾ ਖੁਸ਼ ਹੋ ਕੇ ਬੋਲਿਆ, ਦੱਸੋ ਸੁਆਮੀ ਜੀ, ਕਿਸ ਚੀਜ਼ ਦੀ ਲੋੜ ਹੈ? ਬਾਵਨ ਜੀ ਬੋਲੇ, "ਮੈਂ ਸੰਤੋਖੀ ਬ੍ਰਾਹਮਣ ਹਾਂ, ਕੇਵਲ ਢਾਈ ਕਦਮਾਂ, ਧਰਤੀ ਦੇਵੋ, ਤੁਹਾਡੇ ਬੂਹੇ ਅੱਗੇ ਕੁਟੀਆ ਬਣਾ ਕੇ ਭਜਨ ਕਰਾਂ।" ਬਲਰਾਜਾ ਬੋਲਿਆ ਕੁਝ ਹੋਰ ਮੰਗ ਲਵੋ। ਬਾਵਨ ਜੀ ਕਹਿਣ ਲੱਗੇ, ਨਹੀਂ ਜੀ ਇਤਨੀ ਹੀ ਧਰਤੀ ਕਾਫੀ ਹੈ, ਪਰ ਸੰਕਲਪ ਕਰੋ, ਦੇਵੀ ਦੇਵਤਿਆਂ ਦਾ ਗੁਰੂ 'ਬ੍ਰਿਹਸਪਤੀ' ਹੈ ਅਤੇ ਦੈਂਤਾਂ ਦਾ ਗੁਰੂ 'ਸ਼ੁੱਕਰ' ਹੈ। ਸ਼ੁੱਕਰ ਨੇ ਰੋਕਿਆ, ਰਾਜਨ! ਚੁਲੀ ਨ ਛੱਡੀਂ, ਇਹ ਛਲਿਆ ਵਿਸ਼ਨੂੰ ਹੈ। ਬਲਰਾਜਾ ਕਹਿਣ ਲੱਗਾ, ਆਇਆ ਤਾਂ ਭਿਖਾਰੀ ਬਣਕੇ ਹੈ, ਮੈਨੂੰ ਲਾਜ ਹੈ, ਚੁਲੀ ਛੱਡਾਂਗਾ। ਸ਼ੁੱਕਰ ਸੂਖਮ ਰੂਪ ਧਾਰ ਕੇ ਗੰਗਾ ਸਾਗਰ ਦੀ ਨਾਲੀ ਵਿਚ ਜਾ ਬੈਠਾ, ਪਾਣੀ ਆਉਣੋ ਬੰਦ ਹੋ ਗਿਆ। ਬਾਵਨ ਜੀ ਨੇ ਬਾਰੀਕ ਤੀਲਾ ਨਾਲੀ ਵਿਚ ਮਾਰਿਆ ਅਤੇ ਸ਼ੁੱਕਰ ਨੂੰ ਕਾਣਾ ਕਰ ਦਿਤਾ। ਪਾਣੀ ਆਇਆ, ਫੇਰ ਬਾਵਨ ਭਗਵਾਨ ਨੇ ਚੁਲੀ ਛੱਡ ਕੇ ਆਪਣੇ ਸਰੀਰ ਨੂੰ ਇਤਨਾ ਵਧਾਇਆ ਕਿ ਦੋ ਕਦਮਾਂ ਵਿਚ ਤਿੰਨ ਲੋਕ ਮਾਪ ਲਏ। ਜਦੋਂ ਬ੍ਰਹਮ ਲੋਕ ਵਿਚ ਚਰਨ ਪਾਇਆ, ਬ੍ਰਹਮਾ ਨੇ ਪੈਰ ਗੰਗਾ ਸਾਗਰ ਵਿਚ ਪਾਇਆ ਜਿਸ ਦਾ ਨਾਮ ਗੰਗਾ ਪਿਆ।

ਰਾਜੇ ਭਗੀਰਥ ਨੇ ਆਪਣੇ ਪਿੱਤਰਾਂ ਦੇ ਉਧਾਰ ਵਾਸਤੇ ਉਸਨੂੰ ਮਾਤ ਲੋਕ ਤੇ ਲਿਆਂਦਾ ਅਤੇ ਕਪਲ ਮੁਨੀ ਦੇ ਸਰਾਪ ਨਾਲ ਸਗੜ ਰਾਜੇ ਦਾ ਜੋ ਸੱਠ ਹਜ਼ਾਰ ਪੁਤਰ ਭਸਮ ਹੋ ਗਿਆ ਸੀ, ਉਹਨਾਂ ਦਾ ਭਲਾ ਕੀਤਾ।

ਅੱਧਾ ਕਦਮ ਬਾਕੀ ਰਹਿ ਗਿਆ, ਬਲਰਾਜੇ ਦੇ ਸਰੀਰ ਤੇ ਪੈਰ ਰੱਖ ਕੇ ਪਤਾਲ ਵਿਚ ਭੇਜ ਦਿਤਾ ਜਦੋਂ ਵਾਪਸ ਆਉਣ ਲੱਗਾ ਤਾਂ ਰਾਜੇ ਨੇ ਲੱਤ ਪਕੜ ਲਈ ਅਤੇ ਕਿਹਾ, "ਕਿਥੇ ਜਾ ਰਹੇ ਹੋ?" ਇਥੇ ਹੀ ਵਚਨਬੱਧ ਹੋ ਕੇ ਰਹਿਣਾ ਪਵੇਗਾ, ਚਾਰ-ਚਾਰ ਮਹੀਨੇ ਬ੍ਰਹਮਾਂ, ਵਿਸ਼ਨੂੰ, ਸ਼ਿਵ ਜੀ, ਬਲਰਾਜੇ ਦੇ ਬੂਹੇ ਅੱਗੇ ਖੜੇ ਕੇ ਪਹਿਰਾਂ ਦੇਂਦੇ ਹਨ।

*ਨਾਮਾ ਕਹੈ ਭਗਤਿ ਬਸਿ ਕੇਸਵ*
*ਅਜਹੂੰ ਬਲਿ ਕੇ ਦੁਆਰ ਖਰੋ॥* ਪੰਨਾ - 1105

**ਤ੍ਰੇਤਾ ਜੁਗ** - ਤ੍ਰੇਤੇ ਜੁਗ ਵਿਚ ਭਗਵਾਨ ਰਾਮ ਚੰਦਰ ਜੀ ਪਿਤਾ ਜੀ ਦੀ ਆਗਿਆ ਪਾ ਕੇ ਚੌਦਾਂ ਸਾਲਾਂ ਦਾ ਬਨਵਾਸ ਭੋਗ ਕੇ ਇਸੇ ਦਿਨ ਅਯੁੱਧਿਆ ਪੁਰੀ ਵਿਚ ਆਏ ਸਨ। ਉਹਨਾਂ ਦੇ ਆਉਣ ਦੀ ਖੁਸ਼ੀ ਵਿਚ ਦੀਪਮਾਲਾ ਕੀਤੀ ਜਾਂਦੀ ਹੈ।

**ਕਲਜੁਗ** - ਕਲਜੁਗ ਦੇ ਸਮੇਂ ਉਜੈਨ ਦਾ ਰਾਜਾ ਭਰਥਰੀ ਜਿਸਨੂੰ ਆਪਣੀ ਪਿੰਗਲਾ ਰਾਣੀ ਕਾਰਨ ਵੈਰਾਗ ਹੋ ਗਿਆ, ਉਹ ਰਾਜ ਛੱਡ ਕੇ ਗੋਰਖ ਦਾ ਚੇਲਾ ਜਾ ਬਣਿਆ। ਉਸ ਦਾ ਛੋਟਾ ਭਰਾ ਬਿਕ੍ਰਮਾਜੀਤ ਜਿਸ ਦਾ ਦੇਸੀ ਸੰਮਤ ਚਲਦਾ ਹੈ, ਇਸ ਦਿਨ ਤਖ਼ਤ ਤੇ ਬੈਠਾ ਸੀ। ਉਸ ਸਮੇਂ ਦੀਵਾਲੀ ਕੀਤੀ ਗਈ।

ਫਿਰ ਇਸੇ ਦਿਨ ਛੇਵੇਂ ਪਾਤਸ਼ਾਹ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਵੰਜਾ ਉਮਰ ਕੈਦੀ ਰਾਜਿਆਂ ਨੂੰ ਛੁਡਾ ਕੇ ਚੰਦੂ ਨੂੰ ਪਕੜ ਕੇ ਅੰਮ੍ਰਿਤਸਰ ਆਏ ਸਨ। ਇਸ ਖੁਸ਼ੀ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਫੇਰ ਇਸੇ ਦੀਪਮਾਲਾ ਨੂੰ ਪ੍ਰਚਲਿਤ ਰੱਖਣ ਵਾਸਤੇ ਭਾਈ ਮਨੀ ਸਿੰਘ ਜੀ ਨੇ ਸ਼ਹੀਦੀ ਦਿਤੀ। ਜਦੋਂ ਸਿੰਘਾਂ ਦੇ ਸਿਰਾਂ ਦਾ ਮੁੱਲ ਪੈਂਦਾ ਸੀ। ਰਾਤ ਦਿਨੇ ਭੁੱਖੇ-ਪਿਆਸੇ ਜੰਗਲਾਂ ਵਿਚ ਫਿਰਦੇ, ਜਾਂ ਘੋੜਿਆਂ ਦੀਆਂ ਕਾਠੀਆਂ, ਤੇ ਹੀ ਖਾਂਦੇ, ਸੌਂਦੇ ਸਨ। ਉਸੇ ਸਮੇਂ ਭਾਈ ਮਨੀ ਸਿੰਘ ਜੀ ਦਰਬਾਰ ਸਾਹਿਬ ਵਿਖੇ ਹੈਡ ਗ੍ਰੰਥੀ ਸਨ। ਜਿਥੇ ਵੀ ਕੋਈ ਗੁਰੂ ਨਾਨਕ ਨਾਮਲੇਵਾ ਸਿੱਖ ਰਹਿੰਦਾ ਹੈ ਉਥੇ ਹੀ ਦੋਵੇਂ ਵੇਲੇ ਅਰਦਾਸ ਵਿਚ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਅਤੇ ਸਵੇਰੇ ਦੇ ਇਸ਼ਨਾਨ ਦੀ ਮੰਗ ਕਰਦਾ ਹੈ। ਸਿੱਖੀ ਜੇਕਰ ਸਰੀਰ ਹੈ ਤਾਂ ਅੰਮ੍ਰਿਤਸਰ ਉਸ ਦਾ ਹਿਰਦਾ ਹੈ ਭਾਈ ਸਾਹਿਬ ਨੇ ਗੁਰ-ਸਿੱਖਾਂ ਦੇ ਦਰਸ਼ਨ ਕਰਨ ਦੀ ਚਾਹਨਾ ਕੀਤੀ, ਸਾਡੇ ਗੁਰ ਭਰਾ ਆ ਕੇ ਦਰਸ਼ਨ ਅਤੇ ਇਸ਼ਨਾਨ ਕਰਨ ਅਤੇ ਜਨਮ ਸਫਲਾ ਹੋਵੇ। ਇਉਂ ਭਾਈ ਸਾਹਿਬ


(ਬਾਕੀ ਪੰਨਾ 26 ਤੇ)

# ਸਿਰੀ ਮਾਨ ਸੰਤ ਭਾਈ ਹੀਰਾ ਸਿੰਘ ਜੀ ਦਾਊਦ ਪੁਰੀਏ

ਬੀਬੀ ਉਦਮ ਕੌਰ (ਰਣਜੀਤ ਕੌਰ) ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਵਾਈਸ ਚੇਅਰਪਰਸਨ, (ਬਾਬਾ ਜੀ ਦੇ ਪਤਨੀ) ਦੇ ਪਿਤਾ ਜੀ। ਉਹਨਾਂ ਦੇ ਜੀਵਨ ਵਾਰੇ ਭਾਈ ਸਾਹਿਬ ਸੰਤ ਭਾਈ ਰਣਧੀਰ ਸਿੰਘ ਜੀ ਦੇ ਵੀਚਾਰ 'ਰੰਗਲੇ ਸੱਜਣ' ਵਿਚੋਂ ਪਾਠਕਾਂ ਦੀ ਗਿਆਤ ਲਈ।

ਇਹ ਗੁਰਮੁਖ ਪਿਆਰੇ ਸਿਰੀ ਭੈਣ ਹਰਬੰਸ ਕੌਰ ਜੀ ਦੇ ਸਕੇ ਚਾਚੇ ਸਨ। ਜੈਸੇ ਕਿ ਅੱਗੇ ਵੀ ਜ਼ਿਕਰ ਆ ਚੁਕਿਆ ਹੈ, ਮੁੱਢ ਜਨਮ ਤੋਂ ਹੀ ਗੁਰਮੁਖ ਸੱਜਣ ਸ਼ੀਲ ਸੁਭਾਵੀ ਸੰਤ ਸਰੂਪ ਸਨ। ਖੰਡੇ ਦਾ ਅੰਮ੍ਰਿਤ ਛਕਣ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਭਜਨ ਅਭਿਆਸ ਵਿਚ ਐਸੇ ਅਰੂੜ ਹੋਏ ਕਿ ਸਾਰੀ ਸਾਰੀ ਰਾਤ ਦੋਇ ਕਰ (ਹੱਥ) ਜੋੜ ਕਰ, ਗਲ ਵਿਚ ਪੱਲਾ ਪਾ ਕੇ ਅਤੇ ਇਕ ਟੰਗ ਖੜ੍ਹੇ ਹੋ ਕੇ, ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਅਖੰਡਾਕਾਰ ਬਿਰਤੀ ਵਿਚ ਸਾਵਧਾਨ ਹੋ ਕੇ ਅਨਿੰਨ ਅਭਿਆਸ ਕਮਾਈਆਂ ਕਰਨੀਆਂ, ਇਨ੍ਹਾਂ ਦਾ ਨਿਤ ਦਾ ਗੁਰਮਤਿ ਉਦਮੀ ਕਰਮ ਸੁਕਰਮ ਸੀ। ਅਕਾਲਪੁਰਖ ਦੀ ਜੋਤਿ ਪ੍ਰਕਾਸ਼ ਦੇ ਦਰਸ਼ਨਾਂ ਦਾ ਜੋ ਚਾਉ ਉਮਾਹ ਇਨ੍ਹਾਂ ਦੇ ਹਿਰਦੇ ਅੰਦਰ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਅੰਦਰ ਦੇਖਿਆ ਪਾਖਿਆ ਗਿਆ ਹੈ। ਘੰਟਿਆਂ ਬੱਧੀ ਹੀ ਵੈਰਾਗ ਪੂਰਤ ਹੋ ਕੇ ਇਕਾਂਤ ਵਿਚ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਰਹਿਣਾ। ਪਾਠ ਕਰਦਿਆਂ ਅੰਤ੍ਰੀਵੀ ਜੋਦੜੀਆਂ ਜੋਤ ਵਿਗਾਸੀ ਦਰਸ਼ਨਾਂ ਦੀਆਂ ਹੀ ਰੋਮ ਰੋਮ ਵਿਚ ਹੁੰਦੀਆਂ ਰਹਿਣੀਆਂ। ਸਿਰੀ ਭਾਈ ਸੰਤ ਹੀਰਾ ਸਿੰਘ ਜੀ ਬੜੇ ਉਤਮ ਅਤੇ ਸ਼ੁਧ ਅਖੰਡ ਪਾਠੀ ਭੀ ਹੋਏ ਹਨ। ਸ਼ੁਧ ਪਾਠ ਤੇ ਅਖੰਡ ਪਾਠ ਕਰਦਿਆਂ ਹੋਇਆਂ ਨਾਲ ਨਾਲ ਹੀ ਅਖੰਡ ਭਜਨ ਅਭਿਆਸ ਲਗਾਤਾਰੀ ਲਿਵ ਅਭਿਆਸ ਵਿਚ ਹੀ ਹੁੰਦਿਆਂ ਰਹਿਣਾ।

ਇਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰੇ ਦੇ ਸਾਰੇ ਬੂਹੇ ਅੰਦਰੋਂ ਬੰਦ ਕਰਕੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਦਿਆਂ ਨੂੰ ਹੀ ਉਹ ਅਗੰਮੀ ਝਰਨਾਹਟ ਭਜਨ ਪਿਆਰ ਦੀ ਛਿੜੀ ਕਿ ਉਨ੍ਹਾਂ ਨੂੰ ਕੋਈ ਸੁਧ ਬੁੱਧ ਹੀ ਨਾ ਰਹੀ। ਛੇਤੀ ਹੀ ਆਪਣਾ ਆਪ ਸੰਭਾਲ ਕੇ ਗੁਪਤ ਅਰਦਾਸ ਵਿਚ ਜੁਟ ਗਏ। ਅਜੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਉਤਾਰ ਕੇ ਪਾਠ ਕਰਨਾ ਹੀ ਅਰੰਭਿਆ ਸੀ ਕਿ ਇਕ ਦਮ ਹੀ ਅੰਤਰ ਆਤਮੇ ਜੋਤਿ ਵਿਗਾਸ ਦਾ ਉਘਾੜ ਹੋ ਗਿਆ ਜੋ ਉਨ੍ਹਾਂ ਤੋਂ ਝਲਿਆ ਨਾ ਜਾਵੇ। ਸਾਰਾ ਸਰੀਰ ਹਲਕਾ-ਫੁਲਕਾ ਅਮਿਓ ਰਸਾਇਣੀ ਉਡਣ ਖਟੋਲਾ ਬਣ ਗਿਆ। ਅਮਿਓ ਰਸ ਰਸਾਇਣੀ ਲਿਵ ਵਿਚ ਮਗਨਾਰ ਹੋ ਕੇ, ਨਾਭੀ ਵਿਚ ਸ੍ਵਾਸ ਅਭਿਆਸੀ ਖੰਡੇ ਨੂੰ ਜਦੋਂ ਦਬਾਇਆ ਤਾਂ ਦੂਜੀ ਛਿਨ ਵਿਚ ਸਹਿਜ ਸੁਭਾ ਹੀ ਤਾਬਿਆ ਵਿਚ ਬੈਠੇ ਐਸੇ ਉਭੜੇ ਕਿ ਸਰੀਰ ਸਮੇਤ ਹੀ ਗੁਰਦਵਾਰਾ ਸਾਹਿਬ ਜੀ ਦੀ ਛੱਤ ਨੂੰ ਜਾ ਲਗੇ। ਅਜਰ ਨੂੰ ਜਰਨ ਦੀ ਸ਼ਕਤਿ ਸੁਤੇ ਸੁਭਾਵ ਹੀ ਗੁਰਮੁਖ ਪਿਆਰੇ ਸੰਤ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਵਲੋਂ ਹੀ ਪ੍ਰਦਾਨ ਸੀ। ਬੜੀ ਸੁਚੇਤਤਾ ਸਹਿਤ ਅਜਰ ਸਾਵਧਾਨਤਾ ਵਾਲੀਆਂ ਅਰਦਾਸਾਂ ਬੇਨਤੀਆਂ ਵਿਚ ਲੀਨ ਹੋ ਗਏ। ਬੜੀ ਹੀ ਸਹਿਜ ਆਤਮ ਉਮਕਾਰ ਦੀ ਰਫਤਾਰ ਵਿਚ ਸਨੇ-ਸਨੇ ਹੇਠਾਂ ਉਤਰ ਆਏ। ਜਿਵੇਂ ਕੋਈ ਉਡਣ ਪੰਖੇਰੂ ਉਤਰਿਆ ਕਰਦਾ ਹੈ। ਉਤਰਨ ਸਾਰ ਹੀ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡੌਤ ਪਰਨੇ ਲੰਮੇ ਪੈ ਗਏ। ਤਕੜਾ ਚਿਰ ਪਏ ਪਏ ਹੀ ਬੇਨਤੀਆਂ ਕਰਨ ਵਿਚ ਜੁਟੇ ਰਹੇ। ਹੇ ਪਾਤਸ਼ਾਹ! ਇਸ ਅਜਰ ਨੂੰ ਆਪ ਹੀ ਜਰਾਈਂ। ਗੁਰੂ ਦੀ ਕ੍ਰਿਪਾ ਅਨੁਸਾਰ ਓਦੂੰ ਪਿਛੋਂ ਐਸਾ ਅਜਰ ਜਰਿਆ ਕਿ ਕਿਸੇ ਨੂੰ ਲਖਾਇਆ ਨਹੀਂ। ਨਾਮ ਵਿਗਾਸੀ ਲਿਵ ਮਗਨ ਦਸ਼ਾ ਵਿਚ ਹੀ ਸੰਗਤਾਂ ਅੰਦਰ ਵਿਚਰਦੇ ਰਹੇ। ਅਜਿਹੇ ਰੰਗ ਰੱਤੜੇ ਰੰਗਲੇ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ। ਇਹ ਇਸ ਜਥੇ ਦਾ ਸਦੀਵੀ ਬਿਰਦ ਰਿਹਾ ਹੈ।



ਭਾਈ ਸਾਹਿਬ ਸੰਤ ਭਾਈ ਰਣਧੀਰ ਸਿੰਘ ਜੀ

ਹੁਕਮ ਅੰਦਰ ਪਿੰਡ ਦਾਊਦਪੁਰ, ਜ਼ਿਲਾ ਲੁਧਿਆਣਾ ਤੋਂ 'ਨਕ ਨਥ ਖਸਮ ਹਥਿ' ਦੀ ਕਾਰ ਅਨੁਸਾਰ ਵਿਦਾ ਹੋ ਕੇ 361 ਚੱਕ, ਜ਼ਿਲਾ ਲਾਇਲਪੁਰ ਵਿਖੇ, ਵਸਨੀਕ ਹੋਏ ਜਿਥੇ ਕਿ ਉਨ੍ਹਾਂ ਨੂੰ ਮੁਰੱਬੇ ਮਿਲੇ ਹੋਏ ਸਨ। 361 ਚੱਕ ਅੰਦਰ ਜਾਣ ਦੀ ਦੇਰ ਹੀ ਸੀ ਕਿ ਇਸ ਗੁਰਮੁਖ ਹੰਸਲੇ ਵੀਰ ਸੰਤ ਭਾਈ ਹੀਰਾ ਸਿੰਘ ਜੀ ਦੀ ਸੰਗਤ ਦੇ ਪ੍ਰਭਾਵ ਕਰਕੇ ਅਨੇਕਾਂ ਅਧਿਕਾਰੀ ਜਨ ਜੀਵੜਿਆਂ ਦੇ ਘਟਾਂ ਅੰਦਰ ਜੋਤ ਜਗ ਮਗੀ ਦੀਵੜੇ ਲਟ ਲਟ ਬਲ ਉਠੇ। 361 ਚੱਕ ਲਗਭਗ ਸਾਰਾ ਹੀ ਇਸ ਲਹਿਰ ਨਾਲ ਰੁਮਕ ਉਠਿਆ। ਅੰਮ੍ਰਿਤਧਾਰੀ ਜੋਤ ਵਿਗਾਸੀਆਂ ਦਾ ਇਕ ਅਨੂਪਮ ਖੇੜਾ ਖਿੜ ਉਠਿਆ। ਸਾਰੇ ਗੁਰਮੁਖ ਜਨ ਖੇਤੀਬਾੜੀ ਦੀ ਕਾਰ ਵੀ ਕਰਨ ਅਤੇ ਨਾਮ ਅਭਿਆਸ ਦੀ ਸੱਚੀ ਕਾਰ ਵਿਚ ਭੀ ਹਮਾ ਤਨ (ਜੁਟ ਕੇ) ਹੋ ਕੇ ਜੁਟੇ ਰਹਿਣ। ਸਾਰਿਆਂ ਨੂੰ ਐਸਾ ਪ੍ਰਤੀਤ ਹੋਵੇ ਕਿ ਸਭ ਦੇ ਕਾਰਜ ਸਤਿਗੁਰ ਆਪ ਹੀ ਸਵਾਰ

ਰਿਹਾ ਹੈ। ਇਹ ਕਦੇ ਅੱਕਣ ਥੱਕਣ ਹੀ ਨਾ। ਖੇਤੀ ਬੀਜਦੇ ਹੋਏ, ਗੁਡਦੇ ਹੋਏ, ਗੁਡਾਈ ਕਰਦੇ ਹੋਏ ਬੜੀ ਸੁਬਕਤਾ ਅਤੇ ਸੁਗਮਤਾ ਸਹਿਤ ਸਾਰੇ ਕਾਰਜ ਨਿਭਾਈ ਜਾਣ ਅਤੇ ਸਹਿਜੇ ਹੀ ਨਿਬਾਹੀ ਜਾਣ। ਵਢਾਈ (ਕਟਾਈ) ਕਰਦੇ ਹਨ ਤਾਂ ਪਹਿਰ ਪਹਿਰ ਕਰਦੇ ਹੀ ਰਹਿਣ, ਕੋਈ ਅਗੰਮੀ ਕਲਾ ਉਨ੍ਹਾਂ ਤੋਂ ਇਹ ਕਾਰ ਕਰਾਉਂਦੀ ਸੀ। ਢੁਆਈ ਕਰਦੇ ਹਨ ਤਾਂ ਸੀਸਾਂ ਦੇ ਉਪਰ ਭਰੀਆਂ ਲੈ ਕੇ ਘਰਾਂ ਨੂੰ ਇਉਂ ਉੜੇ ਜਾਂਦੇ ਹਨ ਜਿਵੇਂ ਉਨ੍ਹਾਂ ਦੇ ਪੈਰ ਧਰਤੀ ਤੇ ਲਗਦੇ ਹੀ ਨਹੀਂ। ਕਈ ਦਾਨੇ ਬੀਨੇ ਸੱਜਣਾਂ ਨੇ ਆਪਣੇ ਅੱਖੀਂ ਵੇਖ ਕੇ ਇਹ ਸ਼ਾਹਦੀ ਦਿਤੀ ਕਿ ਭਾਰ ਦੀਆਂ ਭਰੀਆਂ ਲਈ ਜਾਂਦੇ ਇਨ੍ਹਾਂ ਗੁਰਮੁਖ ਸਿੰਘਾਂ ਦੇ ਸਿਰਾਂ ਤੋਂ ਦੋ-ਦੋ ਗਿੱਠ ਉਚੀਆਂ ਹੀ ਰਹਿੰਦੀਆਂ ਸਨ।

361 ਚੱਕ ਵਿਚ ਜੱਥੇ ਵਲੋਂ ਕਈ ਵਾਰ ਅਖੰਡ ਪਾਠ ਸਮਾਗਮ ਹੋਏ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਏ ਜਿਨ੍ਹਾਂ ਅੰਦਰ ਐਸੇ-ਐਸੇ ਕੌਤਕ ਵਰਤੇ ਕਿ ਵਰਨਣ ਨਹੀਂ ਕੀਤੇ ਜਾ ਸਕਦੇ। 361 ਚੱਕ ਨਿਵਾਸੀ ਸਾਰੇ ਨਾਮ ਅਭਿਆਸੀ ਗੁਰਮੁਖ ਸਿੰਘ ਅਕਸਰ ਇਕ ਮੰਡਲੀ ਵਿਚ ਹੀ ਇਕੱਤਰ ਹੋ ਕੇ ਅਭਿਆਸ ਕਰਿਆ ਕਰਦੇ ਸਨ। ਨਾਮ ਦੇ ਖੰਡੇ ਦੀਆਂ ਗੁੰਜਾਰਾਂ ਐਸੀਆਂ ਪੈਣੀਆਂ ਕਿ ਸਾਰਾ ਨਗਰ ਹੀ ਵਜਦ ਵਿਚ ਆ ਜਾਣਾ। ਇਕ ਗੰਗਾ ਸਿੰਘ ਨਾਮੇ ਮਸਖਰਾ ਪੁਰਸ਼ ਮਸਖਰੀ ਵਜੋਂ, ਇਕ ਦਿਨ ਉਸ ਅਭਿਆਸ ਮੰਡਲ ਦੇ ਬੂਹੇ ਅਗੇ ਜਾ ਖਲੋਤਾ। ਕੀ ਵੇਖਦਾ ਹੈ ਕਿ ਦਰਜਨਾਂ ਸਿੰਘ ਅਭਿਆਸੀ ਜਨ ਮਿਲ ਕੇ ਜ਼ੋਰ-ਜ਼ੋਰ ਅਭਿਆਸ ਕਰ ਰਹੇ ਹਨ। ਉਨ੍ਹਾਂ ਦੇ ਹੱਥਾਂ ਵਿਚ ਸਰਬ ਲੋਹ ਦੇ ਮਾਲਾ, ਸਿਮਰਨੇ ਸ਼ਸ਼ੋਭਿਤ ਹਨ। ਉਨ੍ਹਾਂ ਉਚੀ-ਉਚੀ ਅਭਿਆਸ ਕਰਦਿਆਂ ਸਿੰਘਾਂ ਦੀ ਨਕਲ ਕਰਨ ਲਈ ਉਸ ਮਸਖਰੇ ਪੁਰਸ਼ ਨੇ ਸਣ ਦੀ ਸੁਬੀ ਨੂੰ ਗੰਢਾਂ ਦੇ ਕੇ ਮਾਲਾ ਬਣਾ ਲਈ ਅਤੇ ਬੂਹੇ ਅੱਗੇ ਖੜ੍ਹਾ ਹੋ ਕੇ ਉਸ ਨਕਲੀ ਮਾਲਾ ਨੂੰ ਫੇਰਨ ਲਗਾ ਅਤੇ ਅਸਲੀ ਅਭਿਆਸੀ ਜਨਾਂ ਦੀ ਨਕਲ ਵਿਚ ਉਚੀ-ਉਚੀ ਅਭਿਆਸ ਕਰਨ ਲਗ ਪਿਆ। ਪੰਦਰਾਂ ਮਿੰਟ ਹੀ ਮਸਾਂ ਇਸ ਨਕਲੀ ਰੀਸ ਨੂੰ ਕਰਦਿਆਂ ਹੋਏ ਸਨ ਕਿ ਕਰਦਾ-ਕਰਦਾ ਧੜੰਮ ਦੇ ਕੇ ਧਰਤੀ ਤੇ ਜਾ ਡਿੱਗਾ। ਉਸ ਦੀਆਂ ਕਿਲਕਾਰੀਆਂ ਨਿਕਲ ਗਈਆਂ। ਜ਼ੋਰ-ਜ਼ੋਰ ਦੁਹਾਈਆਂ ਦੇਣ ਲਗਾ, ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਦੁਹਾਈਆਂ ਸੁਣ ਕੇ ਆਏ ਕਈ ਪ੍ਰਤਿਸ਼ਟੇ ਪੁਰਸ਼ਾਂ ਨੇ ਪੁਛਿਆ, ਓ ਗੰਗਾ ਸਿੰਘ ਤੈਨੂੰ ਕੀ ਹੋਇਆ? ਉਤਰ ਵਿਚ ਬਹੁੜੀਆਂ ਪਾ ਕੇ ਪੁਕਾਰਨ ਲਗਾ; ਮੈਂ ਪਾਪੀ ਨੂੰ ਇਨ੍ਹਾਂ ਸਿੰਘਾਂ ਤੋਂ ਬਖਸ਼ਵਾ ਦੇਵੋ। ਨਾਲੇ ਧਰਤੀ ਤੇ ਲੇਟੀ ਜਾਵੇ, ਨਾਲੇ ਲੇਲ੍ਹੜੀਆਂ ਕਢੇ। ਅਭਿਆਸ ਮੰਡਲੀ ਅੰਦਰਲੇ ਗੁਰਮੁਖ ਜਨਾਂ ਨੇ ਸੁਚੇਤ ਸਾਵਧਾਨ ਹੋ ਕੇ ਉਸ ਹਾਲੋਂ ਬੇਹਾਲ ਹੋਏ ਧਰਤੀ ਨਾਲ ਸਿਰ ਪਟਕਦੇ ਗੰਗਾ ਸਿੰਘ ਨੂੰ ਢੁਕਿਆ, ਓਸੇ ਦਿਨ ਹੀ ਸੰਗਤ ਅਗੇ ਪ੍ਰਾਸਚਿਤ ਪਸਚਾਤਾਪ ਕਰਕੇ ਗੰਗਾ ਸਿੰਘ ਨੇ ਆਪਣੇ ਬੱਜਰ ਪਾਪਾਂ ਮਈ ਭੁਲਾਂ ਬਖਸ਼ਵਾਈਆਂ ਅਤੇ ਅੰਮ੍ਰਿਤ ਛਕ ਕੇ ਅਜਰ ਜਰਨ ਵਾਲਾ ਤਿਆਰ ਬਰ ਤਿਆਰ ਸਿੰਘ ਸਜ ਗਿਆ। ਇਸ ਪਿਆਰੇ ਗੰਗਾ ਸਿੰਘ ਨੇ ਪ੍ਰੇਮ ਪੁਲਕਤਾਂ ਵਾਲੇ ਸੁਰ; ਸਾਜ਼ ਰਾਗ ਵਿਚ ਜ਼ਾਰੋ ਕਤਾਰ ਰੋ ਕੇ ਖੁਦ ਅਸਾਨੂੰ ਆਪਣੀ ਨਿਜ ਬੀਤੀ, ਹੱਡਬੀਤੀ ਸੁਣਾਈ ਹੈ। ਬਰਸਾਂ ਬੱਧੀ 361 ਚੱਕ ਨਾਮੇ ਨਗਰੀ ਅੰਦਰ ਇਸ ਅਨੰਦ ਭਗਤੀ ਦੀ ਇਹ ਅਗੰਮੀ ਲਹਿਰ ਐਸੀ ਚਲੀ ਕਿ ਕਈ ਹੋਰ ਚੱਕ ਵੀ ਤਿਆਰ ਬਰ ਤਿਆਰ ਸਿੰਘ ਸਜ ਗਏ।

## ਦਸ਼ਾ ਦਾ ਪਲਟਾ ਖਾਣਾ

ਫੇਰ ਇਹ ਅਨੂਠਾ ਪ੍ਰੰਤੂ ਉਲਟਾ ਕੌਤਕ ਵਰਤਿਆ ਕਿ ਗੁਰਮੁਖ ਪਿਆਰੇ ਸੰਤ ਸਰੂਪ ਭਾਈ ਹੀਰਾ ਸਿੰਘ ਜੀ ਨਾਮ ਜੋਤ ਜਗੰਨੀ ਕਲਾ ਵਲੋਂ ਠਰੰਮੇ ਪੈ ਗਏ। ਐਸੇ ਠਰੇ ਕਿ ਜੋਤਿ ਕ੍ਰਿਸ਼ਮਣੀ ਅੰਦਰਲੇ ਘਟ ਅੰਦਰਲੇ ਚਮਤਕਾਰ ਸਾਰੇ ਹੀ ਮੱਧਮ ਪੈ ਗਏ। ਉਹ ਦੁਹਾਈਆਂ ਦੇਣ ਅਤੇ ਸੰਗਤਾਂ ਦੇ ਜੋੜਿਆਂ ਵਿਚ ਲਿਟਦੇ ਫਿਰਨ। ਇਹੋ ਪੁਕਾਰਨ ਕਿ ਅਗੰਮੀ ਠੰਢ ਅਤੇ ਘਟ ਅੰਤਰ ਜੋਤਿ ਪ੍ਰਚੰਡ ਦੀ ਕਲਾ ਵਲੋਂ ਉਹ ਉਕੇ ਹੀ ਸੱਖਣੇ ਹੋ ਗਏ ਹਨ। ਬਥੇਰੇ ਵਾਹ ਤਰਲੇ ਲਏ, ਅਨੇਕਾਂ ਉਦਮ ਕੀਤੇ; ਪਰ ਉਸ ਤਾੜੇ ਉਨ੍ਹਾਂ ਦੀ ਆਤਮ ਬ੍ਰਿਤੀ ਨਾਂ ਹੀ ਆਈ ਜਿਥੇ ਕਿ ਉਹ ਅਕਸਰ ਹਮੇਸ਼ਾਂ ਹੀ ਖੇਲ੍ਹਿਆ ਕਰਦੇ ਸਨ। ਸਾਰੀ-ਸਾਰੀ ਰਾਤ ਉਦਿਆਨ ਵਿਚ ਜਾਗ ਕੇ, ਖੂਹਾਂ ਦੀਆਂ ਮਣਾਂ ਉਤੇ ਇਕ ਟੰਗ ਖੜ੍ਹੇ ਹੋ ਕੇ, ਅਭਿਆਸ ਕੀਤੇ। ਬਥੇਰੇ ਅਜਪਾ-ਜਾਪ ਸਾਧੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜ੍ਹੇ ਹੋ ਕੇ ਅਨੇਕਾਂ ਹੀ ਅਠੋਤ੍ਰੀਆਂ ਪੱਕੀਆਂ ਮਾਲਾਂ ਫੇਰੀਆਂ ਪਰ ਕੁਛ ਨਾ ਬਣਿਆ, ਤਰਲੋ-ਮੱਛੀ ਲਗੀ ਹੀ ਰਹੀ, ਵਿਆਕੁਲਤਾ ਨਾ ਹੀ ਦੂਰ ਹੋਈ। ਕੀਰਤਨ ਮੰਡਲਾਂ ਵਿਚ ਆਉਣ ਪਰ ਪਾਗਲਾਂ ਵਾਂਗ ਬਾਹਰ ਖੜ੍ਹੇ ਰਹਿਣ। ਆਪ ਮੁਹਾਰੇ ਸਾਰੀਆਂ ਸੰਗਤਾਂ ਦੇ ਜੋੜੇ ਝਾੜ ਝਾੜ ਕੇ ਸਰੀਰ ਤੇ ਮੁਖ ਤੇ ਮਲਣ। ਪ੍ਰੰਤੂ ਜਿਉਂ-ਜਿਉਂ ਜਤਨ ਤੇ ਤਰਲੇ ਕਰਨ, ਤਿਉਂ-ਤਿਉਂ ਉਨ੍ਹਾਂ ਦੀ ਤੜਫਨੀ ਵਧਦੀ ਹੀ ਜਾਏ। ਸ੍ਰੀ ਭਾਈ ਹੀਰਾ ਸਿੰਘ ਜੀ ਦੀ ਇਹ ਦਸ਼ਾ ਦੇਖਕੇ ਸਫਾਰਸ਼ੀਆਂ ਨੇ ਕਈ ਵਾਰ ਸਫਾਰਸ਼ਾਂ ਪਾਈਆਂ ਅਤੇ ਕੀਰਤਨ ਰੰਗਾਂ ਵਿਚ ਬੇਪ੍ਰਵਾਹ ਨਾਮ-ਰਤੜੇ ਸੰਗਤ ਵਿਚ ਜੁੜੇ ਗੁਰਮੁਖ ਜਨਾਂ ਨੇ ਇਨ੍ਹਾਂ ਸਫਾਰਸ਼ਾਂ ਦੀ ਪ੍ਰਵਾਹ ਹੀ ਨ ਕਰਨੀ। ਜਥੇ ਦੇ ਗੂੜ੍ਹ ਰਮਜ਼ ਪਛਾਣੂ ਪਾਰਖੂ ਜਨ ਅੰਤਰ-ਆਤਮੇ ਸਭ ਕੁਛ ਸਮਝਦੇ ਬੁਝਦੇ ਸਨ ਅਤੇ ਇਹ ਵੀ ਜਾਣਦੇ ਸਨ ਕਿ ਅਜੇ ਭਾਈ ਹੀਰਾ ਸਿੰਘ ਜੀ ਦੇ ਬਖਸ਼ੇ ਜਾਣ ਦਾ ਸਮਾਂ ਨਹੀਂ ਆਇਆ। ਓੜਕ ਭਾਣੇ ਅੰਦਰ ਜਦੋਂ ਸਮਾਂ ਆਇਆ, ਤਾਂ ਅੰਮ੍ਰਿਤ ਸੰਚਾਰ ਮੰਡਲ ਅੰਦਰ ਪੰਜਾਂ ਪਿਆਰਿਆਂ ਨੇ ਆਪ ਹੀ ਭਾਈ ਹੀਰਾ ਸਿੰਘ ਜੀ ਨੂੰ ਸੱਦ ਬੁਲਾਇਆ। ਦਾਸ ਲਿਖਾਰੀ ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਾ ਸੀ ਜਦੋਂ ਭਾਈ ਹੀਰਾ ਸਿੰਘ ਜੀ ਪੰਜਾਂ ਪਿਆਰਿਆਂ ਸਾਹਮਣੇ ਪੇਸ਼ ਹੋਏ। ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਭਾਈ ਹੀਰਾ ਸਿੰਘ ਜੀ ਨੂੰ ਅਸਲ ਹਕੀਕਤ ਵਰਨਨ ਕਰਨ ਲਈ ਪੁਛਿਆ ਗਿਆ। ਓਹ ਰੋ ਰੋ ਕੇ ਵਰਨਨ ਕਰਨ ਲਗੇ ਕਿ ਪਤਾ ਨਹੀਂ ਪਹਿਲੀ ਜੋਤਿ ਵਿਗਾਸੀ ਕਲਾ ਕਿਉਂ ਖੜ੍ਹ ਗਈ ਹੈ। ਆਤਮ ਵਿਗਾਸਿ ਮਈ ਸੁਰਤੀ-ਬਿਰਤੀ ਕਿਉਂ ਸੱਖਣੀ ਹੋ ਗਈ ਹੈ। ਜ਼ਾਹਿਰਾ ਤਾਂ ਮੈਥੋਂ ਕੋਈ ਐਸੀ ਅਵੱਗਿਆ ਹੋ ਗਈ ਨਹੀਂ ਜਾਪਦੀ, ਸੁਪਨ-ਸਾਰਖੀ ਵੀ ਪਤਿਤ-ਕਰਮੀ ਦੁਫੇੜਤਾ ਨਹੀਂ ਵਿਆਪੀ ਅਤੇ ਪਤਾ ਨਹੀਂ ਕੀ ਪੁਠੀ ਭੌਣੀ ਵਗ ਗਈ ਹੈ ਕਿ ਦਸ਼ਾ ਪਹਿਲੇ ਠਿਕਾਣੇ ਆਉਂਦੀ ਹੀ ਨਹੀਂ। ਲੱਖਾਂ ਕਰੋੜਾਂ ਸੰਜਮ ਉਪਾਉ ਕੀਤੇ, ਅਨੇਕਾਂ ਵੇਰਾਂ ਸੰਗਤਾਂ ਦੀਆਂ ਧੂੜੀਆਂ ਵਿਚ ਲਿਟੇ, ਪਰ ਇਹ ਪਤਾ ਨਹੀਂ ਲਗਾ, ਕਿ ਕੀ ਐਸੀ ਅਵੱਗਿਆ ਹੋ ਗਈ ਹੈ ਜਿਸ ਕਾਰਨ ਕਰਕੇ ਇਹ ਬੇਮੁਖਤਾ ਵਿਆਪੀ ਹੈ। ਸੁਤੇ-ਸੁਭਾਵ ਹੀ ਪੰਜਾਂ ਪਿਆਰਿਆਂ ਦੇ ਇਸ਼ਾਰੇ ਅਨੁਸਾਰ ਦਾਸ ਵਲੋਂ ਭਾਈ ਹੀਰਾ ਸਿੰਘ ਜੀ ਨੂੰ ਇਹ ਯਾਦ ਦਿਲਵਾਇਆ ਗਿਆ, ਯਾਦ ਕਰੋ, 361 ਚੱਕ ਦੇ ਆਤਮ ਜੋਤ ਵਿਗਾਸੀ

ਕ੍ਰਿਸ਼ਮਿਆਂ ਨੂੰ। ਕੀ ਉਹ ਕ੍ਰਿਸ਼ਮੇ ਸਤਿਗੁਰੂ ਦੀ ਨਿਜ ਨਦਰ ਮੇਹਰ ਦਵਾਰਾ ਹੀ ਕ੍ਰਿਸ਼ਮਤ ਹੋਏ ਸਨ ਜਾਂ ਤੁਸੀਂ ਆਪਣੇ ਆਪ ਨੂੰ ਹੀ ਇਨ੍ਹਾਂ ਕ੍ਰਿਸ਼ਮ ਕਲਾ ਦਾ ਮੂਲ ਕਾਰਨ ਹੀ ਸਮਝਦੇ ਹੋ? ਕੀ ਇਹ ਸੂਖਸ਼ਮ ਹੰਕਾਰ ਤਾਂ ਤੁਹਾਨੂੰ ਨਹੀਂ ਹੋ ਗਿਆ ਕਿ ਇਹ ਕ੍ਰਿਸ਼ਮ ਕਲਾ ਖੁਦ ਆਪਣੀ ਤਾਕਤ ਨਾਲ ਵਰਤਾਈ ਸੀ? ਇਹ ਪ੍ਰਸ਼ਨ ਸੁਣ ਕੇ ਉਹ ਠਠੰਬਰ ਗਏ; ਸਿਰ ਤੋਂ ਲੈ ਕੇ ਪੈਰ ਤਕ ਉਨ੍ਹਾਂ ਦਾ ਸਰੀਰ ਕੰਬਣ ਲਗ ਪਿਆ। ਪੈਂਦੀ ਸਟ ਨਾਲ ਹੀ ਦੂਜਾ ਪ੍ਰਸ਼ਨ ਭਾਈ ਹੀਰਾ ਸਿੰਘ ਤੋਂ ਪੁਛਿਆ ਗਿਆ ਕਿ ਤੁਸੀਂ ਖੁਦ ਹੀ ਇਕਲੇ ਨਾਮ ਤਾਂ ਨਹੀਂ ਦੇਣ ਲਗ ਪਏ। ਇਹ ਸੁਣ ਕੇ ਉਨ੍ਹਾਂ ਨੂੰ ਸੁਰਤ ਆਈ ਅਤੇ ਸੁਰਤ ਵਿਚ ਆ ਕੇ ਬਿਲਲਾ ਉਠੇ; ਕਿ ਹਾਂ ਇਹ ਅਵੱਗਿਆ ਮੈਥੋਂ ਜ਼ਰੂਰ ਹੁੰਦੀ ਰਹੀ ਹੈ। ਕੁਝ ਦਿਨ ਤਾਂ ਇਹ ਕਾਰ ਚਲੀ ਤਾਂ ਖੂਬ ਚਲੀ, ਪਰ ਫਿਰ ਇਕ ਦਮ ਖਲੋ ਗਈ। ਪੰਜਾਂ ਪਿਆਰਿਆਂ ਨੇ ਉਥੇ ਹੀ ਭਾਈ ਹੀਰਾ ਸਿੰਘ ਜੀ ਨੂੰ ਥੰਮ ਲਿਆ ਅਤੇ ਪਕੜ ਕੇ ਖੂਬ ਹਲੂਣਿਆ ਕਿ ਭਾਰੀ ਤੁਸੀਂ ਅਵੱਗਿਆ ਕੀਤੀ ਹੈ। ਜੋ ਅਧਿਕਾਰ ਗੁਰੂ ਰੂਪ ਪੰਜਾਂ ਪਿਆਰਿਆਂ ਦਾ ਸੀ, ਤੁਸੀਂ ਖੁਦ ਇਕੱਲੇ ਹੀ ਉਸ ਅਧਿਕਾਰ ਨੂੰ ਵਰਤਣ ਲਗ ਪਏ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਤੁਸੀਂ ਥੋਥੇ ਰਹਿ ਗਏ ਅਤੇ ਨਾਮ ਵਲੋਂ ਉਕੇ ਥੋਥੇ ਪੈ ਗਏ। ਭਾਈ ਹੀਰਾ ਸਿੰਘ ਜੀ ਇਹ ਸੁਣ ਕੇ ਡਿਗਿਆ ਉਠੇ ਕਿ ਮੈਨੂੰ ਬਖਸ਼ ਲਵੋ; ਬਖਸ਼ ਲਵੋ। ਪੰਜਾਂ ਪਿਆਰਿਆਂ ਨੇ ਭਾਈ ਹੀਰਾ ਸਿੰਘ ਨੂੰ ਤਕੜਾ ਡੰਡ ਲਾਇਆ ਅਤੇ ਗੁਰੂ ਪਾਸੋਂ ਬੇਨਤੀਆਂ ਦਵਾਰਾ ਬਖਸ਼ਵਾਇਆ। ਸਤਿਗੁਰੂ ਦੀਆਂ ਫਿਰ ਮੇਹਰਾਂ ਹੋਈਆਂ, ਉਹ ਤੋਰੇ ਤੁਰ ਪਏ, ਉਹ ਆਤਮ-ਹੁਲਾਰੇ ਮੁੜ ਆਉਣ ਲਗ ਪਏ। ਓਸੇ ਰੰਗ ਚਲੂਲੀ ਸੁਰਤੀ ਵਿਚ ਸਰਸ਼ਾਰ ਹੋ ਕੇ ਸ੍ਰੀ ਭਾਈ ਸੰਤ ਹੀਰਾ ਸਿੰਘ ਜੀ ਉਜਲ ਮੁਖ ਲੈ ਕੇ ਫਿਰ ਵਿਚਰਨ ਲਗੇ। ਕੁਝ ਕੁ ਨਿਮਰੀ-ਭੂਤ ਚੜ੍ਹਦੀ ਕਲਾ ਮੁੜ ਕੇ ਫਿਰ ਵਰਤ ਗਈ ਅਤੇ ਗੁਰੂ ਕੇ ਲਾਲ, ਹੀਰੇ, ਸ੍ਰੀ ਭਾਈ ਹੀਰਾ ਸਿੰਘ ਜੀ ਫਿਰ ਨਿਹਾਲੋ ਨਿਹਾਲ ਹੋ ਗਏ। ਓੜਕ ਸਾਡੀ ਜੇਲ੍ਹ-ਯਾਤਰਾ ਦੇ ਦਿਨ ਆ ਗਏ, ਸ੍ਰੀ ਭਾਈ ਹੀਰਾ ਸਿੰਘ ਜੀ ਮੁਹਰਲੇ ਮੋਰਚੇ ਵਿਚ ਜਥੇ ਨਾਲ ਜਾਣ ਨੂੰ ਤਤਪਰ ਸਨ ਪਰ ਭਾਣੇ ਅਨੁਸਾਰ ਵਰਜੇ ਵਰਾਇ ਰਹਿ ਗਏ। ਜੇਲ੍ਹ ਯਾਤਰਾ ਤੋਂ ਵਾਪਸ ਆਉਂਦਿਆਂ ਨੂੰ ਅੰਦਰੋਂ ਆਏ ਜਥੇ ਨੂੰ ਮਿਲਣ ਦੀਆਂ ਤਿਆਰੀਆਂ ਕਰਨ ਹੀ ਲਗੇ ਸਨ ਕਿ ਇਕ ਦਮ ਕਾਲ ਨਗਾਰਾ ਉਨ੍ਹਾਂ ਦੇ ਸਿਰ ਤੇ ਵਜਿਆ। ਆਨਨ ਫਾਨਨ ਹੀ ਅਕਾਲ ਚਲਾਣਾ ਕਰ ਗਏ ਤੇ ਸਾਨੂੰ ਬ੍ਰਿਹੀ ਵੀਰਾਂ ਨੂੰ ਮੁੜ ਕੇ ਮਿਲਣੇ ਨ ਹੀ ਪਾਏ। ਹੁਣ ਅਗੇ ਧੁਰ ਦਰਗਾਹੀਂ ਮੇਲੇ ਹੋਣਗੇ। ਸ੍ਰੀ ਭਾਈ ਸੰਤ ਹੀਰਾ ਸਿੰਘ ਜੀ ਦੀ ਇਕਲਿਆਂ ਦੀ ਹੀ ਪ੍ਰੇਮ-ਗਾਥਾ ਵਿਸਥਾਰ ਸਹਿਤ ਲਿਖੀ ਜਾਵੇ ਤਾਂ ਤਕੜੀ ਪੁਸਤਕ ਬਣ ਜਾਂਦੀ ਹੈ; ਤਾਂ ਤੇ ਟੂਕ-ਮਾਤ੍ਰ ਇਹੋ ਲਿਖ ਕੇ ਸੰਖੇਪ ਕੀਤਾ ਜਾਂਦਾ ਹੈ।

*'ਰੰਗਲੇ ਸੱਜਣ' ਵਿਚੋਂ ਧੰਨਵਾਦ ਸਹਿਤ।*

## – ਹੁਣ ਸੰਚਾਲਕ ਵਲੋਂ –

**ਲੁਧਿਆਣੇ ਅੰਮ੍ਰਿਤ ਪ੍ਰਚਾਰ** - ਦਸਵੀਂ ਜਮਾਤ ਦੇ ਬੱਚਿਆਂ ਨੂੰ ਇਮਤਿਹਾਨ ਤੋਂ ਪਹਿਲਾਂ ਅੰਮ੍ਰਿਤ ਛਕਾਇਆ ਜਾਂਦਾ ਸੀ। ਸੋ ਅੰਮ੍ਰਿਤ ਸਮਾਗਮ ਜੁੜਿਆ ਜਿਸ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਚਾਰ ਸਿੰਘਾਂ ਸਹਿਤ ਸ਼ਾਮਿਲ ਹੋਏ। ਪੂਰਨ ਕਸਵੱਟੀ ਤੇ ਉਤਰਨ ਵਾਲੇ ਪੰਜਵੇਂ ਸਿੰਘ ਦੀ ਅਜੇ ਉਡੀਕ ਕੀਤੀ ਜਾ ਰਹੀ ਸੀ। ਚਾਰੇ ਸਿੰਘ ਤਿਆਰ-ਬਰ-ਤਿਆਰ ਹੋ ਕੇ ਪੰਜਵੇਂ ਦਾ ਇੰਤਜ਼ਾਰ ਕਰ ਰਹੇ ਸਨ ਤਾਂ ਅਚਾਨਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਹੁਕਮ ਕੀਤਾ ਕਿ ਅਰਦਾਸ ਕੀਤੀ ਜਾਵੇ। ਅਰਦਾਸ ਕੀਤੀ ਗਈ ਤੇ ਪੰਜਾਂ ਦੇ ਵਿਚ ਗੁਰੂ ਕੀ ਕਲਾ ਵਰਤਣ ਦੀ ਮੰਗ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸ਼ਕਾਰ ਕਰਨ ਤੋਂ ਬਾਦ ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਸੰਤ ਭਾਈ ਹੀਰਾ ਸਿੰਘ ਜੀ ਕੇਸੀ ਇਸ਼ਨਾਨ ਕਰਕੇ ਅਚਾਨਕ ਹੀ ਕਿਸੇ ਅਗੰਮੀ ਖੇਲ੍ਹ ਕਰਕੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਦੇਖੇ। ਪੁੱਛਣ ਤੇ ਆਪ ਜੀ ਨੇ ਦਸਿਆ ਕਿ ਆਪ ਜੀ ਸਭ ਖੇਲ੍ਹ ਨੂੰ ਜਾਣਦੇ ਹੀ ਹੋ। ਬਾਕੀ ਦੀ ਸਾਰੀ ਅਗੰਮੀ ਖੇਡ ਗੁਪਤ ਰਖ ਲਈ ਗਈ। ਅੰਮ੍ਰਿਤ ਦਾ ਘਾਟਾ ਭਾਗਸ਼ਾਲੀਆਂ ਲਈ ਤਿਆਰ ਹੋਇਆ। ਜਦੋਂ ਅੰਮ੍ਰਿਤ ਛਕਾ ਰਹੇ ਸਨ ਤਾਂ ਇਕ ਐਸੀ ਅੰਮ੍ਰਿਤ ਕਲਾ ਵਰਤੀ, ਸੰਤ ਭਾਈ ਹੀਰਾ ਸਿੰਘ ਜੀ ਫਲੇਵਾਲ ਦੇ ਇਕ ਵਿਦਿਆਰਥੀ ਨੂੰ ਅੰਮ੍ਰਿਤ ਛਕਾ ਰਹੇ ਸਨ। ਪੰਜ ਪਵਿੱਤਰ ਚੂਲੇ ਸੀਸ ਵਿਚ ਪਾਏ, ਪੰਜ ਛਕਾਏ, ਜਦੋਂ ਪੰਜਵਾਂ ਚੂਲਾ ਨੇਤਰਾਂ ਵਿਚ ਛਿਟਾ ਦੇ ਕੇ ਪਾਇਆ ਜਾ ਰਿਹਾ ਸੀ ਤਾਂ ਜਦੋਂ ਬੋਲਿਆ ਗਿਆ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤ੍ਹੇ।' ਉਸੇ ਸਮੇਂ ਬੱਚੇ ਦੀ ਸਮਾਧੀ ਲਗ ਗਈ। ਉਹ ਨਾ ਬੁਲਾਇਆਂ ਬੋਲੇ ਅਤੇ ਨਾ ਹਿਲਾਇਆਂ ਹਿੱਲੇ। ਉਸ ਦੀ ਸੁਰਤੀ ਸੰਸਾਰਕ ਮੰਡਲ ਵਿਚੋਂ ਉੱਚੀ ਉਠ ਕੇ ਆਤਮਕ ਮੰਡਲ ਵਿਚ ਪ੍ਰਵੇਸ਼ ਕਰ ਗਈ। ਉਸ ਸਮੇਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਕਿਹਾ ਕਿ ਇਹ ਕੀ ਕਲਾ ਵਰਤੀ ਤਾਂ ਸੰਤ ਹੀਰਾ ਸਿੰਘ ਜੀ ਕਹਿਣ ਲੱਗੇ ਕਿ ਅਸਾਥੋਂ ਜਲਾਲ ਵਿਚ ਆ ਕੇ ਅੰਮ੍ਰਿਤ ਜਲ ਦਾ ਛਿਟਾ ਮਾਰਿਆ ਗਿਆ। ਇਸ ਬੱਚੇ ਤੋਂ ਅੰਮ੍ਰਿਤ ਐਨਰਜੀ ਦੀ ਕਰੰਟ ਦਾ ਮਿੱਠਾ ਝਟਕਾ ਸਹਿਨ ਨਾ ਹੋ ਸਕਿਆ ਅਤੇ ਇਹਦੀ ਬਿਰਤੀ ਉਚਿਆਂ ਮੰਡਲਾਂ ਵਿਚ ਪ੍ਰਵੇਸ਼ ਕਰ ਗਈ ਹੈ। ਹੋਰ ਪੁੱਛਣ ਤੇ ਆਪ ਨੇ ਦੱਸਿਆ ਕਿ 56 ਘੰਟੇ ਪਿਛੋਂ ਇਸ ਦੀ ਬਿਰਤੀ ਇਸ ਦੁਨਿਆਵੀ ਮੰਡਲ ਵਿਚ ਪ੍ਰਵੇਸ਼ ਕਰੇਗੀ। ਉਸ ਬੱਚੇ ਨੂੰ ਚੁਕ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਨੇੜੇ ਇਕ ਪਾਸੇ ਬਿਠਾ ਦਿਤਾ। ਦੂਸਰਿਆਂ ਬੱਚਿਆਂ ਨੂੰ ਸਹਿਜ ਵਿਚ ਰਹਿ ਕੇ ਹੀ ਅੰਮ੍ਰਿਤ ਛਕਾਇਆ ਗਿਆ। ਉਸ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਖੰਡ ਪਾਠ ਸ਼ੁਰੂ ਕੀਤਾ ਗਿਆ। ਭੋਗ ਉਪਰੰਤ ਕੀਰਤਨ ਦੀਆਂ ਗੁੰਜ਼ਾਰਾਂ ਪੈ ਰਹੀਆਂ ਸਨ। ਸਾਰੇ ਬਾਣੀ ਦਾ ਰੂਪ ਹੋਏ ਹੋਏ ਸੰਸਾਰ ਤੋਂ ਅਭੁੱਲ ਹੋ ਕੇ ਨਾਮ ਰਸ ਵਿਚ ਮਖਮੂਰ ਸਨ। ਅਚਾਨਕ ਹੀ ਉਹ ਬੱਚੇ ਦੀ Gravity ਧਰਤੀ ਨਾਲੋਂ ਟੁੱਟ ਗਈ ਅਤੇ ਉਹ ਸੰਗਤ ਤੋਂ ਉਚਾ ਉਠ ਗਿਆ। ਸੰਗਤ ਉਤੇ ਪਾਣੀ ਦੇ ਵਿਚ ਮੱਛੀ ਦੇ ਤੈਰਨ ਵਾਂਗੂੰ ਤੈਰਦਾ ਹੋਇਆ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਸਦੇ ਹਨ ਕਿ ਸਾਡੇ ਸਾਜਾਂ ਦੇ ਉਪਰ ਦੀ ਲੰਘ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਲੰਮਾ ਪੈ ਗਿਆ। ਉਸ ਵੇਲੇ ਸੰਤ ਭਾਈ ਹੀਰਾ ਸਿੰਘ ਜੀ ਨੇ ਆ ਕੇ ਕਿਹਾ ਕਿ ਲਾਵਾਂ ਦਾ ਕੀਰਤਨ ਕੀਤਾ ਜਾਵੇ, ਇਸ ਦੀ ਰੂਹ ਪ੍ਰਭੂ ਦੁਆਰੇ ਪੁੱਜੀ ਹੋਈ ਮਾਇਕ ਮੰਡਲਾਂ ਤੋਂ ਅਛੋਹ ਹੋ ਕੇ ਪ੍ਰੇਮ ਪਵਿੱਤਰ ਆਤਮ ਮੰਡਲ ਵਿਚ ਪ੍ਰਵੇਸ਼ ਕੀਤੀ, ਪ੍ਰਭੂ ਦੇ ਦਰ ਤੇ ਸੰਜੋਗ ਮੰਗ ਰਹੀ ਹੈ। ਚਾਰ ਲਾਵਾਂ ਦਾ ਕੀਰਤਨ ਹੋਇਆ, ਦੀਵਾਨ ਦਾ ਭੋਗ ਪੈ ਗਿਆ। ਉਸ ਬੱਚੇ ਦਾ ਧਰਤੀ ਉਤੇ ਪੈਰ ਹੀ ਨਾ ਲੱਗੇ। ਇਹ ਸੀ ਜੀਵਨ ਵਾਲੇ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਕਲਾ ਵਰਤਣ ਦਾ ਇਕ ਦ੍ਰਿਸ਼।

ਅੰਮ੍ਰਿਤ ਇਕ ਮਿਠੇ ਪਾਣੀ ਦਾ ਬਾਟਾ ਨਹੀਂ ਹੈ ਸਗਮਾਂ ਵਿਛੜੀਆਂ ਆਤਮਾਵਾਂ ਨੂੰ ਪ੍ਰਭੂ ਨਾਲ ਮੇਲਣ ਦੀ ਇਕ ਚਕ੍ਰਿਤ ਕਰ ਦੇਣ ਵਾਲੀ ਕਲਾ ਹੈ ਜੋ ਗੁਰੂ ਦਸ਼ਮੇਸ਼ ਪਿਤਾ ਨੇ ਸੰਸਾਰ ਦੇ ਉਧਾਰ ਲਈ ਪ੍ਰਚਲਿਤ ਕੀਤੀ। ਪੰਜ ਪਿਆਰੇ ਗੁਰੂ ਨਾਲ ਅਭੇਦ ਹੋਏ ਹੋਏ ਗੁਰਮੁਖ ਅਵਸਥਾ ਦੇ ਗੁਰਸਿੱਖ ਹੋਇਆ ਕਰਦੇ ਹਨ। ਇਨ੍ਹਾਂ ਵਿਚ ਗੁਰੂ ਦੀ ਪੂਰਨ ਕਲਾ ਵਰਤ ਕੇ ਨਾਮ ਦੀ ਦਾਤ ਦੇਣ ਦੀ ਪੂਰਨ ਸਮਰਥਾ ਪ੍ਰਗਟ ਹੋ ਜਾਇਆ ਕਰਦੀ ਹੈ। ਇਨ੍ਹਾਂ ਦੇ ਮੁਕਾਬਲੇ ਤੇ ਕੋਈ ਵੀ ਗੁਰੂ ਐਸੀ ਕਲਾ ਨਹੀਂ ਵਰਤਾ ਸਕਦਾ ਪਰ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਜਿਉਂ-ਜਿਉਂ ਸਮਾਂ ਬੀਤਦਾ ਜਾ ਰਿਹਾ ਹੈ, ਗੁਰੂ ਦੇ ਪਿਆਰੇ ਮਿਲਣੇ ਬਹੁਤ ਮੁਸ਼ਕਲ ਹੋ ਗਏ ਹਨ ਅਤੇ ਟੁੱਟੀਆਂ ਹੋਈਆਂ ਰੂਹਾਂ ਭੇਖ ਦੇ ਬਲ ਨਾਲ ਪਾਖੰਡ ਕਰਕੇ, ਪੰਜ ਪਿਆਰਿਆਂ ਦਾ ਰੂਪ ਧਾਰਨ ਕਰਕੇ ਅੰਮ੍ਰਿਤ ਕਲਾ ਵਰਤਾਉਣ ਤੋਂ ਬਿਲਕੁਲ ਹੀ ਸੁੰਨੇ ਰਹਿ ਕੇ ਗੁਰੂ ਕਾਰਜ ਕਰ ਰਹੇ ਹਨ। ਜਿਸ ਤਰ੍ਹਾਂ ਦੇ ਨਾਲ ਟੁੱਟੀਆਂ ਤਾਰਾਂ ਵਾਲੇ ਬਲਬ ਰੋਸ਼ਨੀ ਨਹੀਂ ਦੇ ਸਕਦੇ, ਇਸੇ ਤਰ੍ਹਾਂ ਨਾਲ ਪ੍ਰਭੂ ਪਿਆਰ ਤੋਂ ਟੁੱਟੀਆਂ ਰੂਹਾਂ ਕੇਵਲ ਭੇਖ ਦੇ ਬਲ ਨਾਲ ਅੰਦਰ ਜੋਤੀ ਦਾ ਪ੍ਰਕਾਸ਼ ਨਹੀਂ ਕਰ ਸਕਿਆ ਕਰਦੀਆਂ ਅਤੇ ਇਹੀ ਨਾਮ ਕਲਾ ਦੀ ਸ਼ਕਤੀਸ਼ਾਲੀ ਅਵਸਥਾ ਪ੍ਰਗਟ ਨਹੀਂ ਹੋ ਜਾਇਆ ਕਰਦੀ ਹੈ। ਇਸ ਹਾਲਾਤ ਨੂੰ ਵਿਚਾਰਨ ਦੀ ਲੋੜ ਹੈ। ਅੱਜ ਗੁਰੂ ਦੇ ਪ੍ਰੇਮ, ਨੂੰ ਨਾਮ ਅਭਿਆਸ ਦੇ ਮੁਕਾਬਲੇ ਵਿਚ, ਰਾਜਸੀ ਜੀਵਨ ਨੂੰ ਬਹੁਤ ਜ਼ਰੂਰੀ ਸਮਝਿਆ ਜਾ ਰਿਹਾ ਹੈ। ਯਾਦ ਰੱਖਣ ਦੀ ਗੱਲ ਹੈ ਕਿ ਖਾਲਸੇ ਦਾ ਤੇਜ਼ ਉਤਨਾ ਚਿਰ ਹੀ ਦਿਨੋ-ਦਿਨ ਵਧਣਾ ਹੈ ਜਦੋਂ ਤਕ ਇਹ ਭਰਮਾਂ-ਭੇਖਾਂ ਤੋਂ ਨਿਆਰਾ ਹੋ ਕੇ ਨਾਮ ਦੇ ਮੰਡਲ ਵਿਚ ਉਡਾਰੀਆਂ ਮਾਰਦਾ ਰਹੇਗਾ। ਹੁਣ ਪਰਸਪਰ ਵੈਰ, ਨਿੰਦਾ, ਚੁਗਲੀ, ਈਰਖਾ ਦੇ ਕੁ-ਰਸਾਂ ਵਿਚ ਪਿਆ ਉਸ ਚੜ੍ਹਦੀ ਕਲਾ ਵਾਲੀ ਅਵਸਥਾ ਨੂੰ ਅਨੁਭਵ ਹੀ ਨਹੀਂ ਕਰ ਰਿਹਾ। ਉਹ ਪਿਆਰਾਂ ਢਾਲਾ ਜੀਵਨ ਜਿਉਂਦਾ ਜੀਵਨ ਸੀ, ਚੜ੍ਹਦੀ ਕਲਾ ਦਾ ਪ੍ਰਤੀਕ ਸੀ, ਇਕ ਗੁਰਸਿੱਖ ਸਵਾ ਲੱਖੀ ਹੋ ਕੇ ਸੰਸਾਰ ਭਰ ਵਿਚ ਵਿਚਰਦਾ ਸੀ, ਉਸ ਦੇ ਬਚਨਾਂ ਵਿਚ ਮਹਾਨ ਸ਼ਕਤੀ ਸੀ, ਉਸਦੇ ਦਰਸ਼ਨਾਂ ਵਿਚ ਪ੍ਰਮ ਪ੍ਰੇਰਨਾ, ਆਕਰਸ਼ਤਾ ਸੀ, ਉਸਦੇ ਦੁਆਲੇ ਵਾਤਾਵਰਣ ਸਵਾ ਲੱਖੀ ਦਾ ਪ੍ਰਭਾਵ ਦਿੰਦਾ ਸੀ। ਓਰੇ ਵਿਚ ਆਏ ਹੋਏ ਸ਼ੇਰ ਤੇ ਸੱਪ ਆਪਣੀ ਕਰੂਰਤਾ ਛੱਡ ਕੇ ਐਉਂ ਨਿਮਰੀਭੂਤ ਹੋ ਕੇ ਵਰਤਦੇ ਸਨ ਜਿਵੇਂ ਕੋਈ ਹਰ ਸਮੇਂ ਮਾਲਕ ਦੇ ਪਿਆਰ ਵਿਚ ਰਹਿਣ ਵਾਲਾ ਪਾਲਤੂ ਜੀਵ ਰਿਹਾ ਕਰਦਾ ਹੈ। ਵੈਰੀ ਕੋਈ ਹੋਇਆ ਹੀ ਨਹੀਂ ਕਰਦਾ ਹੈ। ਸਾਰਾ ਸੰਸਾਰ ਆਪਣਾ ਹੀ ਹੋਇਆ ਕਰਦਾ ਹੈ ਅਤੇ ਧੁਰ ਅੰਦਰੋਂ ਅਰਦਾਸ ਦੋਇ ਟਾਇਮ ਨਿਕਲਿਆ ਕਰਦੀ ਸੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।'

ਸੰਤ ਭਾਈ ਹੀਰਾ ਸਿੰਘ ਜੀ, ਜਿਨ੍ਹਾਂ ਨੂੰ ਅਸੀਂ ਬਾਪੂ ਜੀ ਕਹਿ ਕੇ ਸੰਬੋਧਨ ਕਰਦੇ ਹਾਂ, ਉਹ ਲੇਖਕ ਦੀ ਧਰਮ ਪਤਨੀ ਬੀਬੀ ਉਦਮ ਕੌਰ (ਬੀਬੀ ਰਣਜੀਤ ਕੌਰ) ਦੇ ਪਿਤਾ ਜੀ ਹਨ ਜੋ ਇਨ੍ਹਾਂ ਦੀ ਛੋਟੀ ਉਮਰ ਵਿਚ ਹੀ ਸਰੀਰਕ ਤੌਰ ਤੇ ਵਿਛੋੜਾ ਦੇ ਗਏ ਸਨ। ਬੀਬੀ ਉਦਮ ਕੌਰ ਵਿਚ ਪ੍ਰਤੱਖ ਦਿਸਦਾ ਉਦਮ ਤੇ ਚੜ੍ਹਦੀ ਕਲਾ ਆਪਣੇ ਪਿਤਾ ਜੀ ਤੋਂ ਵਿਰਸੇ ਵਿਚ ਮਿਲੀ ਹੋਣ ਕਰਕੇ ਸਾਰੀਆਂ ਸੰਗਤਾਂ 'ਬੀਜੀ' ਕਹਿ ਕੇ ਪਿਆਰਦੀਆਂ ਹਨ।

ਆਪ ਦੱਸਦੇ ਹਨ ਕਿ ਇਕ ਵਾਰੀ ਜਦੋਂ ਇਨ੍ਹਾਂ ਦੇ ਪਿਤਾ ਲਾਹੌਰ ਵਿਚ ਰਿਹਾ ਕਰਦੇ ਸਨ ਤਾਂ ਇਕ ਦਿਨ ਇਨ੍ਹਾਂ ਨੂੰ ਕਹਿਣ ਲੱਗੇ ਕਿ ਥੋੜ੍ਹੇ ਚਿਰ ਵਿਚ ਇਕ ਪ੍ਰੇਮੀ ਸਿੰਘ ਨੇ ਆਉਣਾ ਹੈ। ਤੁਸੀਂ ਕਿਸੇ ਨੇ ਵੀ ਉਸਨੂੰ ਦਰਵਾਜ਼ਾ ਨਹੀਂ ਖੋਲ੍ਹਣਾ। ਅੱਧੇ ਘੰਟੇ ਪਿਛੋਂ ਇਕ ਤਿਆਰ-ਬਰ-ਤਿਆਰ ਸਿੰਘ ਨੇ ਆ ਕੇ ਅਵਾਜ਼ ਦਿਤੀ ਤਾਂ ਇਨ੍ਹਾਂ ਨੇ ਕਿਹਾ ਕਿ ਅਸਾਨੂੰ ਦਰਵਾਜ਼ਾ ਖੋਲ੍ਹਣ ਦਾ ਹੁਕਮ ਨਹੀਂ ਹੈ। ਉਸਨੇ ਕਿਹਾ ਕਿ ਮੈਂ ਤਾਂ ਬੰਬਈ ਤੋਂ ਹੁਣੇ ਗੱਡੀ ਉਤਰ ਕੇ ਸਿੱਧਾ ਹੀ ਇਨ੍ਹਾਂ ਦੇ ਦਰਸ਼ਨਾਂ ਨੂੰ ਆ ਰਿਹਾ ਹਾਂ। ਤੁਹਾਡੇ ਪਿਤਾ ਜੀ ਨੇ ਕਿਸੇ ਹੋਰ ਲਈ ਮਨਾਹੀ ਕੀਤੀ ਹੋਣੀ ਹੈ। ਉਦਮ ਕੌਰ ਨੇ ਦਰਵਾਜ਼ਾ ਖੋਲ੍ਹ ਦਿਤਾ, ਜਦੋਂ ਉਹ ਸਿੰਘ first floor ਤੇ ਪਿਤਾ ਜੀ ਦੇ ਸਨਮੁਖ ਹੋਇਆ ਤਾਂ ਉਨ੍ਹਾਂ ਨੇ ਉਸ ਉਤੇ ਕਰੜੀ ਡਾਂਟ ਪਾਈ ਤੇ ਕਿਹਾ, "ਸਿੰਘਾਂ! ਤੂੰ ਬੰਬਈ ਵਿਚ ਕੀ ਕਰਤੂਤਾਂ ਕਰਦਾ ਰਿਹਾ, ਤੇਰੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਬਖਸ਼ੇ ਹੋਏ ਚਿੰਨ੍ਹ ਪਹਿਨੇ ਹੋਏ ਸਨ ਅਤੇ ਤੂੰ ਦਸ਼ਮੇਸ਼ ਜੀ ਦਾ ਝੰਡਾ, ਰਹਿਤ ਦੇ ਰੂਪ ਵਿਚ ਚੁੱਕੀ ਫਿਰਦਾ ਸੈਂ, ਤੈਨੂੰ ਲਾਜ ਨਾ ਆਈ?" ਅਜਿਹੀਆਂ ਫਿਟਕਾਰਾਂ ਸੁਣ ਕੇ ਉਹ ਪ੍ਰੇਮੀ ਉਚੀ-ਉਚੀ ਰੋਣ ਲਗ ਗਿਆ ਅਤੇ ਧਰਤੀ ਤੇ ਗਿਰ ਕੇ ਬਖਸ਼ੇ ਜਾਣ ਲਈ ਬਹੁੜੀਆਂ ਪਾਉਣ ਲਗਾ ਤਾਂ ਪਿਤਾ ਜੀ ਨੇ ਕਿਹਾ ਕਿ ਜੇ ਮੈਂ ਐਡੀ ਦੂਰ ਬੈਠਾ ਤੈਨੂੰ ਦੇਖ ਸਕਦਾ ਹਾਂ ਤਾਂ ਕੀ ਦਸ਼ਮੇਸ਼ ਪਿਤਾ ਜੀ ਜਿਨ੍ਹਾਂ ਦਾ ਬਚਨ ਹੈ ਕਿ ਗੁਰਸਿਖਾਂ ਦੇ ਅੰਗ-ਸੰਗ ਰਹਿਣਗੇ, ਉਨ੍ਹਾਂ ਨੇ ਤੈਨੂੰ ਨਹੀਂ ਦੇਖਿਆ ਹੋਣਾ?

ਐਸੀਆਂ ਹੀ ਜੀਵਨ ਵਿਚ ਬਹੁਤ ਹੀ ਪ੍ਰੇਰਨਾਦਾਇਕ ਘਟਨਾਵਾਂ ਹਨ। ਇਕ ਵਾਰੀ ਉਨ੍ਹਾਂ ਦਾ ਖਾਸ ਪ੍ਰੇਮੀ ਭਾਈਚਾਰੇ ਵਿਚੋਂ ਲਾਹੌਰ ਮਿਲਣ ਆਇਆ ਉਸਨੇ ਇਕ ਦੁਕਾਨ ਉਪਰੋਂ ਇਕ ਖੂੰਡਾ ਮੁੱਲ ਲੈਂਦੇ ਸਮੇਂ ਮੁੱਲ ਦੇ ਕੇ ਲੈ ਲਿਆ ਅਤੇ ਅੱਖ ਬਚਾ ਕੇ ਇਕ ਹੋਰ ਖੂੰਡਾ ਚੁਕ ਲਿਆ। ਜਦੋਂ ਉਹ ਬਾਪੂ ਜੀ ਦੇ ਸਾਮ੍ਹਣੇ ਲਾਹੌਰ ਆ ਕੇ ਮਿਲਿਆ ਤਾਂ ਬਾਪੂ ਜੀ ਦਾ ਪਹਿਲਾ ਬਚਨ ਸੀ ਕਿ ਭਾਈ ਸਾਹਿਬ ਆਪ ਨੂੰ ਕੁਝ ਛਕਾਉਣ ਤੋਂ ਪਹਿਲਾਂ ਅਸੀਂ ਬੇਨਤੀ ਕਰਦੇ ਹਾਂ ਕਿ ਇਹ ਖੂੰਡਾ ਉਸੇ ਦੁਕਾਨ ਉਤੇ ਵਾਪਿਸ ਕਰਕੇ ਆਓ। ਉਹ ਬਹੁਤ ਸ਼ਰਮਿੰਦਾ ਹੋਇਆ ਅਤੇ ਕਈ ਤਰ੍ਹਾਂ ਦੇ ਉਲਟੇ-ਸਿਧੇ ਉਤਰ ਦੇ ਕੇ ਆਪਣੀ ਭੁੱਲ ਨੂੰ ਸਹੀ ਦੱਸਣ ਲਈ ਹੁਜਤਾ ਕਰਦਾ ਰਿਹਾ। ਅੰਤ ਵਿਚ ਉਸਨੇ ਖੂੰਡਾ ਉਸੇ ਦੁਕਾਨਦਾਰ ਨੂੰ ਮੋੜ ਕੇ ਖੁਸ਼ੀਆਂ ਲਈਆਂ।

ਅਵਿਅਕਤ ਰੂਹਾਂ ਭੀ ਆਪ ਜੀ ਤੋਂ ਭੈ ਖਾਂਦੀਆਂ ਸਨ। ਇਕ ਵਾਰੀ ਆਪ ਜੀ ਆਪਣੇ ਪਿੰਡ ਦਾਉਦਪੁਰ ਨਾਮ ਰੰਗਣ ਦੇ ਪੂਰੇ ਰੰਗ ਵਿਚ ਰੰਗੇ ਹੋਏ ਆਪਣੀ ਵੀਹੀ (ਗਲੀ) ਵਿਚ ਤੁਰੇ ਜਾ ਰਹੇ ਸਨ ਤਾਂ ਉਨ੍ਹਾਂ ਦੀ ਚਾਚੀ ਦੇ ਘਰੋਂ ਅਵਾਜ਼ ਸੁਣਾਈ ਦਿਤੀ ਕਿ "ਹੀਰਾ ਸਿੰਘ! ਮੈਂ ਜਾ ਰਹੀ ਹਾਂ, ਮੈਂ ਜਾ ਰਹੀ ਹਾਂ, ਮੈਂ ਜਾ ਰਹੀ ਹਾਂ। ਮੈਂ ਫੇਰ ਨਹੀਂ ਆਉਂਦੀ ਮੈਥੋਂ ਭੁੱਲ ਹੋ ਗਈ।" ਉਸੇ ਸਮੇਂ ਉਨ੍ਹਾਂ ਦੀ ਚਾਚੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਬਾਪੂ ਜੀ ਨੂੰ ਗਲੀ ਵਿਚ ਤੁਰੇ ਜਾਂਦੇ ਵੇਖ ਕੇ ਕਿਹਾ ਕਿ ਪੁੱਤਰ ਕ੍ਰਿਪਾ ਕਰਕੇ ਅੰਦਰ ਆ, ਆਹ ਤੇਰੀ ਭਰਜਾਈ ਨੂੰ ਇਕ ਬਹੁਤ ਹੀ ਭਿਅੰਕਰ ਰੂਹ ਨੇ ਫੜਿਆ ਹੋਇਆ ਸੀ, ਤੇਰੇ ਇਸ ਗਲੀ ਵਿਚ ਪੁਜਦਿਆਂ ਹੀ ਉਸਨੇ ਵਾ-ਵੇਲਾ ਕੀਤਾ ਅਤੇ ਉਹ ਤੇਰੀ ਭਰਜਾਈ ਨੂੰ ਛੱਡ ਕੇ ਚਲੀ ਗਈ। ਪੁੱਤਰ ਕ੍ਰਿਪਾ ਕਰ ਕਿ ਇਸਨੂੰ ਫੇਰ ਤੰਗ ਨਾ ਕਰੇ। ਬਾਪੂ ਜੀ ਨੇ ਉਸੇ ਸਮੇਂ ਇਕ ਕਾਗਜ਼ ਲੈ ਕੇ ਉਹਦੇ ਉਪਰ ਚਾਰ ਅੱਖਰ 'ਵਾਹਿਗੁਰੂ' ਲਿਖ ਦਿਤਾ। ਕਹਿੰਦੇ,

"ਲੈ ਚਾਚੀ! ਜਦੋਂ ਉਹ ਫੇਰ ਆਈ ਤਾਂ ਇਹ ਕਾਗਜ਼ ਉਸਨੂੰ ਵਿਖਾ ਦੇਣਾ।" ਜਦੋਂ ਫੇਰ ਇਸੇ ਤਰ੍ਹਾਂ ਕੀਤਾ ਗਿਆ ਤਾਂ ਮੁੜ ਕੇ ਉਸ ਰੂਹ ਦਾ ਕਦੇ ਵੀ ਫੇਰਾ ਨਾ ਪਿਆ। ਐਉਂ ਲਗਦਾ ਹੈ ਕਿ ਅਵਿਅਕਤ (ਭੂਤ) ਰੂਪ ਵਿਚੋਂ ਉਸਦੀ ਗਤੀ ਹੋ ਕੇ ਕਿਸੇ ਹੋਰ ਜੂਨ ਵਿਚ ਪ੍ਰਵੇਸ਼ ਕਰ ਗਈ।

ਇਕ ਵਾਰੀ ਆਪ ਜੀ ਫੌਜ (ਰਸਾਲੇ) ਵਿਚੋਂ ਛੁੱਟੀ ਲੈ ਕੇ ਆਪਣੀ ਧਰਮ ਭੈਣ ਬੀਬੀ ਸਾਹਿਬ ਕੌਰ ਦੇ ਘਰ ਧਮੋਟ ਆਏ ਹੋਏ ਸਨ। ਅਸਾਡੇ ਮਾਤਾ-ਪਿਤਾ ਜੀ ਨੇ ਬੇਨਤੀ ਕੀਤੀ ਕਿ (ਸੰਤ) ਹੀਰਾ ਸਿੰਘ ਦੇ ਨਾਲ ਇਕ ਬਹੁਤ ਮਿੱਠਾ ਪਾਠ ਕਰਨ ਵਾਲਾ ਸਿੰਘ ਹੈ, ਇਹ ਅਸਾਡੇ ਘਰ ਸਹਿਜ ਪਾਠ ਕਰ ਦੇਣ। ਬੇਨਤੀ ਮੰਨ ਕੇ ਆਪ ਰੁਕ ਗਏ ਅਤੇ ਪਾਠ ਸ਼ੁਰੂ ਕੀਤਾ। ਮਾਤਾ ਜੀ ਨੇ ਦੁੱਧ, ਮੱਖਣ, ਘੀ ਦੇ ਨਾਲ, ਯਥਾਸ਼ਕਤ ਬਹੁਤ ਹੀ ਪਿਆਰ ਨਾਲ ਸੇਵਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭੋਗ ਤੋਂ ਉਪਰੰਤ ਆਪ ਨੇ ਫੁਰਮਾਇਆ, "ਬੀਬੀ! ਤੁਸੀਂ ਅਸਾਡੀ ਬਹੁਤ ਸੇਵਾ ਕੀਤੀ ਹੈ ਇਸਦੇ ਬਦਲੇ ਵਿਚ ਮੈਂ ਆਪ ਦੀ ਸੇਵਾ ਕਰਨ ਲਈ ਆਪਣੀ ਲੜਕੀ ਸੇਵਾਦਾਰਨੀ ਦੇ ਰੂਪ ਵਿਚ ਇਸ ਗ੍ਰਹਿ ਵਿਚ ਦੇਵਾਂਗਾਂ ਪਰ ਅਜੇ ਉਸਨੂੰ ਸੰਸਾਰ ਵਿਚ ਆਉਣ ਲਈ ਪੂਰੇ ਅੱਠ ਸਾਲ ਲਗਣਗੇ। ਤੁਹਾਡੇ ਵੀ ਇਕ ਲੜਕਾ ਅੱਠ ਸਾਲ ਬਾਦ ਆਵੇਗਾ। ਮੇਰੀ ਲੜਕੀ ਦਾ ਸੰਜੋਗ ਇਸ ਘਰ ਵਿਚ ਹੋਣ ਕਰਕੇ ਉਹ ਤੁਹਾਡੀ ਤਨੋ, ਮਨੋ ਹੋ ਕੇ ਸੇਵਾ ਕਰਦੀ ਰਹੇਗੀ। ਉਸ ਬੱਚੀ ਦਾ ਗੁਰਸਿਖੀ ਵਾਲਾ ਸੁੱਚਾ ਜੀਵਨ ਹੋਵੇਗਾ ਅਤੇ ਮਰਦਾਂ ਵਾਂਗੂੰ ਹੌਸਲੇ ਨਾਲ ਕੰਮ ਕਰਿਆ ਕਰੇਗੀ। ਜਿਸਦੇ ਫਲਸਰੂਪ ਲੇਖਕ ਪਰਿਵਾਰਕ ਬੰਧਨ ਵਿਚ ਬੰਨ੍ਹਿਆ ਗਿਆ। ਜਦੋਂ ਆਪ ਦਾ ਅੰਤਮ ਸਮਾਂ ਆਇਆ ਉਸ ਸਮੇਂ ਆਪ ਲਾਹੌਰ ਵਿਚ ਸਨ, ਸਾਰਾ ਪਰਿਵਾਰ ਉਥੇ ਹੀ ਸੀ। ਆਪ ਜੀ ਦੇ ਸਰੀਰ ਨੂੰ ਨਮੂਨੀਏ ਨੇ ਗ੍ਰਸਤ ਕਰ ਲਿਆ। ਆਪ ਦੇ ਇਲਾਜ ਲਈ ਆਪ ਨੂੰ ਲਾਹੌਰ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਆਪ ਨੇ ਫੁਰਮਾਇਆ ਕਿ ਹੁਣ ਅਸਾਡਾ ਅੰਤ ਸਮਾਂ ਆ ਗਿਆ ਹੈ ਅਤੇ ਅਸੀਂ ਇਸ ਸੰਸਾਰ ਤੋਂ ਆਪਣੇ ਫਰਜ਼ ਨਿਭਾ ਕੇ ਮਹੀਨੇ ਦੇ ਆਖਰੀ ਦਿਨ ਚਲੇ ਜਾਣਾ ਹੈ। ਉਹ ਦਿਨ ਵੀ ਆ ਪੁੱਜਾ ਅਤੇ ਸਾਰੇ ਪਰਿਵਾਰ ਨੂੰ ਕਿਹਾ ਕਿ ਤੁਸੀਂ ਸਾਡੇ ਜਾਣ ਤੇ ਰੋਣਾ ਨਹੀਂ ਹੈ। ਅਸੀਂ ਹੁਣ ਬਾਬੇ ਲੋਹਗੜ੍ਹੀਏ ਦਾ (ਬਾਬਾ ਕਿਸ਼ਨ ਸਿੰਘ ਜੀ ਧੂਫੀਆ, ਜੋ ਲੋਹਗੜ੍ਹ, ਜ਼ਿਲਾ ਲੁਧਿਆਣਾ ਦੇ ਸਨ) ਇੰਤਜ਼ਾਰ ਕਰ ਰਹੇ ਹਾਂ। ਇਹ ਬਾਬਾ ਜੀ ਨਾਮਧਾਰੀ ਸੰਪਰਦਾ ਨਾਲ ਸਬੰਧ ਰਖਦੇ, ਪੂਰਨ ਨਾਮਰਸੀਏ ਸ਼ਕਤੀਆਂ ਸੰਪੰਨ ਸਨ। ਆਪ ਜੀ ਇਕ ਚੌਕੜੀ ਵਿਚ ਪੂਰੇ 48 ਘੰਟੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡ ਪਾਠ ਦਾ ਭੋਗ ਪਾਇਆ ਕਰਦੇ ਸਨ ਅਤੇ ਭੇਟਾ ਵਜੋਂ 25 ਰੁਪਏ ਲਿਆ ਕਰਦੇ ਸਨ। ਆਪ ਜੀ ਨੇ ਇਕ ਹਜ਼ਾਰ ਅਖੰਡ ਪਾਠ ਇਕੋ ਚੌਕੜੀ ਵਿਚ ਬੈਠ-ਬੈਠ ਕੇ ਜੀਵਨ ਭਰ ਵਿਚ ਕੀਤਾ ਅਤੇ ਭੇਟਾ ਵਜੋਂ ਮਿਲੇ ਹੋਏ 25000 ਰੁਪਏ ਸ੍ਰੀ ਭੈਣੀ ਸਾਹਿਬ ਦੇ ਲੰਗਰਾਂ ਵਿਚ ਜਮ੍ਹਾਂ ਕਰਾਉਂਦੇ ਰਹੇ। ਜੋ ਉਨ੍ਹਾਂ ਦੇ ਨਾਮ ਤੇ ਅਜੇ ਵੀ ਦੇਖੇ ਜਾ ਸਕਦੇ ਹਨ। ਪਿਤਾ ਜੀ ਅੰਤ ਸਮੇਂ ਇਨ੍ਹਾਂ ਨੂੰ ਯਾਦ ਕਰ ਰਹੇ ਸਨ, ਉਹ ਅਚਾਨਕ ਪੁੱਜ ਗਏ। ਪਿਤਾ ਜੀ ਨੇ ਬਾਬਾ ਜੀ ਨੂੰ ਪੁੱਛਿਆ ਕਿ ਤੁਸੀਂ ਇਤਨੀ ਦੇਰ ਲਾ ਕੇ ਕਿਉਂ ਆਏ ਹੋ? ਤਾਂ ਬਾਬਾ ਜੀ ਨੇ ਫੁਰਮਾਇਆ ਕਿ ਮੈਂ ਇਸੇ ਸਮੇਂ ਲਾਲਾ ਮੂਸੇ ਤੋਂ ਤੁਹਾਡੀ ਬੇ-ਤਾਰ ਬਰਕੀ ਰਾਹੀਂ ਪੁਜਿਆ। ਸੁਨੇਹਾ ਸੁਣ ਕੇ ਇਕ ਮਿੰਟ ਵਿਚ ਹੀ ਇਥੇ ਪੁਜਿਆ ਹਾਂ। ਹੈਰਾਨੀ ਦੀ ਗੱਲ ਹੈ ਕਿ ਪੁਰਾਣੇ ਗੁਰਸਿੱਖਾਂ ਵਿਚ ਸਹਿਜ ਸੁਭਾਅ ਹੀ ਉਨ੍ਹਾਂ ਸ਼ਕਤੀਆਂ ਦੇ ਪ੍ਰਵਾਹ ਚਲਿਆ ਕਰਦੇ ਸਨ, ਜਿਨ੍ਹਾਂ ਸ਼ਕਤੀਆਂ ਨੂੰ ਹਾਸਿਲ ਕਰਨ ਵਾਸਤੇ ਯੋਗੀ ਜਨ ਅਨੇਕ ਕਿਸਮ ਦੇ ਹਠ ਕਰਮ ਕਰਕੇ ਬਹੁਤ ਮੁਸ਼ਕਲ ਨਾਲ ਸਹੰਸਰਾਰ ਦਲ ਕਮਲ ਮੰਡਲ ਵਿਚ ਪਹੁੰਚਿਆ ਕਰਦੇ ਸਨ। ਇਹ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਗਿਣੀ ਜਾਂਦੀ ਸੀ ਪਰ ਗੁਰਸਿੱਖ ਇਸ ਵੱਲ ਨਿਗ੍ਹਾਹ ਕਰਕੇ ਵੀ ਨਹੀਂ ਦੇਖਿਆ ਕਰਦੇ ਸਨ। ਪਰਉਪਕਾਰ ਵਸ ਕਦੇ-ਕਦੇ ਇਨ੍ਹਾਂ ਸੇਵਾਦਾਰਨੀਆਂ, ਜਿਨ੍ਹਾਂ ਨੂੰ ਰਿਧੀਆਂ-ਸਿੱਧੀਆਂ ਆਖਿਆ ਜਾਂਦਾ ਹੈ, ਸੇਵਾ ਲੈ ਲਿਆ ਕਰਦੇ ਸਨ। ਇਹ ਸਨ ਉਨ੍ਹਾਂ ਗੁਰਸਿੱਖਾਂ ਦੇ ਜੀਵਨ, ਜਿਨ੍ਹਾਂ ਨੂੰ ਅਸੀਂ ਲੋਚਦੇ ਹਾਂ ਪਰ ਅਸਾਡੇ ਕਿਰਦਾਰ ਕਿਥੇ ਪਹੁੰਚ ਗਏ ਹਨ ਅਤੇ ਅਸੀਂ ਆਪਣੇ ਆਪ ਨੂੰ ਸ਼ੇਰ ਬਣਾਉਂਦੇ-ਬਣਾਉਂਦੇ ਗਿੱਦੜਾਂ ਤੋਂ ਵੀ ਹੇਠਾਂ ਪਹੁੰਚ ਗਏ ਹਾਂ। ਜਿੰਨਾਂ ਬਹੁਤਾ ਪਾਖੰਡ, ਜਿੰਨਾ ਬਹੁਤਾ ਭੇਖ ਕੋਈ ਧਾਰਦਾ ਹੈ ਉਤਨਾ ਵੱਡਾ ਹੀ ਸੰਤ ਉਸਨੂੰ ਗਿਣਿਆ ਜਾਂਦਾ ਹੈ। ਭਾਵੇਂ ਉਸਦੀ ਰਸਨਾ ਨਾਮ ਰਸ ਦੀ ਥਾਂ ਨਿੰਦਿਆ ਰੂਪੀ ਮੈਲ ਹੀ ਕਿਉਂ ਨਾ ਖਾਂਦੀ ਰਹਿੰਦੀ ਹੋਵੇ ਪਰ ਉਹ ਆਪਣੇ ਭੇਖੀ ਚੇਲਿਆਂ, ਚਾਟੜਿਆਂ ਦੀ ਮਦਦ ਨਾਲ ਪੂਰਨ ਸੰਤ ਹੀ ਅਖਵਾਈ ਜਾਂਦਾ ਹੈ। ਵਾਹਿਗੁਰੂ ਜੀ ਕਦੋਂ ਕ੍ਰਿਪਾ ਕਰਨਗੇ ਜਦੋਂ ਅਜਿਹੇ ਪੈਸੇ ਇਕੱਠੇ ਕਰਨ ਵਾਲੇ ਪਾਖੰਡੀਆਂ ਨੂੰ ਨਾਮ ਦੀ ਅਤਿ ਉਤਮਤਾ ਬਾਰੇ ਪ੍ਰਕਾਸ਼ ਬਖਸ਼ਣਗੇ।

ਇੱਧਰ ਲਾਹੌਰ ਦੇ ਹਸਪਤਾਲ ਵਿਚੋਂ ਬਾਪੂ ਜੀ ਨੇ ਸਾਰੇ ਪਰਿਵਾਰ ਨੂੰ ਘਰ ਭੇਜ ਦਿਤਾ ਕੇਵਲ ਬਾਬਾ ਲੋਹਗੜ੍ਹੀਆ ਹੀ ਉਨ੍ਹਾਂ ਪਾਸ ਰਹਿ ਗਏ। ਅੰਮ੍ਰਿਤ ਵੇਲੇ ਆਪ ਨੇ ਆਪਣਾ ਪੰਜ ਭੂਤਕ ਚੋਲਾ ਛੱਡ ਦਿਤਾ ਅਤੇ ਆਪਣੇ ਆਤਮਕ ਸਰੂਪ ਵਿਚ ਬ੍ਰਹਮਲੀਨ ਹੋ ਗਏ। ਇਹ ਹੈ ਇਕ ਗੁਰਮੁਖ ਪਿਆਰੇ ਦੀ ਯਾਦ, ਜਿਨ੍ਹਾਂ ਦਾ ਜੀਵਨ ਸਾਨੂੰ ਮਹਾਨ ਪ੍ਰੇਰਨਾ ਦਿੰਦਾ ਹੈ। ਬਾਪੂ ਜੀ ਨੇ ਕਦੇ ਵੀ ਕੋਈ ਭੇਖ ਧਾਰਨ ਨਹੀਂ ਕੀਤਾ। ਉਹ ਪੰਜ ਕਕਾਰੀ ਰਹਿਤ ਧਾਰਨ ਕਰਨ ਵਾਲੇ, ਕਿਰਤੀ ਗੁਰਸਿੱਖ ਸਨ ਜੋ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣੇ ਅਤੇ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਕਰਿਆ ਕਰਦੇ ਸਨ। ਆਪ ਨੇ ਕਦੇ ਵੀ ਸੰਤ ਹੋਣ ਦਾ ਦ੍ਹਾਵਾ ਨਹੀਂ ਕੀਤਾ। ਇਹ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਮਹਾਨ ਉਚੀ ਆਤਮਾ ਦਾ ਅਨੁਭਵ ਹੈ ਕਿ ਪਿਤਾ ਜੀ ਸੰਤ ਅਵਸਥਾ ਵਿਚ ਵਿਚਰ ਰਹੇ ਸਨ ਅਤੇ ਆਪ ਨੇ ਆਪਣੀ ਲੇਖਣੀ ਵਿਚ ਪਹਿਲੀ ਵਾਰ ਜੇ ਕਿਸੇ ਨੂੰ ਸੰਤ ਪਦਵੀ ਦੇ ਕੇ ਲਿਖਿਆ ਹੈ ਤਾਂ ਉਹ ਬਾਪੂ ਜੀ ਨੂੰ ਲਿਖਿਆ ਹੈ। ਜਿਨ੍ਹਾਂ ਨੂੰ ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀ ਕਰਕੇ 'ਰੰਗਲੇ ਸੱਜਣ' ਵਿਚ ਥਾਂ ਦੇ ਕੇ, ਅਨੇਕ ਗੁਰਮੁਖ ਪਿਆਰਿਆਂ ਨੂੰ ਉਨ੍ਹਾਂ ਦੀਆਂ ਘਾਲ ਕਮਾਈਆਂ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸਫਲ ਕਰਨ ਦੀ ਇਕ light house ਦੇ ਪ੍ਰਕਾਸ਼ ਦਿੰਦੀ ਰੌਸ਼ਨੀ ਵਰਗੀ ਥਾਂ ਦਿਤੀ ਹੈ। ਲੇਖਕ - ਭਾਈ ਬਲਬੀਰ ਸਿੰਘ ਜੀ ਲੁਧਿਆਣੇ ਵਾਲਿਆਂ ਦਾ ਅਤੀ ਰਿਣੀ ਹੈ ਜਿਨ੍ਹਾਂ ਨੇ ਇਨ੍ਹਾਂ ਜੀਵਨੀਆਂ ਨੂੰ ਪੁਸਤਕਾਂ ਦੇ ਰੂਪ ਵਿਚ ਬਾਰ-ਬਾਰ ਛਪਵਾਇਆ ਹੈ ਅਤੇ ਪੁੱਗੀਆਂ ਹੋਈਆਂ ਆਤਮਾਵਾਂ ਦੇ ਜੀਵਨ ਚਰਿਤ੍ਰਾਂ ਨੂੰ ਜੀਵਤ ਰਖਿਆ ਹੈ।

ਸੰਚਾਲਕ
'ਆਤਮ ਮਾਰਗ'

* * * * *

# ਤੀਸਰੇ ਰਤਨ
# ਸਾਹਿਬ ਬਾਬਾ ਭਾਗ ਸਿੰਘ ਜੀ ਕੁਰੀ

ਇਹ ਗੱਲ ਆਮ ਪ੍ਰਸਿੱਧ ਹੈ ਕਿ ਅੰਬ ਦੀ ਜਗ੍ਹਾ ਅੰਬ ਘਟ ਹੀ ਲਗਦਾ ਹੈ। ਕਿਸੇ ਮਹਾਨ ਗੁਰਮੁਖ ਪ੍ਰਵਾਰ ਅੰਦਰ ਕਿਸੇ ਮਹਾਨ ਗੁਰਮੁਖ ਸਿੱਖ ਦਾ ਪੈਦਾ ਹੋ ਕੇ ਅੱਗੇ ਨੂੰ ਇਸੇ ਤਰ੍ਹਾਂ ਦੀ ਪੀੜ੍ਹੀ ਚਾਲੂ ਕਰਨੀ, ਇਹ ਗੱਲ ਬਹੁਤ ਘਟ ਤੱਕਣ ਵਿਚ ਆਉਂਦੀ ਹੈ।

ਸਤਿਗੁਰੂ ਤੇਗ ਬਹਾਦਰ ਸਾਹਿਬ ਜਦੋਂ ਬਾਬਾ ਬਕਾਲੇ ਭਾਈ ਮੱਖਣਸ਼ਾਹ ਦੀ ਦੁਹਾਈ ਦੇਣ ਪਰ ਪ੍ਰਗਟ ਹੋ ਗਏ, ਸੰਗਤਾਂ ਦੀ ਆਵਾਜਾਈ ਤੇ ਗਹਿਮਾਂ ਗਹਿਮੀ ਰਹਿਣ ਲਗੀ। ਇਸ ਸਮੇਂ ਕਈ ਸੇਵਕ ਮਨੋ ਕਾਮਨਾ ਪੂਰਨ ਕਰਾਉਣ ਹਿਤ ਦੂਰ ਦਰਾਜ਼ ਤੋਂ ਆ ਕੇ ਸੇਵਾ ਕਰਨ ਲਗ ਪਏ। ਕੋਈ ਸੰਗਤਾਂ ਲਈ ਪਾਨੀ ਭਰਦਾ, ਕੋਈ ਝਾੜੂ ਪੱਖਾ ਕਰਦਾ, ਤੇ ਕੋਈ ਲੰਗਰ ਦੀ ਸੇਵਾ ਵਿਚ ਜੀਵਨ ਸਫਲ ਕਰਨ ਹਿਤ ਜੁਟੇ ਹੋਏ ਸਨ। ਇਨ੍ਹਾਂ ਹੀ ਸਾਰੇ ਸੇਵਕਾਂ ਵਿਚੋਂ ਇਕ ਗੁਰਮੁਖ ਬਿਰਧ ਅਵਸਥਾ ਪਤਨੀ ਸਮੇਤ ਇਥੇ ਗੁਜਰਾਤ ਤੋਂ ਸੇਵਾ ਕਰਨ ਹਿਤ ਪੁੱਜਾ ਸੀ। ਇਸ ਗੁਰਮੁਖ ਦੰਪਤੀ ਦੇ ਪਿਆਰ ਤੇ ਸੇਵਾ ਭਾਵ ਤੋਂ ਖੁਸ਼ ਹੋ ਕੇ ਸਤਿਗੁਰਾਂ ਨੇ ਇਕ ਦਿਨ ਇਕ ਮਿੱਠਾ ਫਲ ਦੇ ਕੇ ਇਸ ਪ੍ਰੇਮੀ ਨੂੰ ਕਿਹਾ ਕਿ ਜਾਉ, ਤੁਹਾਡੀ ਸੇਵਾ ਸਫਲ ਹੋ ਗਈ ਹੈ। ਤੁਹਾਡੇ ਗ੍ਰਹਿ ਵਿਖੇ ਜੋ ਪੁਤਰ ਆਵੇ, ਉਸਦਾ ਨਾਮ ਮੇਹਰੂ ਰਖਣਾ। ਇਸ ਪਰ ਸਤਿਗੁਰੂ ਜੀ ਦੀਆਂ ਮੇਹਰਾਂ ਹੀ ਵਰਸਣਗੀਆਂ। ਫਿਰ ਤੁਹਾਡੇ ਹੀ ਪ੍ਰਵਾਰ ਅੰਦਰ ਤੀਸਰੀ ਪੁਸ਼ਤ ਅੰਦਰ ਐਸੇ ਗੁਰਮੁਖ ਪੈਦਾ ਹੋਣਗੇ ਜੋ ਤੁਹਾਡੇ ਤੇ ਤੁਹਾਡੀਆਂ ਪਿਛਲੀਆਂ ਕੁਲਾਂ ਦਾ ਵੀ ਉਧਾਰ ਕਰੇਗਾ। ਭਾਈ ਮੇਹਰੂ ਜੀ ਦੇ ਸਪੁਤ੍ਰਾਂ ਨੇ ਸ੍ਰੀ ਕਲਗੀਧਰ ਮਹਾਰਾਜ ਦਾ ਹਰ ਸਮੇਂ ਸਾਥ ਨਿਭਾਇਆ। ਜਦੋਂ ਗੁਰਦੇਵ ਦੱਖਣ ਗਏ ਤਦ ਇਨ੍ਹਾਂ ਨੂੰ ਬੰਦਾ ਸਿੰਘ ਜੀ ਦੇ ਨਾਲ ਹੀ ਵਾਪਸ ਪੰਜਾਬ ਨੂੰ ਭੇਜਿਆ ਤੇ ਇਹ ਆਗਿਆ ਕੀਤੀ ਕਿ ਤੁਸਾਂ ਗ੍ਰਹਿਸਤੀ ਦਾ ਜੀਵਨ ਨਿਭਾਉਣਾ ਹੈ, ਜੋ ਵਾਹਿਗੁਰੂ ਨੂੰ ਮਨਜ਼ੂਰ ਹੈ ਤਦ ਤੁਹਾਡੇ ਗੁਰਮੁਖ ਪ੍ਰਵਾਰ ਵਿਚ ਇਕ ਬਹੁਤ ਕਰਮਾਂ ਦਾ ਧਨੀ ਬਲਵਾਨ ਤੇ ਸ਼ਕਤੀਸ਼ਾਲੀ ਸਿੰਘ ਪੈਦਾ ਹੋਵੇਗਾ। ਸੋ ਇਹ ਸਿੰਘ ਜੋ ਪੂਰਨ ਰਹਿਤਵਾਨ ਸਨ, ਨਾਮ ਅਭਿਆਸੀ ਤੇ ਹਰ ਸਮੇਂ ਲਿਵ ਅੰਦਰ ਮਸਤ ਰਹਿਣਾ, ਸੇਵਾ ਕਰਕੇ ਖੁਸ਼ੀ ਮਨਾਉਣੀ, ਇਨ੍ਹਾਂ ਹੀ ਗੁਣਾਂ ਨਾਲ ਜਦੋਂ ਇਹ ਜ਼ਿਲਾ ਗੁਜਰਾਤ ਵਿਚ ਆਪਣੀ ਜਨਮ ਭੂਮੀ ਪਰ ਪੁਜੇ ਤਦ ਹਲਕੇ ਦੇ ਸਿੰਘਾਂ ਅੰਦਰ ਸਤਿਗੁਰਾਂ ਦੇ ਸਾਥੀ ਜਾਣਕੇ ਪੂਜੇ ਤੇ ਸਤਿਕਾਰੇ ਜਾਣ ਲਗੇ। ਇਕ ਪ੍ਰੇਮੀ ਗੁਰਸਿੱਖ ਨੇ ਆਪਣੀ ਸਪੁਤਰੀ ਦੀ ਸ਼ਾਦੀ ਭਾਈ ਗੁਰਬਖਸ਼ ਸਿੰਘ ਜੀ ਨਾਲ ਕਰ ਦਿਤੀ, ਨਾਲ ਹੀ ਜੀਵਨ ਨਿਭਾਉਣ ਹਿਤ ਚੋਖੀ ਰਾਸ ਤੇ ਇਕ ਰਹਿਣ ਲਈ ਮਕਾਨ ਵੀ ਬਣਾ ਦਿਤਾ। ਜਦੋਂ ਕਮਾਈ ਸ਼ੁਧ ਤੇ ਨੀਯਤ ਰਾਸ ਹੋਵੇ ਤਦ ਸਤਿਗੁਰੂ ਮਿਹਰ ਕਰਕੇ ਹਰ ਰਹਿਮਤ ਬਖਸ਼ਦੇ ਹਨ। ਅੰਮ੍ਰਿਤ ਵੇਲੇ ਜਾਗਣਾ, ਵਿਵਹਾਰ ਦੀ ਸ਼ੁਧੀ, ਜ਼ਬਾਨ ਤੋਂ ਸੱਚ ਬੋਲਣਾ। ਆਚਾਰ, ਵਿਚਾਰ ਤੇ ਨਾਲ ਲਗਦੇ ਗੁਰੂ ਗੁਰੂ ਜਪਣ ਦੇ ਸਾਧਨ ਨੇ ਹਰ ਸਿੱਖ ਅੰਦਰ ਇਸ ਪ੍ਰਵਾਰ ਲਈ ਪਿਆਰ ਵਧਾ ਦਿਤਾ। ਇਸ ਦੇ ਘਰ ਵਾਰੀ-ਵਾਰੀ ਦਿਆ ਸਿੰਘ, ਸੁਜਾਨ ਸਿੰਘ ਤੇ ਜਸਰਾਏ ਸਿੰਘ ਸਪੁਤਰ ਪੈਦਾ ਹੋਏ। ਇਨ੍ਹਾਂ ਦੇ ਸਮੇਂ ਹੀ ਸ਼ੁਭ ਆਚਾਰ ਤੇ ਸਿੱਖੀ ਦੀ ਬਹੁਤ ਮਹਿਕ ਵਧੀ। ਭਾਈ ਗੁਰਮੁਖ ਸਿੰਘ ਜੀ ਸਦਾ ਹੀ ਪ੍ਰਵਾਰ ਨੂੰ ਇਹ ਗੱਲ ਚੇਤੇ ਰਖਾਉਂਦੇ ਸਨ ਕਿ ਇਹ ਸਭ ਕੁਝ ਗੁਰਮੁਖ ਪ੍ਰਵਾਰ ਦੀ ਦੇਣ ਮੇਰੇ ਗੁਰੂ ਪਾਤਸ਼ਾਹ ਦੀ ਹੈ। ਜੇਕਰ ਤੁਸੀਂ ਕਦੇ ਵੀ ਸਿੱਖੀ ਤੋਂ ਦੂਰ ਹੋਏ ਤਦ ਕਿਧਰੇ ਜੋਗੇ ਨਹੀਂ ਰਹੋਗੇ। ਹਾਂ ਸਿੱਖੀ ਦਾ ਮਹਾਨ ਰਾਜ ਗਵਾ ਕੇ ਤੁਸੀਂ ਸਭ ਕੁਝ ਪਾਸ ਹੁੰਦਿਆਂ ਵੀ ਕੱਖਾਂ ਤੋਂ ਹੌਲੇ ਹੋ ਜਾਵੋਂਗੇ।

ਇਹ ਪ੍ਰਵਾਰ ਸਤਿ ਤੇ ਅਸਤਿ ਦਾ ਨਿਰਣਾ ਕਰਕੇ, ਸਤਿ ਵਿਵਹਾਰ ਤੇ ਉਸ ਆਚਾਰ ਦੇ ਕਾਰਣ ਚੌਹੀਂ ਪਾਸੀਂ ਆਪਣੀ ਕੀਰਤੀ ਯਸ ਤੇ ਸੁਗੰਧੀ ਫੈਲਾਉਂਦਾ ਰਿਹਾ। ਇਸ ਨਾਲ ਲੋਕਾਂ ਅੰਦਰ ਗੁਰੂ ਪਾਤਸ਼ਾਹ ਨਾਲ ਪਿਆਰ ਤੇ ਸਿੱਖੀ ਨਾਲ ਸ਼ਰਧਾ ਬਣਦੀ ਗਈ। ਲੋਕ ਕਲਗੀਧਰ ਪਾਤਸ਼ਾਹ ਦੀ ਦੇਣ ਤੇ ਬਖਸ਼ਿਸ਼ ਜਾਣ ਕੇ ਇਹਨਾਂ ਦੀ ਸੇਵਾ ਭਗਤੀ ਕਰਕੇ ਜੀਵਨ ਸਫਲ ਕਰਦੇ ਰਹੇ। ਇਸ ਤਰ੍ਹਾਂ ਸ਼ਰਧਾ, ਭਗਤੀ, ਵੈਰਾਗ ਤੇ ਸਿਮਰਨ ਰਾਹੀਂ ਸਿੱਖੀ ਅੰਦਰ ਪ੍ਰਵਾਰ ਦੀਆਂ ਕੀਮਤਾਂ ਆਕਾਸ਼ ਨੂੰ ਛੋਹ ਗਈਆਂ। ਚੰਗੇ ਲੋਕ ਬੁਰਿਆਂ ਅੰਦਰ ਜਾ ਕੇ ਚੰਗੇਪਨ ਦਾ ਬੀਜ ਬੀਜਦੇ ਹਨ ਪਰ ਬੁਰੇ ਲੋਕ ਕਿਸੇ ਤਰ੍ਹਾਂ ਇਨ੍ਹਾਂ ਦੀ ਨੇਕੀ ਤੇ ਪਵਿਤਰਤਾ ਨੂੰ ਬਦਲਾਅ ਤੇ ਖਤਮ ਨਹੀਂ ਕਰ ਸਕਦੇ। ਸੋ ਨੇਕੀ ਤੇ ਸਿਮਰਨ ਸਾਧਨ ਸਤਿ ਵਿਚਾਰ, ਆਚਾਰ ਤੇ ਵਿਵਹਾਰ ਨੇ ਸ੍ਰੀ ਗੁਰਮੁਖ ਪਿਆਰੇ ਹਰਜਸ ਸਿੰਘ ਜੀ ਨੂੰ ਫਲ ਦਿਤਾ ਤੇ ਇਨ੍ਹਾਂ ਗੁਣਾਂ ਨੂੰ ਆਖਰ ਸਿਖਰਾਂ ਤਕ ਪੁਚਾਉਣ ਹਿਤ 9 ਮਾਘ 1822 ਨੂੰ ਸੁਬ੍ਹਾ ਦੋ ਵਜੇ ਉਨ੍ਹਾਂ ਦੇ ਗ੍ਰਹਿ ਵਿਖੇ ਇਕ ਪਵਿੱਤਰ ਰੂਹ ਨੇ ਜਨਮ ਲਿਆ। ਚੂੰਕਿ ਪ੍ਰਵਾਰ ਪੂਜਿਆ ਤੇ ਸਤਿਕਾਰਿਆ ਜਾਂਦਾ ਸੀ, ਇਸ ਲਈ ਉਹ ਸਾਰਾ ਇਲਾਕਾ ਹੀ ਸੰਗਤ ਦੇ ਰੂਪ ਵਿਚ ਹੀ ਇਸ ਖੁਸ਼ੀ ਅੰਦਰ ਸ਼ਰੀਕ ਹੋਏ। ਸਤਿਗੁਰੂ ਜੀ ਅੱਗੇ ਅਰਦਾਸ ਕੀਤੀ ਗਈ ਤੇ ਪ੍ਰਸ਼ਾਦਿ ਵੰਡਿਆ ਗਿਆ। ਕਹਿੰਦੇ ਨੇ ਲਾਲ ਗੋਦੜੀਆਂ ਅੰਦਰ ਹੀ ਚਮਕਦੇ ਹਨ। ਸੋ ਭਾਈ ਸਾਹਿਬ ਦੇ ਪੁਤ੍ਰ ਨੇ ਇਹ ਰੰਗ ਦਿਖਾਇਆ ਕਿ ਆਇਆ ਗਿਆ ਤੇ ਮਹੰਤ ਫਕੀਰ ਵੀ ਜੋ ਇਸ ਬਾਲਕ ਨੂੰ ਤੱਕੇ, ਉਹ ਇਸ ਵਲ ਤੱਕਦਾ ਹੀ ਰਹੇ ਤੇ ਕੋਈ ਇਹ ਵੀ ਕਹਿ ਜਾਏ ਕਿ ਉਸ ਦਾ ਪੁਤ੍ਰ ਬੜਾ ਪ੍ਰਤਾਪੀ ਤੇ ਮਹਾਨ ਸਖਸ਼ੀਅਤ ਹੋ ਕੇ ਉਸਦੇ ਨਾਮ ਨੂੰ ਰੌਸ਼ਨ ਕਰੇਗਾ। ਗੁਰਮਤਿ ਅਨੁਸਾਰ ਬੱਚੇ ਦਾ ਨਾਮ ਗੁਰਦਵਾਰੇ ਜਾ ਕੇ –

*ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥*
*ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥*

ਸਤਿਗੁਰਾਂ ਦੇ ਮਹਾਂਵਾਕ ਪਿਛੋਂ ਨਾਮ ਹੀ ਭਾਈ ਸਾਹਿਬ ਨੇ ਭਾਗ ਸਿੰਘ ਰਖਿਆ, ਤੇ ਨਾਲ ਹੀ ਵਧਾਈ ਦੇਂਦਿਆਂ ਕਿਹਾ, "ਭਾਈ ਪਤਾ ਨਹੀਂ ਸਤਿਗੁਰਾਂ ਦੇ ਵਾਕ ਹੀ ਪੂਰੇ ਹੋਣ ਲਗੇ ਹਨ। ਇਹ ਭਾਗਸ਼ਾਲੀ ਕਰਮਾਂ ਦੇ ਧਨੀ ਮਹਾਨ ਪੁਰਸ਼ ਦੇ ਪੂਰਨ ਹੋਣ ਦਾ ਇਕ ਉਤਮ ਚਿੰਨ੍ਹ ਹੈ।"

ਬਚਪਨ ਅੰਦਰ ਮੁਢਲੀ ਵਿਦਿਆ ਦਾ ਗਿਆਨ ਮਾਤਾ ਪਿਤਾ ਪਾਸੋਂ ਹੀ ਪ੍ਰਾਪਤ ਹੋਇਆ। ਧਰਮਸਾਲ ਵਿਚ ਗੁਰੂ ਦੀ ਸ਼ਰਣ ਗ੍ਰਹਿਣ ਕੀਤੀ ਤੇ ਫਿਰ ਕਾਜ਼ੀ ਤੋਂ ਫਾਰਸੀ ਉਰਦੂ ਵੀ ਪੜ੍ਹਿਆ।

ਉਹ ਥੋੜੇ ਸਮੇਂ ਅੰਦਰ ਹੀ ਕਾਫੀ ਗਿਆਨ ਤੇ ਅਖਰੀ ਵਿਦਿਆ ਪ੍ਰਾਪਤ ਕਰ ਗਏ ਸਨ। ਇਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਦੀ ਸੰਤਾਨ ਬੇਦੀ ਕੁਲ ਭੂਸ਼ਨ ਬਾਬਾ ਸਾਹਿਬ ਸਿੰਘ ਜੀ ਦਾ ਚੌਹੀਂ ਪਾਸੀਂ ਬੋਲ ਬਾਲਾ ਸੀ, ਹਰ ਇਕ ਸਿੱਖ ਉਨ੍ਹਾਂ ਦਾ ਮੁਦਈ ਤੇ ਮਤਵਾਲਾ ਸੀ। ਲੋਕ ਹਰ ਰਾਜਸੀ ਤੇ ਧਾਰਮਕ ਮਾਮਲੇ ਹਲ ਕਰਨ ਹਿਤ ਉਨ੍ਹਾਂ ਦੀ ਮਹਾਨ ਹਸਤੀ ਵਲ ਹੀ ਤਕਦੇ ਸਨ। ਹਰ ਕੋਈ ਇਸੇ ਹੀ ਆਸ਼ੇ ਨਾਲ ਉਨ੍ਹਾਂ ਦੀ ਸ਼ਰਣ ਜਾਂਦਾ ਸੀ ਕਿ ਉਨ੍ਹਾਂ ਦੀ ਕਾਮਨਾ ਸੰਸਾਰੀ ਹੈ ਜਾਂ ਫਿਰ ਮਾਨਸਿਕ ਅਥਵਾ ਧਾਰਮਕ, ਉਸਦੀ ਹਰ ਤਰ੍ਹਾਂ ਨਾਲ ਤਸੱਲੀ ਹੋਵੇਗੀ। ਸੋ ਇਹਨੀ ਦਿਨੀਂ ਜਦੋਂ ਬਾਬਾ ਭਾਗ ਸਿੰਘ ਜੀ ਨੇ ਸੁਰਤ ਸੰਭਾਲੀ, ਤਦ ਤੋਂ ਹੀ ਉਨ੍ਹਾਂ ਦੀ ਖਾਹਿਸ਼ ਊਨੇ ਸਾਹਿਬ ਜਾਣ ਦੀ ਸੀ। ਪਰ ਉਹ ਮਹਾਨ ਗਿਆਨ ਤੇ ਗੁਰੂ ਮਰਯਾਦਾ ਦੇ ਹਾਮੀ ਤੇ ਸਥੰਭ ਵੀ ਹਨ ਕਿ ਨਹੀਂ, ਇਹ ਸਾਬਿਤ ਕਰਨ ਹਿਤ ਉਹ ਪਹਿਲਾਂ ਉਸ ਮਹਾਨ ਤੀਰਥ ਯਾਤਰਾ ਨੂੰ ਚਲ ਪਏ। ਇਸੇ ਹੀ ਸਮੇਂ ਉਨ੍ਹਾਂ ਨਾਲ ਇਕ ਕੌਤਕ ਵਰਤਿਆ।

ਇਕ ਦਿਨ ਆਪਣੇ ਨਗਰ ਤੋਂ ਉਹ ਸ਼ਹਿਰੀ ਦੁਨੀਆਂ ਤੱਕਣ ਹਿਤ ਵਜ਼ੀਰਾਬਾਦ ਗਏ। ਹਰ ਪਾਸੇ ਸੌਦਾ, ਵਿਕਦਾ ਸੀ। ਹਰ ਮਾਲ ਪੈਸਿਆਂ ਨੂੰ ਹਾਜ਼ਰ ਸੀ ਪਰ ਜੋ ਸੌਦਾ ਬਾਲਕ ਭਾਗ ਸਿੰਘ ਲੱਭ ਰਹੇ ਸਨ, ਉਸਦੀ ਨਾ ਕੋਈ ਦੁਕਾਨ ਸੀ ਤੇ ਨਾ ਹੀ ਉਸਦਾ ਕੋਈ ਗਾਹਕ ਹੀ ਨਜ਼ਰੀਂ ਪਿਆ। ਉਹ ਹਰ ਵਿਕਰੀ ਵਾਲੇ ਸੌਦੇ ਨੂੰ ਤਕ ਕੇ ਫਿਰ ਉਸ ਜਗ੍ਹਾ ਪਹੁੰਚ ਗਏ ਜਿਥੇ ਸਰੀਰ ਵਿਕਦੇ ਸਨ, ਜਿਥੇ ਬਾਹਰਲੇ ਰੂਪ ਨੂੰ ਕਿਸੇ ਦੇ ਸਪੁਰਦ ਕਰਕੇ ਉਸਦੀ ਜੇਬ ਖਾਲੀ ਕੀਤੀ ਜਾਂਦੀ ਸੀ, ਜਿਥੇ ਝੂਠਾ ਹੁਸਨ ਤੇ ਝੂਠਾ ਇਸ਼ਕ - ਦੋਹਾਂ ਦੀ ਸਾਂਝ ਸੀ। ਕੋਈ ਵੀ ਨਾ ਕਿਸੇ ਨੂੰ ਪਿਆਰ ਕਰਨ ਵਾਲਾ ਸੀ ਤੇ ਨਾ ਹੀ ਕੋਈ ਪਾਰਖੂ ਹੀ ਸੀ। ਉਸ ਜਗ੍ਹਾ ਤਾਂ ਬਾਹਰਲੇ ਰੂਪ ਨੂੰ ਸੋਨੇ ਨਾਲ ਤੋਲ ਕੇ ਖਰੀਦਿਆ ਜਾਂਦਾ ਸੀ ਤੇ ਸਮਾਂ ਲੰਘ ਜਾਣ ਪਿਛੋਂ ਦੋਵੇਂ ਫਰੀਕ, ਇਕ ਦੂਸਰੇ ਨੂੰ ਇਸ ਤਰ੍ਹਾਂ ਭੁੱਲ ਜਾਂਦੇ ਸਨ, ਜਿਵੇਂ ਜਵਾਰਭਾਟੇ ਪਿਛੋਂ ਪਾਣੀ ਪਹਿਲੀ ਲਹਿਰ ਦੇ ਉਬਾਲ ਤੇ ਚੜ੍ਹਾਅ, ਉਤਰਾਅ ਨੂੰ ਭੁਲੀਦਾ ਹੈ।

ਬਾਬਾ ਜੀ ਇਕ ਬਾਰੀ (ਖਿੜਕੀ) ਅੱਗੇ ਖਲੋ ਗਏ। ਉਸ ਵਿਚ ਅਜ ਇਕ ਨੌਜਵਾਨ ਉਮਰ ਤੇ ਹੁਸੀਨ ਲੜਕੀ ਬੈਠੀ ਸੀ। ਬਾਬਾ ਜੀ ਦਾ ਮਨ ਦ੍ਰਵ ਗਿਆ ਕਿ ਹੇ ਪ੍ਰਭੂ ਇਹ ਕਿਤਨਾ ਗੁਨਾਹ ਹੈ ਕਿ ਤੇਰੀ ਦੁਨੀਆਂ ਅੰਦਰ, ਉਹ ਲੋਕ ਵੀ ਵਸਦੇ ਹਨ ਜਿਨ੍ਹਾਂ ਨੂੰ ਕੇਵਲ ਮਾਤਰ ਪੇਟ ਨੂੰ ਝੁਲਸਾ ਦੇਣ ਹਿਤ ਸਰੀਰ ਤੇ ਆਤਮਾ ਦੋਵੇਂ ਹੀ ਨੀਵੀਆਂ ਕਰਕੇ ਵੇਚਣੀਆਂ ਪੈਂਦੀਆਂ ਹਨ? ਇਹ ਗੱਲਾਂ ਕਰਕੇ ਬਾਬਾ ਜੀ ਉਸ ਜਗ੍ਹਾ ਤੋਂ ਬਾਹਰ ਆਏ। ਇਸ ਨੌਜਵਾਨ ਔਰਤ ਨੇ ਮਨੋਂ ਅਨੁਭਵ ਕੀਤਾ ਕਿ ਉਸ ਕਿਸ਼ੋਰ ਦੀ ਨਜ਼ਰ ਅੰਦਰ ਦਰਦ ਸੀ, ਦੀਰਘ ਪੀੜਾ ਸੀ, ਮਨੁੱਖਤਾ ਦੀ ਉਸਾਰੀ ਦਾ ਉਮਾਹ ਸੀ। ਉਹ ਤੇ ਦੁਖੀ ਦੁਨੀਆਂ ਦਾ ਤਾਰਕ ਹੈ। ਸੋ ਉਹ ਉਠੀ ਤੇ ਥਾਲ ਅੰਦਰ ਕੁਝ ਸਮਾਨ ਤੇ ਰੁਪਏ ਰੱਖ ਕੇ ਬਾਹਰ ਨੂੰ ਭੱਜੀ। ਥੋੜੀ ਹੀ ਦੂਰ ਜਾ ਕੇ ਉਸ ਨੇ ਉਸ ਪਰਉਪਕਾਰੀ ਦੇ ਚਰਨ ਜਾ ਫੜੇ। ਬਾਬਾ ਜੀ ਨੇ ਕਿਹਾ, "ਦੇਵੀ! ਅਸੀਂ ਸੰਸਾਰੀ ਗ੍ਰਹਿਸਤੀ ਆਦਮੀ ਹਾਂ, ਸਾਡੇ ਪਾਸੋਂ ਕੀ ਲੈਣਾ ਹੈ?" ਉਨ੍ਹਾਂ ਦੀ ਤਕਣੀ ਅਜੀਬ ਸੀ ਜੋ ਕਿਸੇ ਵੀ ਕਪਟੀ, ਲੋਭੀ, ਦੰਭੀ, ਕਾਮੀ ਮਨੁੱਖ ਦੀ ਤੱਕਣੀ ਅੰਦਰ ਨਹੀਂ ਹੋ ਸਕਦੀ। ਉਹ ਤਿਆਗ ਹੀ ਹੈ ਜੋ ਹਿਮਾਲੀਆ ਵਾਂਗ ਉਚਾ ਤੇ ਸਾਗਰ ਵਾਂਗ ਗੰਭੀਰ ਹੈ। ਉਹ ਅਕਾਸ਼ ਦੀਆਂ ਸਿਖਰਾਂ ਤੇ ਪਤਾਲ ਦੀਆਂ ਡੂੰਘਾਈਆਂ ਵਤ ਗਹਿਰਾ ਤੇ ਮਹਾਨ ਹੈ। ਕਾਮੀ ਮਨੁਖ ਜੋ ਸੰਸਾਰ ਅੰਦਰ ਕੇਵਲ ਮਾਤਰ ਕਾਮਨਾਵਾਂ ਸਹਿਤ ਹੀ ਜਿਉਂਦਾ ਹੈ, ਉਹ ਗੰਦੀ ਨਾਲੀ ਦਾ ਕੀੜਾ ਹੈ। ਉਹ ਗੰਦਗੀ ਦਾ ਉਹ ਟੋਆ ਹੈ ਜੋ ਜ਼ਹਿਰ ਦੇ ਗੰਦੇ ਪਾਣੀ ਨਾਲ ਭਰ ਕੇ ਉਸ ਅੰਦਰ ਜ਼ਰਾਸੀਮ ਪੈਦਾ ਕਰਦਾ ਹੈ, ਜੋ ਚੰਗੇ ਪਾਣੀ ਅੰਦਰ ਜਾ ਕੇ ਹੋਰਨਾਂ ਲਈ ਤਬਾਹੀ ਦਾ ਕਾਰਨ ਬਣ ਸਕਦੇ ਹਨ।

'ਚਲਦਾ'

*(ਗਿਆਨੀ ਮੇਹਰ ਸਿੰਘ ਰਚਿਤ ਪੁਸਤਕ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)*

* * * * *

---

(ਪੰਨਾ 19 ਦੀ ਬਾਕੀ)

ਨੇ ਵਿਚਾਰ ਕਰਕੇ ਉਸ ਸਮੇਂ ਹਕੂਮਤ ਲਾਹੌਰ ਦੇ ਸੂਬੇ ਜ਼ਕਰੀਆ ਖਾਨ ਬਹਾਦਰ ਨਾਲ ਅਬਦੁਲ ਰਜ਼ਾਕ ਕਾਜ਼ੀ ਰਾਹੀਂ, ਗੱਲ ਕੀਤੀ, ਜੋ ਅੰਮ੍ਰਿਤਸਰ ਦੀ ਨਿਗਰਾਨੀ ਅਤੇ ਸਿੰਘਾਂ ਦੀ ਦੇਖਭਾਲ ਵਾਸਤੇ ਛੱਡਿਆ ਸੀ, ਕਾਜ਼ੀ ਨੇ ਦੋ ਹਜ਼ਾਰ ਰੁਪੈ ਆਪਣੀ ਰਿਸ਼ਵਤ ਅਤੇ ਪੰਜ ਹਜ਼ਾਰ ਰੁਪੈ ਸ਼ਾਹੀ ਖਜ਼ਾਨੇ ਵਿਚ ਜਮ੍ਹਾਂ ਕਰਾਉਣ ਦਾ ਵਚਨ ਲੈ ਕੇ ਤਿੰਨ ਦਿਨ ਮੇਲਾ ਲੱਗਣ ਦੀ ਆਗਿਆ ਲੈ ਲਈ। ਭਾਈ ਸਾਹਿਬ ਨੇ ਸਿੰਘਾਂ ਨੂੰ ਖਬਰਾਂ ਭੇਜ ਦਿਤੀਆਂ ਕਿ ਆਓ ਗੁਰੂ ਪਿਆਰਿਓ! ਦਰਸ਼ਨ, ਇਸ਼ਨਾਨ ਕਰੋ; ਸੋਚਿਆ, ਦੀਵਾਨਾਂ ਦੇ ਮੇਲੇ ਤੇ ਸੰਗਤ ਜੁੜੇਗੀ ਅਤੇ ਭੇਟਾ ਚੜ੍ਹੇਗੀ। ਉਹਨਾਂ ਵਿਚੋਂ ਸੱਤ ਹਜ਼ਾਰ ਰੁਪੈ ਦੇ ਦੇਵਾਂਗੇ, ਪਰ ਹਾਕਮਾਂ ਦੇ ਅੰਦਰ ਬੇਈਮਾਨੀ ਸੀ। ਇਕੱਲਾ-ਇਕੱਲਾ ਸਿੰਘ ਫੜਨਾ ਔਖਾ ਹੈ, ਇਕੱਠਿਆਂ ਨੂੰ ਫੜ ਕੇ ਸ਼ਹੀਦ ਕਰ ਦੇਵਾਂਗੇ। ਇੰਤਜ਼ਾਮ ਕਰਨ ਦੇ ਬਹਾਨੇ ਸੈਨਾ ਭੇਜ ਦਿਤੀ। ਭਾਈ ਮਨੀ ਸਿੰਘ ਜਾਣ ਗਏ। ਸਿੰਘਾਂ ਨੂੰ ਆਉਣ ਤੋਂ ਰੋਕ ਦਿਤਾ, ਮੈਂ ਤਾਂ ਚੜ੍ਹਾਵੇ ਦੀ ਭੇਟਾ ਹੀ ਦੇਣੀ ਸੀ। ਪਰ ਕੌਣ ਸੁਣਦਾ ਸੀ, ਲਾਹੌਰ ਲਿਜਾ ਕੇ ਬੰਦ-ਬੰਦ ਕੱਟੇ ਜਾਣ ਦਾ ਫਤਵਾ ਲਾ ਦਿਤਾ। ਲਾਹੌਰ ਦੇ ਪ੍ਰੇਮੀ ਭਾਈ ਸਾਹਿਬ ਨੂੰ ਕਹਿਣ ਲੱਗੇ ਕਿ ਤੁਹਾਡੀ ਜ਼ਿੰਦਗੀ ਬੜੀ ਅਮੋਲਕ ਹੈ; ਅਸੀਂ ਮਾਇਆ ਦੇ ਦਿੰਦੇ ਹਾਂ। ਭਾਈ ਸਾਹਿਬ ਨੇ ਕਿਹਾ ਕਿ ਇਨ੍ਹਾਂ ਨੂੰ ਮਾਇਆ ਨਹੀਂ ਦੇਣੀ। ਮੈਨੂੰ ਵਰ ਦੇਵੋ ਕਿ ਸਿੱਖੀ ਕੇਸਾਂ, ਸੁਆਸਾਂ ਨਾਲ ਨਿਭ ਜਾਵੇ, ਮਨ ਨ ਡੋਲੇ, ਭਾਈ ਸਾਹਿਬ ਨੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਤਾ, ਜਲਾਦ ਨੇ ਗੁਟ ਤੇ ਛੁਰੀ ਚਲਾਈ ਤਾਂ ਭਾਈ ਸਾਹਿਬ ਬੋਲੇ, ਕਿ ਪਹਿਲਾਂ ਉਂਗਲਾਂ ਦੇ ਤਿੰਨ-ਤਿੰਨ ਟੋਟੇ ਕਰ, ਫੇਰ ਅੱਗੇ ਵਧੀ। ਧੰਨ, ਇਹੋ ਜਿਹੇ ਗੁਰੂ ਦੇ ਪਿਆਰੇ। ਪਾਠ ਨੌਵੀਂ ਅਸਟਪਦੀ ਵਿਚ ਸੀ। ਸਰੀਰ ਦੇ ਅੰਗ ਅੱਡ-ਅੱਡ ਕਰ ਦਿਤੇ। ਸਾਰਿਆਂ ਅੰਗਾਂ ਵਿਚੋਂ ਭੋਗ ਪੈਣ ਤਕ ਆਵਾਜ਼ ਆਉਂਦੀ ਰਹੀ, ਫੇਰ ਸਰੀਰ ਸ਼ਾਂਤ ਹੋਇਆ। ਸਾਡੇ ਬਜ਼ੁਰਗਾਂ ਨੇ ਆਪਣੀ ਚਰਬੀ ਦੇ ਤੇਲ ਨਾਲ ਦੀਪਮਾਲਾ ਜਗਾਈ।

ਅਜਕੱਲ ਦੀਵਾਲੀ ਨੂੰ ਸ਼ਰਾਬਾਂ ਪੀਣੀਆਂ, ਗੰਦ ਬਕਣਾ, ਲੜਾਈ ਝਗੜੇ ਕਰਨੇ, ਮੁਕਦਮੇਬਾਜ਼ੀ ਹੋਣੀ। ਬਾਹਰ ਦੀ ਰੋਸ਼ਨੀ ਨਾਲ ਅੰਦਰ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ।

*ਫਰੀਦਾ ਕੰਨਿ ਮੁਸਲਾ ਸੂਫੁ ਗਲਿ*
*ਦਿਲਿ ਕਾਤੀ ਗੁੜੁ ਵਾਤਿ॥*
*ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥*

*ਪੰਨਾ - 1380*

ਪਰ 'ਸਦਾ ਦੀਵਾਲੀ ਸਾਧ ਦੀ ਅਠੇ ਪਹਿਰ ਬਸੰਤ' (ਸਾਧੂਆਂ ਦੇ ਅੰਦਰ ਚੰਦ, ਸੂਰਜ, ਜੋਤੀਆਂ ਦਾ ਚਮਕਾਰ ਅਠੇ ਪਹਿਰ ਰਹਿਣ ਕਰਕੇ ਉਹਨਾਂ ਲਈ ਹਰ ਪਲ, ਹਰ ਛਿਨ ਦੀਵਾਲੀ ਤੋਂ ਕਿਤੇ ਵੱਧ ਉਤਮ ਹੈ। ਦੀਵੇ ਬਾਹਰ ਚਾਨਣ ਦਿੰਦੇ ਹਨ ਪਰ ਨਾਮ ਦਾ ਪ੍ਰਕਾਸ਼ ਸਦੀਵ ਹੀ ਪ੍ਰਕਾਸ਼ਤ ਹੋ ਕੇ ਸਰਬ ਰਮੀ ਹੋਈ ਜੋਤਿ ਦਾ ਸਾਂਗੋ ਪਾਂਗ ਦਰਸ਼ਨ ਕਰਾਉਂਦਾ ਹੈ।

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*

*(ਸੰਚਾਲਕ)*
*ਆਤਮ ਮਾਰਗ*

* * * * *

# ਸ਼ੁਭ ਉਪਦੇਸ਼

(ਬਾਈਬਲ ਵਿਚੋਂ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ.ਮਿਸ਼ਨ।*

## ਪ੍ਰੇਮ ਅਤੇ ਸਾਸ਼ਤ੍ਰਾਂ ਦਾ ਪਾਲਣ

ਆਪਸੀ ਪ੍ਰੇਮ ਨੂੰ ਛੱਡ ਕੇ ਹੋਰ ਕਿਸੇ ਗੱਲ ਵਿਚ ਕਿਸੇ ਦੇ ਰਿਣੀ ਨਾ ਹੋਵੋ, ਕਿਉਂਕਿ ਜੋ ਦੂਸਰੇ ਨਾਲ ਪ੍ਰੇਮ ਰਖਦਾ ਹੈ, ਉਸੇ ਨੇ ਸਾਸ਼ਤ੍ਰਾਂ ਦਾ ਪਾਲਣ ਕੀਤਾ ਹੈ। ਕਿਉਂਕਿ ਵਿਭਚਾਰ ਨਾ ਕਰਨਾ, ਹੱਤਿਆ ਨਾ ਕਰਨਾ, ਚੋਰੀ ਨਾ ਕਰਨਾ, ਲਾਲਚ ਨਾ ਕਰਨਾ ਅਤੇ ਇਹਨਾਂ ਆਗਿਆਵਾਂ ਦਾ ਅਤੇ ਹੋਰ ਵੀ ਕੋਈ ਆਗਿਆ ਹੋਵੇ ਤਾਂ ਇਹਨਾਂ ਸਭਨਾਂ ਦਾ ਸਾਰ ਇਸ ਗੱਲ ਵਿਚ ਮਿਲਦਾ ਹੈ ਕਿ ਆਪਣੇ ਪੜੋਸੀ ਨਾਲ, ਆਪਣੇ ਸਮਾਨ ਹੀ ਪ੍ਰੇਮ ਕਰੋ।

ਪ੍ਰੇਮ ਪੜੋਸੀ ਦੀਆਂ ਬੁਰਾਈਆਂ ਨਹੀਂ ਕਰਦਾ, ਇਸ ਲਈ ਪ੍ਰੇਮ ਕਰਨਾ ਸਾਸ਼ਤ੍ਰ ਦੇ ਨਿਯਮਾਂ ਦਾ ਪਾਲਣ ਕਰਨਾ ਹੈ।

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 13/8-10)*

**ਗੁਰਮਤਿ ਸਿਧਾਂਤ** – ਵਾਹਿਗੁਰੂ ਜੀ ਆਪ ਪ੍ਰੇਮ ਸਰੂਪ ਹੋ ਕੇ ਹਰ ਥਾਂ ਦੇ ਵਿਚ ਵਿਦਮਾਨ ਅਤੇ ਬਿਰਾਜਮਾਨ ਹਨ। ਇਸ ਜੀਵ ਆਤਮਾ ਨੂੰ ਪ੍ਰਭੂ ਦੇ ਨਾਲ ਮਿਲਾਉਣ ਲਈ ਪ੍ਰੇਮ ਹੀ ਸਭ ਸਾਧਨਾਂ ਤੋਂ ਸ਼੍ਰੋਮਣੀ ਹੈ ਅਤੇ ਫੁਰਮਾਨ ਹੈ –

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।*

ਦੂਸਰਾ ਹੈ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।।*

*ਜਾਪੁ ਸਾਹਿਬ*

ਸਾਸ਼ਤ੍ਰ ਦੀ ਆਗਿਆ ਦਾ ਸਾਰਾਂਸ਼ ਇਹ ਹੈ ਕਿ ਸ਼ੁੱਧ ਮਨ, ਸਦ ਵਿਵੇਕ ਅਤੇ ਨਿਸ਼ਕਪਟ ਸ਼ਰਧਾ ਨਾਲ ਪ੍ਰੇਮ ਉਤਪੰਨ ਹੋਵੇ।

*(ਤੀਮੋਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ - 1/15)*

## ਪਰਸਪਰ ਸਹਾਇਤਾ ਅਤੇ ਮੇਲ ਜੋਲ

ਜੇ ਕੋਈ ਮਨੁੱਖ ਕਿਸੇ ਅਪਰਾਧ ਵਿਚ ਪਕੜਿਆ ਜਾਵੇ ਤਾਂ ਤੁਸੀਂ, ਜੋ ਕਿ ਅਧਿਆਤਮਕ ਬਿਰਤੀ ਵਾਲੇ ਲੋਕ ਹੋ, ਨਿਮਰਤਾ ਨਾਲ ਅਜਿਹੇ ਮਨੁੱਖ ਨੂੰ ਸੰਭਾਲੋ ਅਤੇ ਆਪਣੇ ਲਈ ਵੀ ਅਜਿਹੀ ਸਾਵਧਾਨੀ ਰਖੋ ਕਿ ਕਿਤੇ ਤੁਸੀਂ ਵੀ ਲੋਭ ਵਿਚ ਨਾ ਜਕੜੇ ਜਾਉ। ਤੁਸੀਂ ਇਕ ਦੂਜੇ ਦਾ ਭਾਰ ਉਠਾਉ।

*(ਗਲਤੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 6/1-2)*

ਕੋਈ ਆਪਣੇ ਹੀ ਹਿਤ ਨੂੰ ਨਾ ਦੇਖੇ, ਸਗੋਂ ਦੂਜਿਆਂ ਦਾ ਹਿਤ ਵੀ ਦੇਖੇ।

*(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ - 10/24)*

ਵਿਰੋਧ ਅਤੇ ਝੂਠੀ ਸ਼ਾਨ ਲਈ ਕੁਝ ਨਾ ਕਰੋ, ਸਗੋਂ ਦੀਨ ਭਾਵ ਨਾਲ ਇਕ ਦੂਜੇ ਨੂੰ ਆਪਣੇ ਤੋਂ ਚੰਗਾ ਸਮਝੋ। ਹਰ ਕੋਈ ਆਪਣੇ ਹਿਤ ਦੀ ਹੀ ਨਹੀਂ, ਸਗੋਂ ਦੂਜਿਆਂ ਦੇ ਹਿਤ ਦੀ ਵੀ ਚਿੰਤਾ ਕਰੇ।

*(ਫਿਲਪੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 2/3-4)*

ਅਸੀਂ ਇਕ ਦੂਸਰੇ ਦਾ ਵਿਚਾਰ ਕਰੀਏ ਅਤੇ ਪਰਸਪਰ ਪ੍ਰੇਮ ਅਤੇ ਸਦਕਰਮਾਂ ਦੇ ਲਈ ਇਕ ਦੂਜੇ ਨੂੰ ਪ੍ਰੇਰਿਤ ਕਰਦੇ ਰਹੀਏ।

*(ਇਬਰਾਨੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ - 10/24)*

ਸਭ ਦੇ ਨਾਲ ਸ਼ਾਂਤੀ ਪੂਰਬਕ ਰਹੋ ਅਤੇ ਪਵਿੱਤਰ ਜੀਵਨ ਬਿਤਾਉਣ ਦਾ ਜਤਨ ਕਰੋ, ਕਿਉਂਕਿ ਇਸਤੋਂ ਬਿਨਾਂ ਕਿਸੇ ਨੂੰ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ। *(ਉਹੀ, 12/14)*

## ਸਰਬੱਤ ਦਾ ਭਲਾ

ਬੇਨਤੀ, ਪ੍ਰਾਰਥਨਾ, ਨਿਵੇਦਨ ਅਤੇ ਧੰਨਵਾਦ ਸਮਸਤ ਮਨੁੱਖਾਂ ਦੇ ਲਈ ਕੀਤਾ ਜਾਵੇ। ਇਹ ਸਾਡੇ ਉਧਾਰ-ਕਰਤਾ ਈਸ਼ਵਰ ਨੂੰ ਅੱਛਾ ਲਗਦਾ ਹੈ ਅਤੇ ਭਾਉਂਦਾ ਵੀ ਹੈ। ਉਹ ਚਾਹੁੰਦਾ ਹੈ ਕਿ ਸਭ ਮਨੁੱਖਾਂ ਦਾ ਉਧਾਰ ਹੋਵੇ ਅਤੇ ਉਹ ਸਭ ਨੂੰ ਚੰਗੀ ਤਰ੍ਹਾਂ ਪਹਿਚਾਨ ਲੈਣ।

(ਤੀਮੁਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-2/1-4)

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਦਾ ਭਲਾ* **(ਅਰਦਾਸ)**

## ਗਿਆਨ

ਕੋਈ ਆਪਣੇ ਆਪ ਨੂੰ ਗਿਆਨੀ ਸਮਝਕੇ ਧੋਖਾ ਨਾ ਦੇਵੇ ਕਿਉਂਕਿ ਵਾਸਤਵ ਵਿਚ ਉਹ ਮੂਰਖ ਹੈ। ਸੰਸਾਰ ਦਾ ਗਿਆਨ ਤਾਂ ਨਿਰੀ ਮੂਰਖਤਾ ਹੈ। ਈਸ਼ਵਰ ਗਿਆਨੀਆਂ ਨੂੰ ਉਹਨਾਂ ਦੀ ਚਤੁਰਾਈ ਵਿਚ ਫਸਾ ਦਿੰਦਾ ਹੈ।

*(ਕੁਰਿੰਥੀਆਂ ਦੇ ਨਾਮ ਪੌਲੁਸ ਦਾ ਪਹਿਲਾ ਪੱਤਰ-1/18-19)*

ਵਾਸਤਵਿਕ ਗਿਆਨ ਤਾਂ ਦੈਵੀ ਗਿਆਨ ਹੈ ਜੋ ਈਸ਼ਵਰ ਨੇ ਆਪਣੀ ਆਤਮਾ ਦੁਆਰਾ ਸਾਡੇ ਉਪਰ ਪ੍ਰਗਟ ਕੀਤਾ ਹੈ ਕਿਉਂਕਿ ਆਤਮਾ ਸਭ ਗੱਲਾਂ ਅਤੇ ਈਸ਼ਵਰੀ ਰਹੱਸਾਂ ਦੀ ਖੋਜ ਕਰਦੀ ਹੈ।

ਮਨੁੱਖਾਂ ਵਿਚ ਕੌਣ ਕਿਸੇ ਮਨੁੱਖ ਦੀਆਂ ਗੱਲਾਂ ਜਾਣਦਾ ਹੈ? ਕੇਵਲ ਮਨੁੱਖ ਦੀ ਆਤਮਾਂ, ਜੋ ਉਸ ਅੰਦਰ ਵਿਦਮਾਨ ਹੈ। ਇਸੇ ਤਰ੍ਹਾਂ ਈਸ਼ਵਰ ਦੀਆਂ ਗੱਲਾਂ ਵੀ ਕੋਈ ਨਹੀਂ ਜਾਣਦਾ, ਕੇਵਲ ਈਸ਼ਵਰ ਦੀ ਆਤਮਾ ਹੀ ਜਾਣਦੀ ਹੈ।

*(ਉਹੀ–2/10-11)*

ਜੇ ਕਿਸੇ ਵਿਚ ਅਕਲ ਦੀ ਘਾਟ ਹੋਵੇ ਤਾਂ ਉਹ ਈਸ਼ਵਰ ਤੋਂ ਮੰਗੇ, ਉਸਨੂੰ ਅਕਲ ਦਿਤੀ ਜਾਵੇਗੀ ਪਰ ਉਹ ਮੰਗੇ ਸ਼ਰਧਾ ਨਾਲ, ਸੰਦੇਹ ਨਾ ਕਰੇ, ਕਿਉਂਕਿ ਸੰਦੇਹ ਕਰਨ ਵਾਲਾ ਸਮੁੰਦਰ ਦੀਆਂ ਲਹਿਰਾਂ ਸਮਾਨ ਹੈ ਜੋ ਹਵਾ ਨਾਲ ਵਹਿੰਦੀਆਂ ਅਤੇ ਉਛਲਦੀਆਂ ਹਨ। *(ਯਾਕੂਬ ਦੀ ਚਿੱਠੀ-6/5-6)*

ਪਰ ਜੋ ਗਿਆਨ ਉਪਰੋਂ ਆਉਂਦਾ ਹੈ ਉਹ ਪਹਿਲਾਂ ਤਾਂ ਪਵਿੱਤਰ ਹੁੰਦਾ ਹੈ ਅਤੇ ਫਿਰ ਮਿਲਨਸਾਰ, ਕੋਮਲ, ਦਇਆ ਅਤੇ ਕਰੁਣਾਮਈ, ਅੱਛੇ ਫਲਾਂ ਨਾਲ ਲੱਦਿਆ ਹੋਇਆ, ਪੱਖਪਾਤ ਰਹਿਤ ਅਤੇ ਕਪਟ ਰਹਿਤ ਹੁੰਦਾ ਹੈ।

*(ਯਾਕੂਬ ਦੀ ਚਿੱਠੀ-3/17)*

## ਗਿਆਨ ਅਤੇ ਪ੍ਰੇਮ

ਅਸੀਂ ਸਮਝਦੇ ਹਾਂ ਕਿ ਸਾਨੂੰ ਸਾਰਿਆਂ ਨੂੰ ਗਿਆਨ ਹੈ। ਗਿਆਨ ਗਰਬ (ਘੁਮੰਡ) ਉਤਪੰਨ ਕਰਦਾ ਹੈ, ਪਰ ਪ੍ਰੇਮ ਨਾਲ ਉਨਤੀ ਹੁੰਦੀ ਹੈ। ਜੇ ਕੋਈ ਇਹ ਕਹੇ ਕਿ ਮੈਂ ਕੁਝ ਜਾਣਦਾ ਹਾਂ, ਤਾਂ ਜਿਹੋ ਜਿਹਾ ਜਾਣਨਾ ਚਾਹੀਦਾ ਹੈ, ਉਹੋ ਜਿਹਾ ਉਹ ਹੁਣ ਤਕ ਨਹੀਂ ਜਾਣਦਾ। ਪਰ ਜੇ ਕੋਈ ਈਸ਼ਵਰ ਨਾਲ ਪ੍ਰੇਮ ਕਰਦਾ ਹੈ ਤਾਂ ਈਸ਼ਵਰ ਉਸਨੂੰ ਪਹਿਚਾਣਦਾ ਹੈ।

*(ਕੁਰਿੰਥੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-8/1-3)*

## ਭਗਤੀ ਦੀ ਸਰਵ ਸ੍ਰੇਸ਼ਟਤਾ

ਦੇਹ ਦੀ ਸਾਧਨਾ ਨਾਲ ਘਟ ਲਾਭ ਹੁੰਦਾ ਹੈ, ਪਰ ਭਗਤੀ ਸਭ ਗੱਲਾਂ ਲਈ ਲਾਭਦਾਇਕ ਹੈ ਕਿਉਂਕਿ ਵਰਤਮਾਨ ਅਤੇ ਅਗਲੇ ਜੀਵਨ ਦੀ ਪ੍ਰਤਿੱਗਿਆ ਇਸੇ ਦੇ ਲਈ ਹੈ।

*(ਤੀਮੋਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪਹਿਲਾ ਪੱਤਰ-4/8)*

ਨਿਰਸੰਦੇਹ ਸੰਤੋਖ ਸਹਿਤ ਭਗਤੀ ਪ੍ਰਾਪਤ ਕਰਨਾ ਪਰਮ ਲਾਭਦਾਇਕ ਹੈ। *(ਉਹੀ, 6/6)*

## ਇਕ ਮਨ ਹੋਇ ਇਕ ਚਿਤ

ਧੀਰਜ ਅਤੇ ਸ਼ਾਂਤੀ ਦਾ ਸ੍ਰੋਤ ਈਸ਼ਵਰ ਤੁਹਾਨੂੰ ਇਹ ਵਰਦਾਨ ਦੇਵੇ ਕਿ ਤੁਸੀਂ ਆਪਸ ਵਿਚ ਇਕ-ਮਨ ਹੋ ਕੇ ਰਹੋ ਤਾਂ ਜੋ ਤੁਸੀਂ ਇਕ-ਮਨ ਅਤੇ ਇਕ-ਮੁਖ ਹੋ ਕੇ ਪਰਮ ਪਿਤਾ ਪਰਮੇਸ਼ਰ ਦੀ ਉਸਤਤ ਕਰ ਸਕੋ।

*(ਰੋਮੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-5/5,6)*

ਇਕ ਮਨ ਹੋ ਕੇ ਰਹੋ ਅਤੇ ਇਹ ਹੀ ਪ੍ਰੇਮ, ਇਕ ਹੀ ਚਿੱਤ ਅਤੇ ਇਕ ਹੀ ਹਿਰਦਾ ਰਖੋ।

*(ਫਿਲਪੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ 2/2)*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥* *ਪੰਨਾ - 295*

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ)*

## ਆਤਮਾ

ਤੁਸੀਂ ਆਤਮਾ ਦੇ ਅਨੁਕੂਲ ਆਚਰਣ ਕਰੋ ਅਤੇ ਸਰੀਰਕ ਵਾਸ਼ਨਾਵਾਂ ਦੀ ਪੂਰਤੀ ਵਿਚ ਹੀ ਗਲਤਾਨ ਨਾ ਰਹੋ। ਆਤਮਾ ਦਾ ਫਲ ਹੈ, ਪ੍ਰੇਮ, ਆਨੰਦ, ਸ਼ਾਂਤੀ, ਧੀਰਜ, ਉਦਾਰਤਾ, ਸਜਨਤਾ, ਸ਼ਰਧਾ, ਨਿੰਮ੍ਰਤਾ ਅਤੇ ਸੰਜਮ।

ਅਜਿਹਾ ਆਚਰਣ ਕਰਨ ਵਾਲੇ ਉਪਰ ਸਾਸ਼ਤ੍ਰ ਦਾ ਕੋਈ ਬੰਧਨ ਲਾਗੂ ਨਹੀਂ ਹੁੰਦਾ।

*(ਗਲਤੀਆਂ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-5/16, 22, 23)*

## ਜੀਵ-ਮਨੁੱਖ

ਕੀ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਈਸ਼ਵਰ ਦਾ ਮੰਦਰ ਹੋ ਅਤੇ ਈਸ਼ਵਰ ਦੀ ਆਤਮਾ ਤੁਹਾਡੇ ਅੰਦਰ ਵਾਸ ਕਰਦੀ ਹੈ? ਜੇਕਰ ਕੋਈ ਈਸ਼ਵਰ ਦੇ ਮੰਦਰ ਨੂੰ ਨਾਸ਼ ਕਰੇਗਾ ਤਾਂ ਈਸ਼ਵਰ ਉਸਨੂੰ ਨਾਸ਼ ਕਰੇਗਾ, ਕਿਉਂਕਿ ਈਸ਼ਵਰ ਦਾ ਮੰਦਰ ਪਵਿੱਤਰ ਹੈ ਅਤੇ ਉਹ ਮੰਦਰ ਤੁਸੀਂ ਹੋ।

*(ਕੁਰਿੰਥੀਆਂ ਦੇ ਨਾਮ, ਪੌਲੁਸ ਪ੍ਰੇਰਿਤ ਦਾ ਪੱਤਰ-3, 16-7)*

ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਦੇਹ ਤੁਹਾਡੇ ਅੰਦਰ ਨਿਵਾਸ ਕਰਨ ਵਾਲੇ ਅਤੇ ਈਸ਼ਵਰ ਵਲੋਂ ਪ੍ਰਾਪਤ ਪਵਿੱਤਰ ਆਤਮਾ ਦਾ ਮੰਦਰ ਹੈ? ਅਤੇ ਤੁਸੀਂ ਆਪਣੇ ਸੁਆਮੀ ਨਹੀਂ ਹੋ, ਕਿਉਂਕਿ ਤੁਸੀਂ ਤਾਂ ਮੁੱਲ ਖਰੀਦੇ ਗਏ ਹੋ, ਇਸ ਲਈ ਈਸ਼ਵਰੀ-ਦਾਤ, ਆਪਣੀ ਦੇਹ ਅਤੇ ਆਤਮਾ, ਦੁਆਰਾ ਈਸ਼ਵਰ ਦੀ ਮਹਿਮਾ ਕਰੋ। *(ਉਹੀ 6/19-20)*

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥*
*ਪੰਨਾ - 1033*

*ਕਾਇਆ ਅੰਦਰਿ ਸਭੁ ਕਿਛੁ ਵਸੈ*
*ਖੰਡ ਮੰਡਲ ਪਾਤਾਲਾ॥*
*ਕਾਇਆ ਅੰਦਰਿ ਜਗਜੀਵਨ ਦਾਤਾ ਵਸੈ*
*ਸਭਨਾ ਕਰੇ ਪ੍ਰਤਿਪਾਲਾ॥* *ਪੰਨਾ - 754*

*ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ॥*
*ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ॥*
*ਪੰਨਾ - 754*

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥* *ਪੰਨਾ - 309*

## ਪ੍ਰਭੂ ਦਾ ਦਾਸ

ਪ੍ਰਭੂ ਦੇ ਦਾਸ ਨੂੰ ਝਗੜਾਲੂ ਨਹੀਂ ਹੋਣਾ ਚਾਹੀਦਾ ਸਗੋਂ ਉਹ ਸਭ ਪ੍ਰਤੀ ਨਿੰਮ੍ਰਤਾ ਭਾਵ ਰਖੇ, ਸਿਖਿਆ-ਉਪਦੇਸ਼ ਵਿਚ ਨਿਪੁੰਨ ਹੋਵੇ ਅਤੇ ਸਹਿਨਸ਼ੀਲ ਹੋਵੇ। ਉਹ ਵਿਰੋਧੀਆਂ ਨੂੰ ਨਿੰਮ੍ਰਤਾ ਪੂਰਬਕ ਸਮਝਾਏ, ਕੀ ਪਤਾ ਰੱਬ ਉਹਨਾਂ ਨੂੰ ਪਸ਼ਚਾਤਾਪ ਦੀ ਬੁੱਧੀ ਪ੍ਰਦਾਨ ਕਰੇ ਅਤੇ ਉਹ ਸਤਿ ਦੀ ਪਹਿਚਾਣ ਕਰਨ ਲਗ ਪੈਣ।

*(ਤੀਮੋਥਿਉਸ ਦੇ ਨਾਮ ਪੌਲੁਸ ਪ੍ਰੇਰਿਤ ਦਾ ਪੱਤਰ-4/24-25)*

* * * * *

# ਮਹਾਂਪੁਰਸ਼ਾਂ ਦੇ ਅਨੁਭਵੀ ਬਚਨ

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 29)*

**ਨੋਟ** – ਬਹੁਤੇ ਪਾਠਕਾਂ ਦੇ ਪਾਸ ਸਮਾਂ ਨਾ ਹੋਣ ਕਰਕੇ ਅਤੇ ਅਤਿ ਦੇ ਰੁਝੇਵਿਆਂ ਕਰਕੇ ਅੰਤਰਮੁਖ ਜਾ ਕੇ ਇਸ ਵਿਸ਼ੇ ਨੂੰ ਵਿਚਾਰ ਅਧੀਨ ਲਿਆਉਣਾ ਬਹੁਤ ਹੀ ਕਠਿਨ ਹੈ। ਇਸ ਵਿਚ ਜੋ ਖਿਆਲ ਹਨ, ਉਹ ਚਿਤ ਦੀ ਇਕਾਗਰਤਾ ਪੂਰੀ ਤਰ੍ਹਾਂ ਮੰਗਦੇ ਹਨ। ਫੁਰਨੇ ਰੁਕਣ, ਤਾਂ ਇਹ ਗਹਿਣ ਵਿਸ਼ਾ ਹਿਰਦੇ ਪੱਟ ਤੇ ਮੂਰਤੀਮਾਨ ਹੋਵੇ ਅਤੇ ਆਪਣਾ ਅਸਲੀ ਭਾਵ, ਅਨੁਭਵ ਮੰਡਲ ਦੇ ਪ੍ਰਕਾਸ਼ ਰਾਹੀਂ ਸਪਸ਼ਟ ਕਰੇ। ਸੋ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਇਹ ਅਤਿ ਗਹਿਣ ਵਿਸ਼ਾ, ਭਜਨ ਬੰਦਗੀ ਕਰਨ ਵਾਲਿਆਂ ਵਾਸਤੇ ਅਤੇ ਜੀਵਨ ਦੀ ਨਈਆ ਕਿਨਾਰੇ ਲਾਉਣ ਵਾਸਤੇ ਬਹੁਤ ਹੀ ਪ੍ਰਸੰਸਨੀਅ ਹੈ। ਇਸਨੂੰ ਪੜ੍ਹਨ ਲਈ ਚਿਤ ਨੂੰ ਇਕਾਗਰ ਕਰੋ, ਮਨ ਨੂੰ ਫੁਰਨਿਆਂ ਤੋਂ ਰੋਕ ਕੇ ਸੁਰਤਿ ਨੂੰ ਇਕ ਧਿਅ ਉਪਰ ਕੇਂਦਰਿਤ ਕਰਕੇ, ਜਦੋਂ ਪੜ੍ਹੋਂਗੇ ਤਾਂ ਇਸ ਸੂਖਸ਼ਮ ਵਿਦਿਆ (ਪਰਾ ਵਿਦਿਆ) ਬਾਰੇ ਕੁਛ ਜਾਣ ਕੇ ਅਨੰਦਿਤ ਹੋ ਉਠੋਂਗੇ।

**ਅਬ ਚੌਥੇ ਸਰਗ ਵਿਖੇ ਬੇਦਕ ਅਰੁ ਜੋਤਕ ਕੇ ਮਤ ਕਾ ਖੰਡਨ ਵਰਨਨ ਹੋਵੇਗਾ।**

ਤਾਂ ਤੇ ਜਾਣ ਤੂੰ ਜੋ ਏਹੁ ਬੇਦ (ਵੇਦ) ਅਰੁ ਜੋਤਕੀ ਐਸੇ ਮਤਹੀਣੁ ਹੈਂ ਜੋ ਸਰਬ ਜਗਤ ਕੇ ਕਾਰਜਹੁ ਕੂੰ ਵਾਇ ਪਿਤ ਕਫ ਅਰੁ ਨਿਛਤ੍ਰਹੁ ਕੇ ਅਧੀਨ ਕਹਤੇ ਹੈਂ; ਸੋ ਇਨ ਕਾ ਦ੍ਰਿਸਟਾਂਤ ਇਹੁ ਹੈ ਜੋ ਜੈਸੇ ਕਿਸੀ ਲਿਖਾਰੀ ਕੂੰ ਮਕੌਰਾ (ਕੀੜਾ) ਦੇਖੇ ਤਬ ਜਾਣੇ ਜੋ ਇਹ ਕਾਗਦ ਕਿਉਂਕਰਿ ਸਯਾਹੁ ਹੋਤਾ ਜਾਤਾ ਹੈ। ਬਹੁੜ ਜਬ ਕਲਮ ਕੂੰ ਦੇਖੇ ਤਬ ਅਪਨੇ ਚਿਤ ਵਿਖੇ ਪ੍ਰਸੰਨ ਹੋਵੈ ਜੋ ਮੈ ਨੇ ਇਸ ਭੇਦ ਕੂੰ ਭਲੀ ਪ੍ਰਕਾਰ ਸਮਝਯਾ ਹੈ ਜੋ ਇਨਹੁ ਅਛਰਹੁ ਕੂੰ ਕਲਮਾ ਹੀ ਪੜੀ ਲਿਖਤੀ ਹੈ। ਸੋ, ਇਹੁ ਦ੍ਰਿਸਟਾਂਤ ਬੇਦਕ ਕੇ ਮਤ ਪਰ ਸਿਧ ਹੈ ਜੋ ਉਨਹੁ ਨੇ ਸਭਨਹੁ ਤੇ ਨੀਚ ਪਦਵੀ ਕੂੰ ਅੰਗੀਕਾਰ ਕੀਆ ਹੈ, ਕਾਹੇ ਤੇ ਜੋ ਸਰਬ ਕਾਰਜਹੁ ਕੂੰ ਵਾਇ ਪਿਤ ਕਫ ਕੇ ਅਧੀਨ ਸਮਝਤੇ ਹੈਂ।

ਬਹੁੜਿ ਦੂਸਰਾ ਮਕੌਰਾ ਹੋਵੈ ਅਰੁ ਉਸ ਪੂਰਬ ਮਕੌਰੇ ਤੇ ਇਸ ਕੀ ਦ੍ਰਿਸਟ ਅਧਕਸਾਲ ਹੋਵੈ ਤਬ ਇਹ ਮਕੌਰਾ ਉਸ ਕੂੰ ਕਹਤਾ ਹੈ ਜੋ ਤੂੰ ਭੁਲਯਾ ਹੈਂ, ਕਾਹੇ ਤੇ ਜੋ ਮੈ ਇਸ ਕਲਮ ਕੂੰ ਪ੍ਰਾਧੀਨ ਦੇਖਤਾ ਹੌ ਅਰੁ ਕਲਮ ਕੂੰ ਚਲਾਵਣਹਾਰੀਆਂ ਅੰਗਲੀਯਾਂ ਹੈਂ। ਬਹੁੜ ਇਹ ਦੂਸਰਾ ਇਸ ਕਰਕੇ ਅਧਕ ਪ੍ਰਸੰਨ ਹੋਵੈ ਅਰ ਕਹੇ ਜੋ ਮੈ ਨੇ ਇਸ ਵਾਰਤਾ ਕੂੰ ਭਲੀ ਪ੍ਰਕਾਰ ਜਾਨਿਆ ਹੈ। ਸੋ ਇਹੁ ਦ੍ਰਿਸਟਾਂਤ ਜੋਤਿਕੀਯਹੁ ਪਰ ਪ੍ਰਗਟ ਹੈ। ਜੋ ਬੇਦਹੁ ਕੀ ਦ੍ਰਿਸਟ ਤੇ ਜੋਤਕੀਯਹੁ ਕੀ ਦ੍ਰਿਸਟ ਅਧਕ ਹੈ, ਕਾਹੇ ਤੇ ਵਹੁ ਤਤਹੁ ਕੇ ਸੁਭਾਵ ਕੂੰ ਨਿਛਤ੍ਰਹੁ ਕੇ ਅਧੀਨ ਜਾਨਤੇ ਹੈਂ ਪਰ ਇਉਂ ਨਹੀ ਜਾਨਤੇ ਜੋ ਨਿਛਤ੍ਰ ਭੀ ਅਵਰ ਦੇਵਤਹੁ ਕੇ ਅਧੀਨ ਹੈਂ। ਤਾਂ ਤੇ ਜੋ ਇਸ ਤੇ ਪਰੇ ਪਦਵੀ ਥੀ ਸੋ ਤਿਸ ਕੂੰ ਇਹੁ ਭੀ ਨਹੀ ਜਾਨਤ ਭਏ। ਬਹੁੜਿ, ਜੈਸੇ ਜੋਤਿਕੀ ਅਰੁ ਵੈਦਹੁ (ਵੇਦੋਂ) ਕੀ ਬੂਝਿ ਵਿਖੇ ਭੇਦ ਹੈ ਪਰੁ ਪ੍ਰਸਪਰ ਉਨ ਕਾ ਵਿਵਹਾਰ ਹੋਤਾ ਹੈ ਤੈਸੇ ਹੀ ਆਤਮਾ ਅਰੁ ਅਨਾਤਮਾ ਕੇ ਸਮਝਣਹਾਰਿਉ ਵਿਖੇ ਭੀ ਬਡਾ ਭੇਦ ਹੋਤਾ ਹੈ। ਸੋ, ਬਹੁਤੇ ਪੁਰਖ ਤਉ ਐਸੇ ਹੈਂ ਜੋ ਵਹੁ ਸਰੀਰ ਅਰੁ ਪ੍ਰਾਣ ਆਦਿਕਹੁ ਕੂੰ ਚੈਤਨ ਮਾਨਤੇ ਹੈਂ। ਤਾਂ ਤੇ ਇਹ ਤਉ ਮਹਾਂ ਨੀਚ ਪਦਵੀ ਵਿਖੇ ਗਿੜੇ ਹੈਂ। ਅਰੁ ਊਚੀ ਪਦਵੀ ਜੋ ਚੈਤਨਤਾ ਕਾ ਮਾਰਗ ਹੈ, ਸੋ ਤਿਸ ਤੇ ਉਨਹੁ ਕੂੰ ਅਬਰਣ (ਪਰਦਾ) ਹੂਵਾ ਹੈ। ਤਾਂ ਤੇ ਉਨ ਕੀ ਬੁਧ ਸਰੀਰ ਹੀ ਕੇ ਦੇਸ ਵਿਖੇ ਦ੍ਰਿੜ ਹੋਈ ਹੈ।

ਬਹੁੜਿ ਏਕ ਐਸੇ ਪੁਰਖ ਹੈਂ ਉਨਹੁ ਨੇ ਸਰੀਰ ਤੇ ਜੀਵ ਕੂੰ ਭਿੰਨ ਜਾਨਯਾ ਹੈ ਅਰੁ ਵਹੁ ਚੇਤੰਨਤਾ ਕੇ ਪ੍ਰਕਾਸ ਵਿਖੇ ਇਸਥਿਤ ਹੁਏ ਹੈਂ। ਇਸੀ ਪ੍ਰਕਾਰ ਅਵਰ ਭੀ ਕੇਤੇ ਪਦ ਹੈਂ ਜੋ ਪਰੇ ਤੇ ਪਰੇ ਚਲੇ ਜਾਤੇ ਹੈਂ ਪਰ ਇਸੀ ਕਾ ਪ੍ਰਕਾਸ ਤਾਰਾਵ ਹੈ ਅਰੁ ਕੇਤੇ ਚੰਦ੍ਰਮਾ ਕੇ ਸਮਾਨ ਹੈਂ, ਕੇਤੇ ਸੂਰਜ ਕੀ ਨਯਾਈ ਹੈਂ ਪ੍ਰਕਾਸਵਾਨ ਸੋ, ਇਨਹੁ ਪਦਹੁ ਕੂੰ ਵਹੀ ਪੁਰਖ ਪ੍ਰਾਪਤਿ ਹੋਤੇ ਹੈਂ ਜਿਨ ਕੀ ਬੁਧ ਚਿਤਾਕਾਸ ਵਿਖੇ ਗਮਨ ਕਰਤੀ ਹੈ। ਇਸੀ ਪਰ ਖਲੀਲ ਨੇ ਕਹਾ ਹੈ ਜੋ "ਜਿਸ ਸਾਹਿਬੁ ਨੇ ਧਰਤੀ ਅਰੁ ਅਕਾਸ ਕੂੰ ਉਤਪਤ ਕੀਆ ਹੈ ਸੋ ਮੈਂ ਆਪਣਾ ਮੁਖ ਉਸ ਓਰ ਲਾਇਆ ਹੈ।" ਅਰੁ ਅੰਬਿਯਾਇ ਨੇ ਭੀ ਕਹਾ ਹੈ - "ਜੋ ਭਗਵੰਤ ਅਰੁ ਜੀਵ ਵਿਖੇ ਸਤੁ ਪਰਦੇ ਤਉ ਪ੍ਰਕਾਸ ਰੂਪ ਹੈਂ ਪਰ ਵਹੁ ਭਗਵੰਤ ਜਿਸ ਕੇ ਪੜਦੇ ਦੂਰ ਕਰਦਾ ਹੈ ਤਬ ਉਸ ਪੁਰਖ ਕੂੰ ਅਧਕ ਪ੍ਰਕਾਸ ਕੀ ਪ੍ਰਾਪਤੀ ਹੋਤੀ ਹੈ।"

ਸੋ ਇਸ ਵਚਨ ਕਾ ਤਾਤਪ੍ਰਜੁ ਇਹੁ ਹੈ ਜੋ ਬੇਦਕ ਕਾ ਬਿਦਯਾ ਵਾਲੇ ਭੀ ਸਾਚ ਕਹਾ ਹੈ, ਕਾਹੇ ਤੇ, ਜੋ ਜਬ ਬਾਇ ਪਿਤ ਕਫ ਵਿਖੇ ਭਗਵੰਤ ਕੀ ਸੱਤਾ ਕਛੂ ਨ ਹੋਤੀ ਤਬ ਬੇਦਕ ਕੀ ਵਿਦਯਾ ਵਿਅਰਥ ਹੋ ਜਾਤੀ। ਅਰੁ ਭੂਲਣਾ ਉਨ ਕਾ ਜੋ ਹੈ ਸੋ ਇਸ ਪ੍ਰਕਾਰ ਹੈ ਜੋ ਮਹਾਂ ਨੀਚ ਪਦ ਕੂ ਉਤਮ ਜਾਨਤੇ ਹੈਂ। ਤਾਂ ਤੇ ਇਨ ਕੀ ਦ੍ਰਿਸਟ ਮਹਾਂ ਮੰਦ ਹੈ। ਅਰਥ ਇਹੁ, ਜੋ ਜੈਸੇ ਕੋਈ ਮੂਰਖ ਟਹਲੁਏ ਕੂੰ ਰਾਜਾ ਜਾਣੇ ਅਰੁ ਇਉਂ ਨ ਜਾਣੇ ਇਹ ਟਹਲਵਾ ਤੋਂ ਚਰਨਦਾਸੀ ਪਕੜਨੇਹਾਰਾ ਹੈ। ਬਹੁੜਿ ਏਕ ਭਾਵ ਕਰਕੈ ਦੇਖੀਏ ਤੌ ਜੋਤਕੀ ਨੇ ਜੋ ਜਗਤ ਕੂੰ ਨਿਛਤ੍ਰਹੁ ਕੇ ਅਧੀਨ ਕਹਾ ਹੈ, ਸੋ ਇਹ ਭੀ ਸਾਚ ਕਹਾ ਹੈ ਕਾਹੇਤੇ, ਜੋ ਜਬ ਨਛਤ੍ਰਹੁ ਵਿਖੇ ਸੱਤਾ ਕਛੂ ਨ ਹੋਤੀ ਤਬ ਰਾਤ੍ਰ ਅਰੁ ਦਿਨ ਸਮਾਨ ਹੋਤੇ। ਇਸ ਕਰਕੈ ਜੋ ਸੂਰਜ ਭੀ ਏਕ ਦੀਰਘ ਤਾਰਾ ਹੈ, ਸੋ ਜਗਤ ਵਿਖੇ ਪਰਕਾਸ ਅਰ ਉਸਨਤਾ ਸੂਰਜ ਹੀ ਕਰ ਹੋਤੀ ਹੈ। ਪਰ ਜਬ ਇਉਂ ਨ ਹੋਤਾ ਤਬ ਗ੍ਰੀਖਮ ਅਰੁ ਸਰਦ ਰੁਤ ਸਮਾਨ ਹੋਤੀ। ਕਾਹੇ ਤੇ, ਜੋ ਜਬ ਸੂਰਜ ਅਕਾਸ ਵਿਖੇ ਧਰਤੀ ਕੇ ਨਿਕਟ ਆਵਤਾ ਹੈ ਤਬ ਗ੍ਰੀਖਮ ਰੁਤ ਹੋਤੀ ਹੈ, ਜਬ ਧਰਤੀ ਤੇ ਦੂਰ ਜਾਤਾ ਹੈ ਤਬ ਸਰਦ ਰੁਤ ਹੋਤੀ ਹੈ। ਤਾਂ ਤੇ ਜਿਸ ਭਗਵੰਤ ਨੇ ਸੂਰਜ ਕੂੰ ਪ੍ਰਕਾਸਵਾਨ ਅਰੁ ਉਸਨਤਾ ਸਹਤ ਬਨਾਇਆ ਹੈ ਤਿਸੀ ਨੇ ਸੁਕੁਰ (ਸ਼ੁਕਰ) ਕੂੰ ਭੀ ਸੀਤਲ ਅਰ ਸੋਖਤਾ ਕਰਨੇਹਾਰਾ ਬਨਾਇਆ ਹੈ। ਬਹੁੜਿ ਏਕ ਅਵਰ ਤਾਰੇ ਕੂੰ ਉਸਨ ਅਰ ਸਜਲਤਾ ਸਹਤ ਬਨਾਇਆ ਹੈ। ਸੋ, ਇਸ ਪ੍ਰਕਾਰ ਸਮਝਣੇ ਕਰਕੈ ਧਰਮ ਵਿਖੇ ਖੰਡਤਾ ਕਛੂ ਨਹੀ ਹੋਤੀ ਅਰ ਇਸ ਕਾਰਨ ਕਰ ਭੂਲੇ ਕਹੇ ਹੈ ਜੋ ਉਨਹੁ ਨੇ ਜਗਤ ਕੂੰ ਨਿਛਤ੍ਰਹੁ ਕੇ ਅਧੀਨ ਹੀ ਜਾਣਯਾ ਹੈ ਅਰੁ ਨਿਛਤ੍ਰਹੁ ਕੀ ਪ੍ਰਾਧੀਨਤਾ ਨਹੀ ਜਾਣਤੇ। ਸੂਰਜ ਅਰੁ ਚੰਦ੍ਰਮਾ ਅਰੁ ਤਾਰੇ ਭਗਵੰਤ ਕੀ ਆਗਯਾ ਕੇ ਅਧੀਨ ਹੈਂ ਤਾਂ ਤੇ ਇਨ ਕੂੰ

(ਬਾਕੀ ਪੰਨਾ 34 ਤੇ)

# ਗੁਰਬਾਣੀ ਤੇ ਮਨੁੱਖ ਦਾ ਜੀਵਨ ਮਨੋਰਥ

*ਡਾ. ਸ਼ਮਸ਼ੇਰ ਸਿੰਘ*

ਮਨੁੱਖ ਜਨਮ ਸਮੇਂ ਪ੍ਰਭੂ ਵਲੋਂ ਜੀਵਨ ਮਨੋਰਥ ਦੀ ਪੂਰਤੀ ਲਈ ਹੁਕਮ ਨਾਲ ਲੈ ਕੇ ਆਇਆ ਪ੍ਰੰਤੂ ਸੰਸਾਰਕ ਮੋਹ-ਮਾਇਆ ਦੇ ਪ੍ਰਭਾਵ ਅਧੀਨ ਉਹ ਇਸ ਇਲਾਹੀ ਹੁਕਮ ਨੂੰ ਭੁੱਲ ਗਿਆ ਅਤੇ ਸੰਸਾਰ ਦੇ ਪਦਾਰਥਾਂ ਨੇ ਉਸਦੀ ਮਤਿ ਤੇ ਐਸਾ ਪ੍ਰਭਾਵ ਪਾਇਆ ਕਿ ਉਹ ਆਪਣਾ ਜੀਵਨ ਮਨੋਰਥ ਭੁੱਲ ਕੇ ਇਸ ਸੰਸਾਰ ਨੂੰ ਹੀ ਸਭ ਕੁਝ ਸਮਝ ਬੈਠਾ ਜਿਹੜਾ ਕਿ ਇਕ ਭੁਲੇਖਾ ਹੈ। ਇਲਾਹੀ ਹੁਕਮ ਕੀ ਸੀ -

*ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥*

*ਪੰਨਾ - 199*

*ਏਕੋ ਨਾਮੁ ਹੁਕਮੁ ਹੈ ਨਾਨਕ*
*ਸਤਿਗੁਰਿ ਦੀਆ ਬੁਝਾਇ ਜੀਉ॥* *ਪੰਨਾ - 72*

ਇਸ ਹੁਕਮ ਪ੍ਰਤਿ ਮਨੁੱਖ ਨੂੰ ਸੁਚੇਤ ਕਰਨ ਲਈ ਪ੍ਰਭੂ ਆਪਣੇ ਜੀਵਾਂ ਦੇ ਕਲਿਆਣ ਹਿਤ ਮਹਾਂਪੁਰਸ਼ਾਂ, ਗੁਰੂਆਂ, ਪੀਰਾਂ-ਪੈਗੰਬਰਾਂ ਨੂੰ ਸਮੇਂ-ਸਮੇਂ ਭੇਜਦਾ ਰਹਿੰਦਾ ਹੈ। ਇਸ ਤਰ੍ਹਾਂ ਹੀ ਸਿੱਖ ਧਰਮ ਹੋਂਦ ਵਿਚ ਆਇਆ। ਸੰਸਾਰ ਦੀ ਹਾਹਾਕਾਰ ਤੇ ਦਰਦ ਭਰੀ ਪੁਕਾਰ ਸੁਣ ਕੇ ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਸੰਸਾਰ ਵਿਚ ਭੇਜਿਆ। ਇਸ ਤੱਥ ਦੀ ਗਵਾਹੀ ਸਾਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਮਿਲਦੀ ਹੈ -

*ਸੁਣੀ ਪੁਕਾਰ ਦਾਤਾਰ ਪ੍ਰਭੁ*
*ਗੁਰ ਨਾਨਕ ਜਗ ਮਾਹਿ ਪਠਾਯਾ॥*

*ਭਾਈ ਗੁਰਦਾਸ ਜੀ ਵਾਰ - 1/23*

ਗੁਰੂ ਦਾ ਉਪਦੇਸ਼ ਅਕਾਲ ਪੁਰਖ ਦਾ ਹੀ ਉਪਦੇਸ਼ ਹੁੰਦਾ ਹੈ। ਗੁਰੂ, ਅਕਾਲ ਪੁਰਖ ਤੇ ਸੰਸਾਰ ਦੇ ਵਿਚਕਾਰ ਇਕ ਪੈਗਾਮ ਲਿਆਉਣ ਵਾਲੀ ਹਸਤੀ ਤੇ ਸ਼ਕਤੀ ਹੁੰਦੀ ਹੈ। ਗੁਰੂ ਉਪਦੇਸ਼ ਭਾਵਨਾ ਤੇ ਪਿਆਰ ਨਾਲ ਹਿਰਦੇ ਵਿਚ ਵਸਾਉਣ ਨਾਲ ਹੀ ਸਾਧਕ ਦਾ ਕਲਿਆਣ ਭਾਵ ਮੁਕਤੀ ਸੰਭਵ ਹੈ। ਇਹ ਉਪਦੇਸ਼ ਸੰਸਾਰ ਦੇ ਸਾਰੇ ਲੋਕਾਂ ਤਾਂਈ ਸਾਂਝਾ ਹੁੰਦਾ ਹੈ ਭਾਵ ਇਸ ਉਪਦੇਸ਼ ਨੂੰ ਕੋਈ ਵੀ ਅਪਣਾ ਸਕਦਾ ਹੈ -

*ਗੁਰ ਦਰਸਨਿ ਉਧਰੈ ਸੰਸਾਰਾ॥*
*ਜੇ ਕੋ ਲਾਏ ਭਾਉ ਪਿਆਰਾ॥* *ਪੰਨਾ - 361*

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾ ਤਾਂ ਪਰੰਪਰਾਗਤ (Established Religious traditions) ਧਾਰਮਿਕ ਵਿਚਾਰਾਂ ਦਾ ਸੋਧਿਆ ਹੋਇਆ ਧੁਰ ਦਰਗਾਹੋਂ ਆਇਆ ਰੂਪ ਹੈ ਅਤੇ ਨਾ ਹੀ ਸਮਕਾਲੀ ਧਾਰਮਿਕ ਚਿੰਤਕਾਂ ਤੇ ਧਰਮਾਂ ਦਾ ਸਮਨਵੇਂ ਹੈ। ਇਹ ਰਚਨਾ ਤਾਂ ਅਕਾਲ ਪੁਰਖ ਦੇ ਆਪਣੇ ਬੋਲ ਹਨ। ਇਸ ਸਿਧਾਂਤ ਦੀ ਗਵਾਹੀ ਗੁਰਬਾਣੀ ਵਿਚੋਂ ਹੀ ਸਹਿਜੇ ਮਿਲ ਜਾਂਦੀ ਹੈ -

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ॥*

*ਪੰਨਾ - 308*

ਗੁਰੂ ਜਿਸ ਵਕਤ ਗੁਰਬਾਣੀ ਰਚਦਾ ਹੈ ਤਾਂ ਪ੍ਰਭੂ ਨਾਲ ਇਕ ਸੁਰ ਹੁੰਦਾ ਹੈ। ਗੁਰੂ ਦਾ ਉਪਦੇਸ਼ ਉਸਦੇ ਨਿੱਜੀ ਆਤਮਕ ਅਨੁਭਵ ਦਾ ਅਮਲੀ ਰੂਪ ਹੁੰਦਾ ਹੈ, ਭਾਵ ਗੁਰੂ ਜੋ ਕੁਝ ਉਪਦੇਸ਼ ਕਰਦਾ ਹੈ, ਉਹ ਕੇਵਲ ਸਿਧਾਂਤਕ ਨਹੀਂ ਹੁੰਦਾ, ਉਹ ਉਸਦੀ ਦੈਵੀ ਜ਼ਿੰਦਗੀ (Divine life) ਦਾ ਪ੍ਰਗਟਾਵਾ ਹੁੰਦਾ ਹੈ। ਇਹ ਉਪਦੇਸ਼ ਭਾਵੇਂ ਗੁਰੂ ਕਿਸੇ ਪ੍ਰਥਾਇ ਵੀ ਉਚਾਰਨ ਕਰਦਾ ਹੈ ਪ੍ਰੰਤੂ ਇਹ ਸੰਸਾਰ ਦੇ ਸਾਰੇ ਲੋਕਾਂ ਲਈ ਸਾਂਝਾ ਹੁੰਦਾ ਹੈ। ਜੈਸਾ ਕਿ ਕਥਨ ਹੈ -

*ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥*

*ਪੰਨਾ - 647*

ਗੁਰਬਾਣੀ ਦਾ ਉਚਾਰਨ, ਸੰਕਲਨ ਤੇ ਸੰਪਾਦਨਾ ਭਾਵੇਂ ਸਮਕਾਲੀ ਪ੍ਰਸਥਿਤੀਆਂ ਕਾਰਨ ਕਰਨੀ ਪਈ ਜਦੋਂ ਘਰ ਦੇ ਦੋਖੀਆਂ ਨੇ ਗੁਰੂ ਨਾਨਕ ਦੇ ਨਾਂ ਥੱਲੇ ਕੱਚੀ ਬਾਣੀ ਰਚ ਕੇ ਲੋਕਾਂ ਨੂੰ ਗੁਮਰਾਹ ਕਰਨਾ ਸ਼ੁਰੂ ਕਰ ਦਿਤਾ ਤਾਂ ਗੁਰੂ ਅਰਜਨ ਦੇਵ ਜੀ ਨੇ ਇਸ ਇਲਾਹੀ ਬਾਣੀ ਨੂੰ ਗ੍ਰੰਥ ਦਾ ਰੂਪ ਦਿਤਾ ਪ੍ਰੰਤੂ ਗੁਰਬਾਣੀ ਨੂੰ ਰਚਣਾ ਤੇ ਗ੍ਰੰਥ ਦਾ ਰੂਪ ਦੇਣਾ ਤੇ ਫਿਰ ਗੁਰੂ ਗ੍ਰੰਥ ਦਾ ਦਰਜਾ ਪ੍ਰਦਾਨ ਕਰਨਾ ਇਹ ਸਭ ਇਲਾਹੀ ਹੁਕਮ ਸਨ ਜੋ ਸੰਸਾਰ ਦੇ ਕਲਿਆਣ ਹਿਤ ਪਹਿਲਾਂ ਹੀ ਅਕਾਲ ਪੁਰਖ ਨੇ ਸਥਾਪਿਤ ਕਰ ਰੱਖੇ ਸਨ।

ਇਸਦਾ ਕਾਰਨ ਸਪਸ਼ਟ ਹੈ ਕਿ ਗੁਰੂ ਨਾਨਕ ਨੇ 'ਨਿਰਮਲ ਪੰਥ' ਦੀ ਸਥਾਪਨਾ ਕਰਕੇ ਜੋ ਉਪਦੇਸ਼ ਸਾਧਕਾਂ ਲਈ ਇਹ ਗੁਰਮੁਖ ਗਾਡੀ ਰਾਹ (National Highway) ਸਥਾਪਿਤ ਕੀਤਾ, ਇਸਨੂੰ ਨੌ ਆਤਮਕ ਉਤਰਾਧਿਕਾਰੀਆਂ ਨੇ ਅੱਗੇ ਤੋਰਿਆ। ਇਹ ਗੁਰਬਾਣੀ ਉਪਦੇਸ਼ ਸ਼ਬਦ ਰੂਪ, ਪੋਥੀ ਰੂਪ, ਗ੍ਰੰਥ ਰੂਪ ਤੇ ਗੁਰੂ ਗ੍ਰੰਥ ਰੂਪ ਧਾਰਨ ਕਰਨ ਤਕ ਲਗਭਗ 250 ਸਾਲ ਲੱਗੇ। ਜਿਉਂ-ਜਿਉਂ ਸ਼ਬਦ (ਗੁਰਬਾਣੀ) ਗ੍ਰੰਥ ਰੂਪ ਵੱਲ ਵਧਦਾ ਗਿਆ ਤਾਂ ਸਰੀਰ ਨੂੰ ਸੰਕੋਚਣਾ ਸ਼ੁਰੂ ਕਰ ਦਿਤਾ। ਪੰਜਵੇਂ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰਨ ਉਪਰੰਤ ਆਪਣਾ ਟਿਕਾਣਾ ਨੀਵੇਂ ਥਾਂ ਲਾ ਲਿਆ। ਇਹ ਸਰੀਰ ਨੂੰ ਸੰਕੋਚਣ ਵਾਲੀ ਗੱਲ ਸੀ ਅਤੇ ਗੁਰਬਾਣੀ (ਸ਼ਬਦ) ਨੂੰ ਪ੍ਰਮੁੱਖਤਾ ਤੇ ਉਚਤਾ ਦੇਣੀ ਸੀ।

ਸਰੀਰ ਤਾਂ ਨਾਸ਼ਵਾਨ ਹੈ, ਕੋਈ ਸਰੀਰ ਹਮੇਸ਼ਾ ਨਹੀਂ ਰਹਿ ਸਕਦਾ। ਸ਼ਬਦ (ਗੁਰਬਾਣੀ) ਅਮਰ ਹੈ। ਸਰੀਰ ਸੰਸਾਰ ਦੇ ਕੋਨੇ-ਕੋਨੇ ਉਤੇ ਨਹੀਂ ਜਾ ਸਕਦਾ, ਸਰੀਰ ਸਮੇਂ, ਸਥਾਨ ਦੀ ਸੀਮਾ ਵਿਚ ਹੈ ਜਦ ਕਿ ਸ਼ਬਦ ਸਰਬ ਵਿਆਪਕ ਹੈ। ਗੁਰੂ ਨਾਨਕ ਨੇ ਜੀਵਨ ਦੇ 22 ਸਾਲ ਚਾਰ ਵੱਡੀਆਂ ਯਾਤਰਾਵਾਂ ਵਿਚ ਲਗਾ ਕੇ ਗੁਰਬਾਣੀ ਦਾ ਉਪਦੇਸ਼ ਦਿਤਾ ਪ੍ਰੰਤੂ ਬਾਕੀ ਗੁਰੂ ਸਾਹਿਬਾਨ ਇਸ ਤਰ੍ਹਾਂ ਦੂਰ-ਦੂਰ ਤਕ ਨਹੀਂ ਜਾ ਸਕੇ। ਸ਼ਬਦ (ਗੁਰਬਾਣੀ) ਹਰ ਥਾਂ ਜਾ ਸਕਦਾ ਹੈ। ਅੱਜ ਗੁਰਬਾਣੀ ਸੰਸਾਰ ਦੇ ਉਨ੍ਹਾਂ ਥਾਵਾਂ ਤੇ ਪਹੁੰਚੀ ਹੋਈ ਹੈ ਜਿਥੇ-ਜਿਥੇ ਨਾਨਕ ਨਾਮ ਲੇਵਾ ਹਨ। ਇਹ ਸ਼ਬਦ (ਗੁਰਬਾਣੀ) ਦੀ ਉਤਮਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਗੁਰਤਾ ਸੰਕੋਚ ਕੇ ਗੁਰੂ ਜੋਤਿ ਨੂੰ ਗ੍ਰੰਥ ਵਿਚ ਤੇ ਸਰੀਰ ਨੂੰ ਪੰਥ ਵਿਚ ਸਮੋ ਦਿਤਾ। ਖਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣ ਦਾ ਆਦੇਸ਼

ਦਿਤਾ। ਕਹਿਣ ਤੋਂ ਭਾਵ ਗੁਰਬਾਣੀ ਜੁਗੋ ਜੁਗ ਅਟੱਲ, ਅਮਰ ਤੇ ਅਗਵਾਈ ਦੇਣ ਵਾਲੀ ਹੈ। ਇਹ ਗੁਰੂਆਂ ਦੀ ਆਤਮਿਕ ਸ਼ਕਤੀ ਦਾ ਸ਼ਬਦ ਸ਼ਕਤੀ ਰਾਹੀਂ ਪ੍ਰਗਟਾਵਾ ਹੈ -

*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ॥* *ਪੰਨਾ - 982*

ਗੁਰੂ ਸਾਹਿਬਾਨ ਦੇ ਸਮੇਂ ਧਰਮ ਦੋ ਪ੍ਰਕਾਰ ਦੇ ਲੋਕਾਂ ਦੀ ਮਲਕੀਅਤ ਬਣ ਚੁੱਕਾ ਸੀ। ਇਕ ਤਾਂ ਉਹ ਲੋਕ ਸਨ ਜਿਹੜੇ ਬਾਹਰਮੁਖੀ (outward) ਸਨ। ਉਹ ਕਰਮ ਕਾਂਡਾਂ, ਮੂਰਤੀ ਪੂਜਣਾ, ਹੋਰ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਨ ਨੂੰ ਹੀ ਧਰਮ ਸਮਝਦੇ ਸਨ। ਦੂਸਰੇ ਉਹ ਲੋਕ ਸਨ ਜਿਹੜੇ ਅੰਤਰਮੁਖੀ (Intoward) ਸਨ। ਉਨ੍ਹਾਂ ਨੇ ਸੰਸਾਰ ਤੋਂ ਸੰਨਿਆਸ, ਤਿਆਗ ਲੈ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰ ਲਿਆ। ਦੂਸਰੇ ਸ਼ਬਦਾਂ ਵਿਚ ਇਕ ਤਾਂ ਉਹ ਲੋਕ ਸਨ ਜਿਹੜੇ ਬਿਲਕੁਲ ਸੰਸਾਰ ਵਿਚ ਖਚਤ (Total indulgence) ਸਨ ਅਤੇ ਦੂਸਰੇ ਉਹ ਸਨ ਜਿਹੜੇ ਬਿਲਕੁਲ ਤਿਆਗ (Total renunciation) ਵਾਲੇ ਸਨ। ਦੋਨੋਂ ਪ੍ਰਕਾਰ ਦੇ ਲੋਕਾਂ ਨੇ ਦੋ ਕਿਨਾਰੇ ਭਾਵ ਪੂਰਨ ਤਿਆਗ ਤੇ ਜਾਂ ਫਿਰ ਪੂਰਨ ਰੂਪ ਵਿਚ ਸੰਸਾਰ ਵਿਚ ਗਲਤਾਨ ਸਨ। ਧਰਮ ਪੂਰਨ ਤਿਆਗ ਤੇ ਪੂਰਨ ਰੂਪ ਵਿਚ ਖਚਤ ਹੋਣ ਵਿਚ ਨਹੀਂ ਹੈ।

ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਮਨੁੱਖ ਨੂੰ ਇਕ ਸਮਤਲ ਜੀਵਨ (balanced life) ਦਾ ਉਪਦੇਸ਼ ਦਿਤਾ। ਜੀਵਨ ਰੂਪੀ ਸਮੁੰਦਰ ਦੇ ਦੋਨਾਂ ਕਿਨਾਰਿਆਂ ਨੂੰ ਇਸ ਤਰ੍ਹਾਂ ਪੱਕਿਆਂ ਕੀਤਾ ਕਿ ਜੀਵਨ ਸਹਿਜਮਈ ਹੋਵੇ। ਜੀਵਨ ਦੇ ਚਾਰ ਪੁਰਸ਼ਾਰਥ (ਧਰਮ, ਅਰਥ, ਕਾਮ ਤੇ ਮੋਕਸ਼) ਇਸ ਲਈ ਸਹਾਈ ਸਿੱਧ ਹੋਵਣ। ਗੁਰਬਾਣੀ ਇਨ੍ਹਾਂ ਵਿਚੋਂ ਪਹਿਲੇ ਤਿੰਨਾਂ ਨੂੰ ਸਾਧਨ ਰੂਪ ਤੇ ਚੌਥੇ ਨੂੰ ਜੀਵਨ ਦਾ ਨਿਸ਼ਾਨਾ ਬਣਾ ਕੇ ਜੀਵਨ ਨੂੰ ਸਫਲਤਾ ਪ੍ਰਦਾਨ ਕਰਦੀ ਹੈ। ਗੁਰਬਾਣੀ ਨੇ ਇਨ੍ਹਾਂ ਚਾਰ ਪਦਾਰਥਾਂ ਨੂੰ ਇਸ ਤਰ੍ਹਾਂ ਢਾਲਿਆ ਕਿ ਪਹਿਲਾ ਧਰਮ ਤੇ (ਚੌਥਾ) ਮੋਕਸ਼ (ਮੁਕਤੀ) ਨੂੰ ਦੋਨਾਂ ਕਿਨਾਰਿਆਂ ਨੂੰ ਮਜ਼ਬੂਤ ਕਰਕੇ ਵਿਚਕਾਰ ਜੀਵਨ ਜਿਹੜਾ ਅਰਥ (economic values) ਅਤੇ ਵਾਸ਼ਨਾਵਾਂ ਨਾਲ ਭਰਿਆ ਹੋਇਆ ਹੈ, ਨੂੰ ਸਬਰ, ਸੰਤੋਖ ਅਤੇ ਸੰਜਮ ਨਾਲ ਜੀਉਣ ਲਈ ਗੁਰਬਾਣੀ ਰਾਹੀਂ ਸਿਖਾਇਆ -

*ਪਰਵਿਰਤਿ ਨਿਰਵਿਰਤਿ ਹਾਠਾ ਦੋਵੈ*
*ਵਿਚਿ ਧਰਮੁ ਫਿਰੈ ਰੈਬਾਰਿਆ॥* *ਪੰਨਾ - 1280*

ਗੁਰਬਾਣੀ ਅਨੁਸਾਰ ਤਿਆਗ ਤੋਂ ਭਾਵ ਪਦਾਰਥਾਂ ਦਾ ਤਿਆਗ ਨਹੀਂ, ਇਨ੍ਹਾਂ ਦੇ ਵਾਧੂ ਮੋਹ ਦਾ ਤਿਆਗ ਹੈ ਕਥਨ ਹੈ -

*ਤਿਆਗਨਾ ਤਿਆਗਨੁ ਨੀਕਾ*
*ਕਾਮੁ ਕ੍ਰੋਧੁ ਲੋਭੁ ਤਿਆਗਨਾ॥* *ਪੰਨਾ - 1018*

ਇਸੇ ਤਰ੍ਹਾਂ ਜੀਵਨ ਨੂੰ ਅਰਥ ਭਰਪੂਰ (worth living) ਬਣਾਉਣ ਲਈ, ਵਾਧੂ ਖਾਣਾ, ਵਾਧੂ ਸੌਣਾ, ਵਾਧੂ ਪਹਿਨਣਾ ਆਦਿ ਨੂੰ ਸਭ ਖੁਆਰੀ ਤੇ ਵਿਕਾਰੀ ਪੈਦਾ ਕਰਨ ਵਾਲਾ ਦੱਸਿਆ। ਇਥੇ ਕੇਵਲ ਸੰਕੇਤ ਹੀ ਕਾਫੀ ਹੈ -

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*
*ਪੰਨਾ - 16*

ਗੁਰਬਾਣੀ ਮਨੁੱਖੀ ਜੀਵਨ ਦੀਆਂ ਸਮਸਿਆਵਾਂ ਨੂੰ ਉਭਾਰਦੀ ਹੀ ਨਹੀਂ ਸਗੋਂ ਇਨ੍ਹਾਂ ਦਾ ਹਲ ਵੀ ਦੱਸਦੀ ਹੈ। ਗੁਰੂ ਜੀ ਨੇ ਪਰਵਿਰਤੀ ਵਿਚ ਨਿਰਵਿਰਤੀ ਕਰਮ ਕਰਨ ਦਾ ਉਪਦੇਸ਼ ਦਿਤਾ। ਪਰਵਿਰਤੀ ਵਿਚ ਨਿਰਵਿਰਤੀ ਕਰਮ ਤੋਂ ਭਾਵ ਸੰਸਾਰ ਵਿਚ ਰਹਿੰਦਿਆਂ ਸੰਸਾਰ ਦੇ ਪਦਾਰਥਾਂ ਦੇ ਮੋਹ ਤੋਂ ਨਿਰਲੇਪ ਰਹਿਣਾ ਦੱਸਿਆ ਜਿਵੇਂ ਮੁਰਗਾਬੀ ਪਾਣੀ ਵਿਚ ਰਹਿੰਦੀ ਹੋਈ ਅਭਿੱਜ ਰਹਿੰਦੀ ਹੈ ਜਾਂ ਜਿਵੇਂ ਕੰਵਲ ਫੁੱਲ ਚਿਕੜ ਵਿਚੋਂ ਉਗ ਕੇ, ਚਿਕੜ ਤੋਂ ਨਿਰਲੇਪ ਰਹਿੰਦਾ ਹੈ। ਇਹ ਜਾਂਚ ਗੁਰਬਾਣੀ ਵਿਚ ਸ਼ਰਧਾ ਰੱਖਣ, ਸਤਿਕਾਰ ਕਰਨ ਤੇ ਮੰਨਣ ਕਰਨ, ਉਦਮ ਤੇ ਸਾਹਸ ਨਾਲ ਆਉਂਦੀ ਹੈ। ਸੰਸਾਰ ਵਿਚ ਰਹਿੰਦਿਆਂ ਚੁੱਪ ਨਹੀਂ ਸਾਧਣੀ, ਅਕਾਲ ਪੁਰਖ ਦਾ ਸਿਧਾਂਤ ਕਹਿਣਾ ਤੇ ਦੂਸਰੇ ਦਾ ਸੁਣਨਾ ਜ਼ਰੂਰੀ ਹੈ। ਗੁਰੂ ਸਾਹਿਬਾਨ ਨੇ ਆਪਣਾ ਮਤ ਕਿਸੇ ਉਤੇ ਠੋਸਿਆ ਨਹੀਂ, ਗੋਸ਼ਟੀਆਂ ਦੁਆਰਾ ਸਭ ਸਿਧਾਂ, ਨਾਥਾਂ, ਜੋਗੀਆਂ, ਮੁਲਾਂ ਮੁਲਾਣਿਆਂ, ਠੱਗ ਚੋਰਾਂ, ਭੇਖੀਆਂ, ਪਖੰਡੀਆਂ ਨਾਲ ਗੋਸ਼ਟਾਂ ਕਰਕੇ ਦੱਸਿਆ ਕਿ ਜੀਵਨ ਦੀ ਸਫਲਤਾ ਦਾ ਰਾਹ ਪ੍ਰਭੂ ਦੇ ਨਾਮ ਜਪ ਵਿਚ ਹੈ -

*ਸਬਦਿ ਜਿਤੀ ਸਿਧਿ ਮੰਡਲੀ*
*ਕੀਤੋਸੁ ਆਪਣਾ ਪੰਥੁ ਨਿਰਾਲਾ॥*
*ਕਲਿਜੁਗ ਨਾਨਕ ਨਾਮੁ ਸੁਖਾਲਾ॥*
*ਭਾਈ ਗੁਰਦਾਸ ਜੀ, ਵਾਰ 1/31*

ਗੁਰਬਾਣੀ ਨੇ ਮਨੁੱਖ ਨੂੰ ਇਹੀ ਦ੍ਰਿੜ੍ਹ ਕਰਾਇਆ ਕਿ ਸਾਰੇ ਜੀਵ ਇਕੋ ਪ੍ਰਮਾਤਮਾ ਦੀ ਅੰਸ ਹਨ। ਜਾਤਾਂ, ਵਰਨਾਂ, ਊਚ-ਨੀਚ, ਭੇਦ-ਭਰਮ ਦੁਨਿਆਵੀ ਪੱਧਰ ਤੇ ਮਨੁੱਖ ਦੇ ਆਪਣੇ ਬਣਾਏ ਹੋਏ ਹਨ, ਪ੍ਰਭੂ ਦੇ ਘਰ ਐਸਾ ਨਹੀਂ ਹੈ। ਉਥੇ ਤਾਂ ਕਰਮ ਹੀ ਜਾਣੇ ਜਾਂਦੇ ਹਨ ਤੇ ਜੀਵ ਦੇ ਕਰਮਾਂ ਅਨੁਸਾਰ ਨਿਸਤਾਰਾ ਹੋਣਾ ਹੈ -

*ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥*
*ਪੰਨਾ - 349*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥*
*ਪੰਨਾ - 1330*

ਗੁਰਬਾਣੀ ਨੇ ਜਨਮ ਸਮੇਂ ਸੂਤਕ-ਪਾਤਕ, ਜਨੇਊ, ਮਰਨ ਉਪਰੰਤ ਪਿਤਰ-ਪੂਜਾ, ਸਰਾਧ ਜਨੇਊ, ਸੁਚ ਭਿਟ, ਤੀਰਥ-ਇਸਨਾਨ, ਵਰਤ ਹਵਨ, ਹਠ ਸਾਧਨ, ਗ੍ਰਹਿਸਤ ਦਾ ਤਿਆਗ, ਤਿਲਕ, ਜੰਞੂ ਆਦਿ ਸਭ ਦਾ ਖੰਡਨ ਕਰਕੇ ਨਾਲ ਹੀ ਸਮਾਧਾਨ ਵੀ ਦਿਤਾ। ਸਮਾਧਾਨ ਤੋਂ ਭਾਵ ਇਨ੍ਹਾਂ ਕਰਮ ਕਾਂਡਾਂ ਦੇ ਸਮਾਨ ਅਰਥਾਂ ਵਿਚ ਕੋਈ ਹੋਰ ਕਰਮ ਕਾਂਡ ਕਰਨ ਦਾ ਉਪਦੇਸ਼ ਨਹੀਂ ਦਿਤਾ ਸਗੋਂ ਇਨ੍ਹਾਂ ਬਾਹਰੀ ਕਰਮਾਂ ਦਾ ਆਤਮੀਕਰਨ (spiritualization ) ਕੀਤਾ ਜਿਵੇਂ ਪੰਡਤ ਨੂੰ ਆਤਮਕ ਜਨੇਊ ਪੁਆਉਣ ਦਾ ਉਪਦੇਸ਼ ਕੀਤਾ -

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥* *ਪੰਨਾ - 471*

ਇਵੇਂ ਹੀ -

*ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥*
*ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥*
*ਪੰਨਾ - 472*

ਗੁਰਬਾਣੀ ਨੇ ਮਨੁੱਖਤਾ ਉਤੇ ਸਭ ਤੋਂ ਮਹਾਨ ਤੇ ਵਿਲੱਖਣ ਇਹ ਪਰਉਪਕਾਰ ਕੀਤਾ ਕਿ ਮਨੁੱਖੀ ਬਿਰਤੀਆਂ ਨੂੰ ਬਾਹਰਮੁਖੀ ਤੋਂ ਅੰਤਰਮੁਖੀ ਕਰਕੇ ਉਸਨੂੰ ਅੰਦਰ ਵਸਦੇ ਜੀਵਨ ਤੱਤ, ਰੱਬੀ ਜੋਤ, ਆਤਮਾ ਨੂੰ ਪਛਾਨਣ ਪ੍ਰਤੀ ਸੁਚੇਤ ਕੀਤਾ। ਇਹ ਸੁਜੱਗਤਾ (awareness) ਮਨੁੱਖੀ ਜੀਵਨ ਵਿਚ ਹੀ ਸੰਭਵ ਹੈ। ਮਨੁੱਖੀ ਸਰੀਰ ਰੂਪੀ ਸਮੁੰਦਰ ਬਹੁਤ ਸਾਰੇ ਅਮੋਲਕ ਪਦਾਰਥਾਂ ਨਾਲ ਭਰਿਆ ਪਿਆ ਹੈ। ਇਹ ਪਦਾਰਥ ਉਨ੍ਹਾਂ ਨੂੰ ਲੱਭਦੇ ਹਨ ਜੋ ਗੁਰਬਾਣੀ ਨਾਲ ਪ੍ਰੀਤ ਲਾਉਂਦੇ ਹਨ। ਗੁਰਬਾਣੀ ਦੁਆਰਾ ਹੀ ਅਸਲ ਜੀਵਨ ਮਿਲਦਾ ਹੈ -

*ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥*
*ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ॥*
*ਗੁਰਬਾਣੀ ਲਾਗੇ ਤਿਨ ਹਥਿ ਚੜਿਆ*
*ਨਿਰਮੋਲਕੁ ਰਤਨੁ ਅਪਾਰਾ॥* *ਪੰਨਾ - 442*

ਬਾਹਰੀ ਚਾਨਣ ਤਾਂ ਮਨੁੱਖ ਦੀਆਂ ਬਾਹਰੀ ਅੱਖਾਂ ਨੂੰ ਰਸਤਾ ਦਿਖਾਉਂਦਾ ਹੈ ਪ੍ਰੰਤੂ ਅਸਲ ਵਿਚ ਲੋੜ ਹੈ ਆਤਮਕ ਚਾਨਣ ਦੀ। ਮਨੁੱਖ ਦੇ ਅੰਦਰ ਅਗਿਆਨਤਾ ਦਾ ਅੰਧੇਰਾ ਹੈ ਜਿਹੜਾ ਹਉਮੈ ਕਰਕੇ ਮਨੁੱਖ ਆਪਣੀ ਵੱਖਰੀ ਹੋਂਦ ਸਥਾਪਿਤ ਕਰਕੇ ਰੱਬ ਦਾ ਸਰੀਕ ਬਣ ਬੈਠਾ ਹੈ। ਇਸ ਦ੍ਵੈਤ ਭਾਵਨਾ ਨੇ ਮਨੁੱਖ ਨੂੰ ਰੱਬ ਤੋਂ ਦੂਰ ਕਰ ਦਿਤਾ। ਮਨੁੱਖ ਹਉਮੈ ਕਰਕੇ ਆਪਣੇ ਅੰਦਰ ਵਸਦੀ ਰੱਬੀ ਅੰਸ ਨੂੰ ਦੇਖਣ ਤੋਂ ਅਸਮਰਥ ਹੈ -

*ਅੰਤਰਿ ਅਲਖੁ ਨਾ ਜਾਈ ਲਖਿਆ*
*ਵਿਚਿ ਪੜਦਾ ਹਉਮੈ ਪਾਈ॥* *ਪੰਨਾ - 205*

ਗੁਰਬਾਣੀ ਇਸ ਜੱਗ ਵਿਚ ਚਾਨਣ ਹੈ ਜਿਹੜੀ ਅੰਦਰੋਂ ਅਗਿਆਨਤਾ ਦਾ ਨਾਸ਼ ਕਰਕੇ ਮਨੁੱਖ ਨੂੰ ਸਭ ਜੀਵਾਂ ਅੰਦਰ ਇਕੋ ਵਾਹਿਗੁਰੂ ਦੀ ਜੋਤਿ ਨੂੰ ਦ੍ਰਿੜ ਕਰਾਉਂਦੀ ਹੈ ਅਤੇ ਸਭ ਨੂੰ ਪਿਆਰ ਕਰਨ ਦਾ ਉਪਦੇਸ਼ ਕਰਦੀ ਹੈ -

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰ ਸਾਖੀ ਜੋਤਿ ਪਰਗਟੁ ਹੋਇ॥* *ਪੰਨਾ - 13*

*ਸਤਿਗੁਰ ਸਬਦਿ ਉਜਾਰੋ ਦੀਪਾ॥*
*ਬਿਨਸਿਓ ਅੰਧਕਾਰ ਤਿਹ ਮੰਦਰਿ*
*ਰਤਨ ਕੋਠੜੀ ਖੁਲੀ ਅਨੂਪਾ॥* *ਪੰਨਾ - 821*

ਗੁਰਬਾਣੀ ਨੂੰ ਜਾਨਣ, ਸਮਝਣ ਤੇ ਬੁੱਝਣ ਉਪਰੰਤ ਸੱਚ (ਨਿਰੰਕਾਰ) ਦੀ ਸੋਝੀ ਹੁੰਦੀ ਹੈ ਅਤੇ ਸੱਚ ਨਾਲ ਇਕਮਿਕ ਹੋ ਜਾਈਦਾ ਹੈ। ਗੁਰਬਾਣੀ ਪਾਰਬ੍ਰਹਮ ਦੀ ਸਿਰਜਨ ਸ਼ਕਤੀ ਹੈ - 'ਨਾਮ ਕੇ ਧਾਰੇ ਖੰਡ ਬ੍ਰਹਿਮੰਡ॥' ਪਾਰਬ੍ਰਹਮ ਦਾ ਯਥਾਰਥ ਰੂਪ ਹਨ। ਗੁਰਬਾਣੀ ਦੈਵੀ ਗਿਆਨ ਦਾ ਸੋਮਾ ਹੈ, ਪ੍ਰਭੂ ਦੀ ਚੇਤਨ ਸ਼ਕਤੀ ਹੈ -

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ॥* *ਪੰਨਾ - 515*

ਸਾਰਾ ਸੰਸਾਰ ਤਿੰਨਾਂ ਗੁਣਾਂ - ਰਜੋ, ਤਮੋ ਤੇ ਸਤੋ ਦੇ ਅੰਦਰ ਰਹਿੰਦਾ ਹੋਇਆ ਤਿੰਨਾਂ ਤਾਪਾਂ (ਆਧੀਆਂ, ਬਿਆਧੀਆਂ ਤੇ ਉਪਾਧੀਆਂ) ਕਾਰਨ ਦੁਖੀ ਹੈ। ਅਸਲ ਸੁਖ ਤਿੰਨਾਂ ਗੁਣਾਂ ਤੋਂ ਉਪਰ ਉਠ ਕੇ ਤੁਰੀਆ ਅਵਸਥਾ, ਚੌਥਾ ਪਦ, ਜਾਂ ਮੁਕਤ ਪਦ ਵਿਚ ਪਹੁੰਚ ਕੇ ਹੀ ਪ੍ਰਾਪਤ ਹੁੰਦਾ ਹੈ। ਇਸ ਪ੍ਰਾਪਤੀ ਦਾ ਸਾਧਨ ਗੁਰਬਾਣੀ ਰਾਹੀਂ ਸਪਸ਼ਟ ਕੀਤਾ ਹੈ। ਗੁਰਬਾਣੀ ਮਨ ਦੇ ਅੰਤਰੀਵ ਭਾਵਾਂ ਨੂੰ ਟੁੰਬਦੀ ਹੈ। ਇਸ ਨੂੰ ਸੁਣਨਾ, ਮਨ ਵਿਚ ਵਿਚਾਰ ਕਰਨਾ, ਇਹ ਸਭ ਅੰਤਰ ਆਤਮੇ ਨੂੰ ਸ਼ੁੱਧ ਕਰਨ ਦੇ ਸਾਧਨ ਹਨ। ਗੁਰੂ ਜਦੋਂ ਆਪਣੇ ਸਿੱਖਾਂ ਸੇਵਕਾਂ ਉਤੇ ਅਤਿਅੰਤ ਪ੍ਰਸੰਨ ਹੁੰਦਾ ਹੈ ਤਾਂ ਗੁਰਬਾਣੀ ਨੂੰ ਸ਼ਰਧਾ ਤੇ ਪਿਆਰ ਸਹਿਤ ਗਾਉਣ, ਪੜ੍ਹਨ, ਸੁਣਨ ਤੇ ਮਨ ਵਿਚ ਵਸਾਉਣ ਲਈ ਹੀ ਉਪਦੇਸ਼ ਦਿੰਦਾ ਹੈ -

*ਗੁਰਬਾਣੀ ਗਾਵਹ ਭਾਈ॥*
*ਓਹ ਸਫਲ ਸਦਾ ਸੁਖਦਾਈ॥* *ਪੰਨਾ - 629*

ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾਉਣ ਨਾਲ ਨਿਰਬਾਣ ਪਦ ਦੀ ਪ੍ਰਾਪਤੀ ਹੁੰਦੀ ਹੈ। ਨਿਰਬਾਣ-ਮੁਕਤੀ ਦਾ ਸਿਧਾਂਤ ਜੋ ਗੁਰਬਾਣੀ ਦ੍ਰਿੜ ਕਰਾਉਂਦੀ ਹੈ, ਉਹ ਪ੍ਰੰਪਰਾਗਤ ਨਹੀਂ। ਇਸਦੀ ਵਿਲੱਖਣਤਾ ਇਸ ਵਿਚ ਹੈ ਕਿ ਇਹ ਮੁਕਤੀ ਆਪਣੇ ਤੱਕ ਹੀ ਸੀਮਤ ਨਹੀਂ ਰਹੀ ਹੈ। ਇਸ ਵਿਚ ਪਰਉਪਕਾਰ ਦੀ ਭਾਵਨਾ ਪ੍ਰਬਲ ਹੈ। ਸਦਾ ਮੁਕਤ ਗੁਰੂ, ਸਾਰੇ ਸੰਸਾਰ ਨੂੰ ਮੁਕਤੀ ਦੁਆਉਣ ਦਾ ਇੱਛਕ ਹੈ। ਇਹੋ ਉਪਦੇਸ਼ ਗੁਰੂ ਆਪਣੇ ਸਿੱਖਾਂ ਤਾਈਂ ਦਿੰਦਾ ਹੈ -

*ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥*
*ਪੰਨਾ - 759*

*ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ॥* *ਪੰਨਾ - 752*

ਗੁਰੂ ਦੀ ਬਾਣੀ ਵਿਚ ਹੀ ਨਾਦ (ਕੰਨ ਵਿਚ ਫੂਕੇ ਮੰਤਰ) ਤੇ ਬੇਦ (ਗਿਆਨ) ਸਭ ਕਿਛ ਹੀ ਸਮਾਇਆ ਹੋਇਆ ਹੈ। ਗੁਰਬਾਣੀ ਨੂੰ ਗੁਰੂ ਮੰਨਣ ਉਪਰੰਤ ਫਿਰ ਹੋਰ ਕਿਸੇ ਮਾਰਗ ਨੂੰ ਮੰਨਣ ਤੇ ਅਪਨਾਉਣ ਦੀ ਲੋੜ ਨਹੀਂ ਰਹਿ ਜਾਂਦੀ। ਕੱਚੇ ਗੁਰੂ ਦੀ ਬਾਣੀ ਸਾਧਕ ਨੂੰ ਮੁਕਤੀ ਨਹੀਂ ਦੁਆ ਸਕਦੀ। ਪੂਰੇ ਗੁਰੂ ਦੀ ਬਾਣੀ ਦੁਆਰਾ ਹੀ ਜੀਵ ਦਾ ਭਟਕਦਾ ਮਨ ਆਪਣੇ ਨਿੱਜ ਘਰ (ਅਸਲ ਸਰੂਪ) ਵਿਚ ਟਿਕ ਕੇ ਇਸਨੂੰ ਪਛਾਣ ਲੈਂਦਾ ਹੈ। ਪੂਰੇ ਗੁਰੂ ਦੀ ਬਾਣੀ ਨਾਲ ਮਨ ਦੇ ਭੈੜੇ ਸੰਸਕਾਰਾਂ ਦੀ ਮੈਲ ਧੋਤੀ ਜਾਂਦੀ ਹੈ -

*ਸਭਿ ਨਾਦ ਬੇਦ ਗੁਰਬਾਣੀ॥*
*ਮਨੁ ਰਾਤਾ ਸਾਰਿਗਪਾਣੀ॥* *ਪੰਨਾ - 879*

*ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ*
*ਮਨੁ ਭੀਨਾ ਨਿਜ ਘਰਿ ਆਵੈਗੋ॥* *ਪੰਨਾ - 1308*

ਆਪਣੇ ਨਿਜ ਸਰੂਪ ਦੀ ਸੋਝੀ ਹੋਣ ਤੇ ਮਨ ਦੀ ਭਟਕਣਾ ਖਤਮ ਹੋ ਜਾਂਦੀ ਹੈ। ਮਨ ਸਹਿਜ ਵਿਚ ਟਿਕ ਜਾਂਦਾ ਹੈ। ਮਨ ਵਿਚ ਗੁਰਬਾਣੀ ਨਾਲ ਪਿਆਰ ਹੋਣ ਤੇ ਨਾਮ ਰੂਪੀ ਅੰਮ੍ਰਿਤ ਜੋ ਗੁਰੂ ਦਾ ਸ਼ਬਦ ਹੈ, ਬਾਣੀ ਹੈ, ਨਾਲ ਜੀਵ ਤ੍ਰਿਪਤ ਹੋ ਜਾਂਦੇ ਹਨ ਭਾਵ ਮਨੁੱਖ ਦਾ ਜਨਮ-ਮਰਨ ਦਾ ਗੇੜ ਖਤਮ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਦਾ ਕਥਨ ਹੈ -

*ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥*
*ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ॥* *ਪੰਨਾ - 449*

ਜੀਵਨ ਦਾ ਮਨੋਰਥ ਦੈਵੀ ਗੁਣਾਂ ਨੂੰ ਗ੍ਰਹਿਣ ਕਰਨਾ ਹੈ। ਇਨ੍ਹਾਂ ਗੁਣਾਂ ਦੀ ਸੋਝੀ ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ। ਗੁਰੂ ਨਾਲ ਮਿਲਾਪ ਪ੍ਰਭੂ ਦੀ ਕਿਰਪਾ ਦੁਆਰਾ ਹੁੰਦਾ ਹੈ। ਗੁਰੂ ਫਿਰ ਸ਼ਬਦ

(ਗੁਰਬਾਣੀ) ਦੁਆਰਾ ਪ੍ਰਭੂ ਨਾਲ ਮਿਲਾਪ ਕਰਵਾ ਦਿੰਦਾ ਹੈ। ਗੁਰੂ ਸ਼ਬਦ ਦੁਆਰਾ ਸਿੱਖ ਦੀ ਸਖਸ਼ੀਅਤ ਨੂੰ ਘੜਦਾ ਹੈ। ਇਸ ਘਾੜਤ ਦੀ ਕਸਵੱਟੀ ਸੁਨਾਰ ਦੀ ਭੱਠੀ ਵਾਂਗ ਹੈ ਜੋ ਕੁਠਾਲੀ ਵਿਚ ਸੋਨਾ ਢਾਲ ਕੇ ਮੈਲ ਵੱਖ ਕਰਕੇ ਸ਼ੁੱਧ ਸੋਨਾ ਕੱਢਦਾ ਹੈ। ਇਸੇ ਤਰ੍ਹਾਂ ਗੁਰੂ, ਸ਼ਬਦ ਦੁਆਰਾ ਮਨੁੱਖ ਦੀ ਘਾੜਤ ਕਰਦਾ ਹੈ। ਇਸ ਕਸਵੱਟੀ ਤੇ ਘੜਿਆ ਹੋਇਆ ਸਿੱਕਾ (ਆਦਰਸ਼ਕ ਮਨੁੱਖ) ਪ੍ਰਭੂ ਦੇ ਖਜ਼ਾਨੇ ਵਿਚ ਪ੍ਰਵਾਨ ਹੁੰਦਾ ਹੈ। ਗੁਰਬਾਣੀ ਦੇ ਸ਼ਬਦ ਦੀ ਕਮਾਈ ਦੁਆਰਾ ਸਿੱਖ ਅਕਾਲ ਪੁਰਖ ਦਾ ਰੂਪ ਹੀ ਬਣ ਜਾਂਦਾ ਹੈ -

*ਸੇ ਵਡਭਾਗੀ ਜਿ ਤੁਧੁ ਧਿਆਇਦੇ*
*ਜਿਨ ਸਤਿਗੁਰੁ ਮਿਲੀਐ॥*
*ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ*
*ਗੁਰਬਾਣੀ ਬਣੀਐ॥* ***ਪੰਨਾ - 304***

ਗੁਰਬਾਣੀ ਅਨੇਕਤਾ ਵਿਚ ਏਕਤਾ ਦਾ ਸਿਧਾਂਤ ਦ੍ਰਿੜ੍ਹ ਕਰਾਉਂਦੀ ਹੈ। ਸੰਸਾਰ ਦੀ ਅਨੇਕਤਾ ਰੂਪੀ ਮਣਕਿਆਂ ਨੂੰ ਪ੍ਰਭੂ (ਸ਼ਕਤੀ) ਨਾਮ ਰੂਪੀ ਧਾਗੇ ਦੁਆਰਾ ਇਕੋ ਹਾਰ ਵਿਚ ਪਰੋਇਆ ਹੋਇਆ ਹੈ। ਅਨੇਕਤਾ ਪਿਛੇ ਏਕਤਾ ਦੀ ਸੋਝੀ ਗੁਰਬਾਣੀ ਦੁਆਰਾ ਸਮਝ ਆਉਂਦੀ ਹੈ। ਸਾਰਾ ਸੰਸਾਰ ਪ੍ਰਭੂ ਮਾਲੀ ਦੁਆਰਾ ਲਾਇਆ ਹੋਇਆ ਬਗੀਚਾ ਹੈ ਜਿਸ ਵਿਚ ਨਾਨਾ ਪ੍ਰਕਾਰ ਦੇ ਫੁੱਲ ਖਿੜੇ ਹੋਏ ਹਨ ਪ੍ਰੰਤੂ ਇਨ੍ਹਾਂ ਸਾਰਿਆਂ ਪੌਦਿਆਂ ਦਾ ਮਾਲੀ ਇਕੋ ਇਕ ਪ੍ਰਭੂ ਹੈ ਜੋ ਸਾਰੇ ਬਾਗ ਦੀ ਦੇਖਭਾਲ ਕਰਦਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਭਾਰਤ ਵਰਸ਼ ਇਕ ਬੜੀ ਤਰਸ ਯੋਗ ਸਥਿਤੀ ਵਿਚੋਂ ਗੁਜ਼ਰ ਰਿਹਾ ਸੀ। ਭਾਰਤ ਵਾਸੀਆਂ ਦੀ ਸਮਾਜਿਕ ਨਾ-ਬਰਾਬਰਤਾ ਧਾਰਮਿਕ ਬਹੁਦੇਵਵਾਦ ਨੇ ਭਾਰਤ ਨੂੰ ਰਾਜਨੀਤਕ, ਸਮਾਜਿਕ ਤੇ ਧਾਰਮਕ ਪੱਖ ਤੋਂ ਕਮਜ਼ੋਰ ਕਰ ਰੱਖਿਆ ਸੀ। ਨਤੀਜਾ ਕੀ ਹੋਇਆ ਕਿ ਬਾਹਰੀ ਹਮਲਾਵਰ ਆ ਕੇ ਹਿੰਦੁਸਤਾਨ ਨੂੰ ਲੁੱਟ ਪੁੱਟ ਕੇ ਲੈ ਜਾਂਦੇ। ਗੁਰੂ ਨਾਨਕ ਨੇ ਸਾਰੇ ਭਾਰਤ ਵਰਸ਼ ਦੀ ਯਾਤਰਾ ਕਰਕੇ ਭਾਰਤ ਦੀ ਧਾਰਮਕ, ਸਮਾਜਿਕ ਸਥਿਤੀ ਦਾ ਸਰਵੇਖਣ ਹੀ ਨਹੀਂ ਕੀਤਾ ਸਗੋਂ ਭਾਰਤਵਾਸੀਆਂ ਦੇ ਮਨਾਂ ਅੰਦਰ ਦੇਸ਼ ਪਿਆਰ ਦਾ ਜਜ਼ਬਾ, ਕੌਮੀਅਤ, ਆਪਣੀ ਸੰਸਕ੍ਰਿਤੀ ਦਾ ਅਹਿਸਾਸ ਜਗਾਇਆ। ਗੁਰੂ ਜੀ ਨੇ ਭਾਰਤਵਰਸ਼ ਦੇ ਸਾਰੇ ਅਧਿਆਤਮਕ ਸੰਤਾਂ, ਫਕੀਰਾਂ ਦੀਆਂ ਰਚਨਾਵਾਂ ਨੂੰ ਇਕੱਤਰਤ ਕਰਕੇ ਇਕ ਐਸੀ ਦੇਸ਼ ਪਿਆਰ ਦੀ ਭਾਵਨਾ ਪ੍ਰਗਟ ਕੀਤੀ ਜਿਹੜੀ ਭਾਰਤਵਰਸ਼ ਵਿਚ ਪਹਿਲਾਂ ਕਦੇ ਕਿਸੇ ਨਹੀਂ ਕੀਤੀ ਸੀ। ਇਸ ਇਕੱਤਰਤ ਕੀਤੀ ਰਚਨਾ ਦੀ ਕਸਵੱਟੀ ਨਿਰੋਲ ਅਧਿਆਤਮਕਤਾ ਸੀ। ਸਾਰੇ ਸੰਸਾਰ ਦੇ ਲੋਕ ਆਰਥਿਕ, ਸਮਾਜਿਕ ਤੇ ਰਾਜਨੀਤਕ ਪੱਧਰ ਤੇ ਤਾਂ ਹੀ ਇਕ ਹੋ ਸਕਦੇ ਸਨ ਜੇਕਰ ਉਹ ਪਹਿਲਾਂ ਆਤਮਿਕ ਤੌਰ ਤੇ ਇਕ ਹੋ ਜਾਣ। ਗੁਰੂ ਨਾਨਕ ਤੇ ਬਾਕੀ ਗੁਰੂਆਂ ਨੇ ਇਹ ਸਫਲ ਯਤਨ ਕੀਤਾ ਕਿ ਸਾਰੇ ਭਗਤਾਂ ਦੀਆਂ ਰਚਨਾਵਾਂ ਇਕ ਥਾਂ ਇਕੱਤਰਤ ਕਰਕੇ ਭਾਰਤੀ ਸੰਸਕ੍ਰਿਤੀ ਨੂੰ ਇਕ ਥਾਂ ਪਰੋ ਦਿਤਾ। ਇਕ ਸਾਂਝ ਪੈਦਾ ਕਰ ਦਿਤੀ। ਗੁਰਬਾਣੀ ਕਥਨ ਹੈ -

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥* ***ਪੰਨਾ - 97***
*ਸਭੁ ਕੋ ਮੀਤੁ ਹਮ ਆਪਨ ਕੀਨਾ*
*ਹਮ ਸਭਨਾ ਕੇ ਸਾਜਨ॥* ***ਪੰਨਾ - 671***

ਗੁਰਬਾਣੀ ਵਿਚ ਭਾਰਤੀ ਧਾਰਮਕ ਸਾਧਨਾਵਾਂ ਦੇ ਖੰਡਨ ਨਾਲੋਂ ਇਨ੍ਹਾਂ ਵਿਚ ਆਈਆਂ ਕੁਰੀਤੀਆਂ, ਭੇਖ, ਪਾਖੰਡ, ਦਿਖਾਵਾ, ਭਰਮ, ਦ੍ਵੈਤ, ਕਰਮ ਕਾਂਡ ਦਾ ਖੰਡਨ ਕੀਤਾ। ਗੁਰੂ ਸਾਹਿਬਾਨ ਨੇ ਸੰਸਾਰ ਦੇ ਲੋਕਾਂ ਨੂੰ ਆਤਮਿਕ ਪੱਖੋਂ ਦਿਵਾਲੀਏ ਦੇਖ ਕੇ ਪ੍ਰਭੂ ਅੱਗੇ ਇਨ੍ਹਾਂ ਦੇ ਬਚਾਉ ਲਈ ਸਰਬ ਸਾਂਝੀ ਅਰਦਾਸ ਕੀਤੀ -

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥* ***ਪੰਨਾ - 853***

ਕਿਤਨੀ ਵਿਸ਼ਾਲ ਉਦਾਰਤਾ ਹੈ, ਕਿਤਨਾ ਵੱਡਾ ਆਦਰਸ਼ ਹੈ। ਮਾਨਵ ਕਲਿਆਣ ਦੀ ਭਾਵਨਾ ਕਿਤਨੀ ਪ੍ਰਬਲ ਹੈ। ਵਿਸ਼ਵ ਪਿਆਰ, ਗਰੀਬਾਂ ਨਾਲ ਪੂਰਨ ਹਮਦਰਦੀ ਹੈ, ਭੇਖੀਆਂ ਪਾਖੰਡੀਆਂ ਨੂੰ ਤਾੜਨਾ, ਠੱਗਾਂ ਚੋਰਾਂ ਨੂੰ ਨਸੀਅਤ, ਕੱਟੜਵਾਦੀਆਂ ਲਈ ਸਦਭਾਵਨਾ, ਰਾਜਿਆਂ ਨੂੰ ਇਨਸਾਫ ਕਰਨ ਦੀ ਪ੍ਰੇਰਨਾ ਅਤੇ ਦੁਨਿਆਵੀ ਬਾਦਸ਼ਾਹੀ ਦੇ ਮੁਕਾਬਲੇ ਤੇ ਸੱਚੇ ਪਾਤਸ਼ਾਹ ਦੀ ਕਚਹਿਰੀ ਵਿਚ ਮਾਨ ਪ੍ਰਤਿਸ਼ਠਤਾ ਪ੍ਰਾਪਤ ਕਰਨ ਦੀ ਪ੍ਰੇਰਨਾ ਆਦਿ ਸਭ ਇਕ ਐਸੀ ਮਾਨਸਿਕ ਕ੍ਰਾਂਤੀ ਸੀ ਜਿਸਨੇ ਭਾਰਤਵਰਸ਼ ਦੀ ਕਾਇਆ ਕਲਪ ਕਰ ਦਿਤੀ। ਜਿਨ੍ਹਾਂ ਗਰੀਬਾਂ ਨੂੰ ਕੋਈ ਮੂੰਹ ਨਹੀਂ ਸੀ ਲਾਉਂਦਾ, ਪਿਆਰ ਨਾਲ ਨਹੀਂ ਸੀ ਬੁਲਾਉਂਦਾ, ਕਦੀ ਉਨ੍ਹਾਂ ਨਾਲ ਸਹਾਨਭੂਤੀ ਨਹੀਂ ਸੀ ਕਿਸੇ ਪ੍ਰਗਟ ਕੀਤੀ; ਗੁਰਬਾਣੀ ਅਜਿਹੇ ਲਤਾੜੇ ਤੇ ਪਛਾੜੇ ਲੋਕਾਂ ਲਈ ਪਿਆਰ ਵੰਡਦੀ ਹੈ -

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥*
***ਪੰਨਾ - 15***

ਗੁਰਬਾਣੀ ਤ੍ਰੈਕਾਲ ਸੱਚ ਤੇ ਅਮਰ ਵਸਤੂ ਹੈ। ਗੁਰੂਆਂ ਨੇ ਇਸ ਅੰਦਰ ਵਿਸ਼ਵ ਵਿਆਪਕਤਾ ਦੇ ਤੱਤਾਂ ਦਾ ਵਰਨਣ ਕੀਤਾ ਹੈ। ਅਕਾਲ ਪੁਰਖ ਸਮੇਂ (Time) ਸਥਾਨ (space) ਅਤੇ ਕਾਰਨ (cause) ਦੇ ਬੰਧਨਾਂ ਤੋਂ ਮੁਕਤ ਹੈ। ਸੰਸਾਰ ਦੇ ਲੋਕਾਂ ਨੂੰ ਇਕੋ ਅਕਾਲ ਪੁਰਖ ਨੂੰ ਸਭਿਅਤਾ, ਬੋਲੀ ਵਖਰੇਵਿਆਂ ਕਾਰਨ ਵੱਖੋ-ਵੱਖਰੇ ਨਾਵਾਂ ਨਾਲ ਉਚਾਰਨ ਕਾਰਨ ਰੱਬ ਵੰਡਿਆ ਗਿਆ ਲਗਦਾ ਹੈ ਪ੍ਰੰਤੂ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਇਸ ਸਮੱਸਿਆ ਦਾ ਸਮਾਧਾਨ ਬੜੇ ਸੁੰਦਰ ਢੰਗ ਨਾਲ ਕੀਤਾ ਹੈ। ਸਾਰੇ ਧਰਮਾਂ ਦੇ ਅੰਤਰੀਵ ਧਰਾਤਲ ਤੇ ਸੱਚ (Truth) ਇਕ ਹੀ ਹੈ। ਇਹ ਸਾਰੇ ਸੰਸਾਰ ਦੇ ਸਾਰੇ ਧਰਮਾਂ ਦਾ ਸਾਂਝਾ ਪ੍ਰਮਾਣਕ ਤੇ ਪ੍ਰਮਾਣਤ ਤੱਤ-ਸੱਚ ਹੈ। ਸਾਰੇ ਧਰਮ ਸੱਚ ਦੀ ਖੋਜ ਕਰਨ ਵਿਚ ਲੱਗੇ ਹੋਏ ਹਨ। ਸੱਚ ਪ੍ਰਭੂ ਦਾ ਆਪਣਾ ਗੁਣ ਹੈ -

*ਸਚੁ ਸਚੁ ਸਚੁ ਸਭੁ ਕੀਨਾ॥*
*ਕੋਟਿ ਮਧੇ ਕਿਨੈ ਬਿਰਲੈ ਚੀਨਾ॥* ***ਪੰਨਾ - 279***

ਗੁਰਬਾਣੀ ਨੇ ਪ੍ਰਭੂ ਦਾ ਸਰਬ ਸਾਂਝਾ ਨਾਂ ਸੱਚ ਰੱਖ ਕੇ ਸੰਸਾਰਕ ਪੱਧਰ ਤੇ ਇਕਸਾਰਤਾ (uniformity) ਤੇ ਇਕਸੁਰਤਾ ਲਿਆਂਦੀ। ਇਨ੍ਹਾਂ ਪੰਗਤੀਆਂ ਵਿਚ ਸੰਸਾਰ ਦੇ ਸਾਰੇ ਧਰਮ ਇਕ ਥਾਂ ਕੇਂਦਰਤ ਹੋਏ ਦਿਸਦੇ ਹਨ -

*ਕਿਰਤਮ ਨਾਮ ਕਥੇ ਤੇਰੇ ਜਿਹਬਾ॥*
*ਸਤਿ ਨਾਮੁ ਤੇਰਾ ਪਰਾ ਪੂਰਬਲਾ॥* ***ਪੰਨਾ - 1083***

ਗੁਰਬਾਣੀ ਮਨੁੱਖ ਨੂੰ ਇਹ ਚੇਤੇ ਕਰਾਉਂਦੀ ਹੈ ਕਿ ਸਰੀਰ

(ਪੰਨਾ 29 ਦੀ ਬਾਕੀ)

ਨੂੰ ਭੁੱਖ ਲਗਦੀ ਹੈ ਤਾਂ ਇਨਸਾਨ ਇਸਦੀ ਪੂਰਤੀ ਲਈ ਸਾਰਾ ਦਿਨ ਜਾਇਜ਼ ਤੇ ਨਜ਼ਾਇਜ਼ ਢੰਗਾਂ ਨਾਲ ਇਸ ਭੁੱਖ ਨੂੰ ਪੂਰਾ ਕਰਨ ਦਾ ਯਤਨ ਕਰਦਾ ਰਹਿੰਦਾ ਹੈ ਪ੍ਰੰਤੂ ਫਿਰ ਵੀ ਭੁਖਾ ਹੀ ਰਹਿੰਦਾ ਹੈ। ਇਹ ਭੁੱਖ ਵੱਧਦੀ ਹੀ ਚਲੀ ਜਾਂਦੀ ਹੈ ਉਹ ਕਦੀ ਤ੍ਰਿਪਤ ਨਹੀਂ ਹੁੰਦਾ। ਇਸਦੇ ਸਾਰੇ ਕਰਮ ਇੰਦ੍ਰੇ ਥੱਕ ਜਾਂਦੇ ਹਨ। ਅਖੀਰ ਸੁਆਹ ਦੀ ਢੇਰੀ ਬਣ ਕੇ ਖਤਮ ਹੋ ਜਾਂਦਾ ਹੈ। ਸਰੀਰ ਨੂੰ ਢਕਣ ਵਾਲੇ ਮਕਾਨ ਦੀ ਬੜੀ ਚਿੰਤਾ ਹੈ। ਜਿਸ ਘਰ ਵਿਚ ਇਸ ਨੇ ਅੰਤ ਵਿਚ ਜਾ ਕੇ ਵਸਣਾ ਹੈ, ਉਸਦਾ ਫਿਕਰ ਨਹੀਂ ਹੈ। ਗੁਰਬਾਣੀ ਇਸ ਸਦੀਵੀ ਘਰ ਪ੍ਰਤੀ ਸੁਚੇਤ ਕਰਦੀ ਹੈ, ਹੇ ਜੀਵ, ਇਹ ਤੇਰਾ ਪੇਕਾ ਘਰ ਹੈ; ਤੂੰ ਸਹੁਰੇ ਘਰ ਲਈ ਚੰਗਾ ਦਾਜ ਲੈ ਕੇ ਜਾਵੇਂਗਾ, ਤਾਂ ਹੀ ਤੇਰੀ ਪੁੱਛ ਗਿੱਛ ਹੋਵੇਗੀ। ਇਹ ਦਾਜ ਨਾਮ ਦਾ ਹੈ।

*ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ॥*
*ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ॥*

*ਪੰਨਾ - 27*

ਮਨ ਦੀ ਭੁੱਖ ਗੁਰਬਾਣੀ ਹੀ ਪੂਰੀ ਕਰਦੀ ਹੈ -

ਗੁਰਬਾਣੀ ਆਤਮਕ ਜਗਿਆਸੂਆਂ ਲਈ ਇਕ ਐਸਾ ਥਾਲ ਪਰੋਸਿਆ ਹੈ ਜਿਸ ਵਿਚ -

**ਸਤੁ** - ਜੋ ਭਗਤੀ ਦੇ ਮਨੋਰਥ ਨੂੰ ਪੂਰਾ ਕਰਦਾ ਹੈ।

**ਸੰਤੋਖ** - ਜੋ ਕਰਮ ਮਾਰਗ ਦੀ ਦੌੜ ਭੱਜ ਨੂੰ ਥਾਂ ਸਿਰ ਰੱਖਦਾ ਹੈ।

**ਵਿਚਾਰ** - ਜੋ ਗਿਆਨ ਮਾਰਗ ਦੀਆਂ ਔਕੜਾਂ ਦੂਰ ਕਰਕੇ ਸਹੀ ਸੋਚਣ ਵਿਚ ਸਹਾਈ ਹੁੰਦਾ ਹੈ।

ਇਹ ਤਿੰਨੇ ਵਸਤਾਂ ਜੀਵਨ ਕਲਿਆਣਕਾਰੀ ਹਨ ਜੋ ਅੰਮ੍ਰਿਤ ਰੂਪੀ ਨਾਮ ਨਾਲ ਮਿਲਾ ਕੇ ਨਿਤ ਭੁੰਚਣ ਲਈ ਦਿਤੀਆਂ ਗਈਆਂ ਹਨ। ਅਗਿਆਨਤਾ ਵਸ ਜੀਵ ਨੂੰ ਇਨ੍ਹਾਂ ਦੀ ਸੋਝੀ ਨਹੀਂ। ਇਨ੍ਹਾਂ ਦਾ ਤਿਆਗ ਰੂਹਾਨੀ ਮੌਤ ਸਹੇੜਨ ਵਾਲੀ ਗੱਲ ਹੈ। ਸਦੀਵੀ ਤ੍ਰਿਪਤੀ ਦੇਣ ਵਾਲੇ ਇਨ੍ਹਾਂ ਆਤਮਕ ਤੱਤਾਂ ਨੂੰ ਹਿਰਦੇ ਵਿਚ ਵਸਾਉਣ ਨਾਲ ਸੰਸਾਰ ਸਾਗਰ ਤੋਂ ਪਾਰ ਉਤਾਰਾ ਸੰਭਵ ਹੈ -

*ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥*

*ਪੰਨਾ - 1429*

**ਗੁਰਬਾਣੀ** - ਗੁਰੂ ਜੋਤਿ ਦਾ ਸਾਖਸ਼ਾਤ ਰੂਪ ਹੈ। ਸਿਖ ਨੂੰ ਹੁਕਮ ਹੈ ਕਿ ਇਸ ਨੂੰ ਗੁਰੂ ਮੰਨੇ ਅਤੇ ਗੁਰਬਾਣੀ ਦੇ ਸ਼ਬਦ ਵਿਚੋਂ ਹੀ ਸ਼ੁੱਧ ਹਿਰਦੇ ਵਾਲਾ ਸਿੱਖ ਪ੍ਰਭੂ ਦਰਸ਼ਨ ਕਰ ਸਕਦਾ ਹੈ ਅਤੇ ਸਾਰੇ ਸੰਸਾਰ ਲਈ ਭਲਾ ਸੁਖ ਸਮਰਿਧੀ ਦੀ ਮੰਗ ਕਰ ਸਕਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ॥*
*ਤੇਰੇ ਭਾਣੇ ਸਰਬੱਤ ਦਾ ਭਲਾ॥*

* * * * *

ਚਲਾਵਣੇਹਾਰੀ ਭਗਵੰਤ ਕੀ ਸਕਤ ਹੈ ਅਰੁ ਆਪ ਕਰਕੇ ਸਮ੍ਰਥ ਨਹੀ। ਜੈਸੇ ਹਾਥ ਅਰੁ ਭੁਜਾ ਵਿਖੇ ਕਾਂਧਹੁ ਕੀ ਫੁਰਤੀ ਹੈ ਪਰ ਕਾਂਧਹੁ ਵਿਖੇ ਭੀ ਸੀਸ ਕਾ ਬਲ ਹੋਤਾ ਹੈ। ਤੈਸੇ ਹੀ ਜਦਪ ਤਾਰਾ ਮੰਡਲ ਨਿਛਤ੍ਰ ਭੀ ਚਰਨਦਾਸੀ ਪਕੜਨੇਹਾਰੇ ਟਹਲੁਏ ਕੀ ਨਯਾਈ ਨਹੀਂ ਪਰੁ ਤੌ ਭੀ ਨੀਚ ਕਿੰਕਰ ਹੈਂ ਅਰੁ ਤਤਹੁ ਕੇ ਸੁਭਾਵ ਜੋ ਵਾਇ ਪਿਤ ਕਫ ਹੈ, ਸੋ ਮਹਾਂ ਅਧਮ ਤੇ ਅਧਮ ਹੈਂ ਅਰੁ ਮਹਾਰਾਜਿ ਕੇ ਹਾਥ ਵਿਖੇ ਕਲਮ ਕੀ ਨਯਾਈਂ ਹੈਂ ਅਰੁ ਅਧੀਨੁ ਹੈਂ। ਪਰੁ ਬਹੁਤੇ ਲੋਕਹੁ ਵਿਖੇ ਇਸ ਕੈ ਵਿਵਾਦ ਹੋਤਾ ਹੈ ਜੋ ਏਕ ਭਾਵ ਕਰਕੇ ਬੈਦਕ ਅਰੁ ਜੋਤਕੀ ਭੀ ਸਾਚ ਕਹਤੇ ਹੈਂ ਪਰ ਭਲੀ ਪ੍ਰਕਾਰ ਜਥਾਰਥ ਭੇਦ ਕੂੰ ਨਹੀ ਸਮਝਤੇ। ਅਰੁ ਜਾਣਤੇ ਹੈਂ ਜੋ ਹਮ ਨੇ ਜਿਉਂ ਕਾ ਤਿਉਂ ਭੇਦ ਪਾਇਆ ਹੈ। ਸੋ ਇਨ ਕਾ ਦ੍ਰਿਸਟਾਂਤ ਇਹੁ ਹੈ - ਜੈਸੇ ਅੰਧਿਲਹੁ ਨੇ ਸੁਣਯਾ ਥਾਂ ਜੋ ਹਮਾਰੇ ਨਗਰ ਵਿਖੇ ਹਾਥੀ ਆਇਆ ਹੈ। ਤਬ ਹਾਥੀ ਦੇਖਨੇ ਕੇ ਨਮਿਤ ਏਕਠੇ ਹੋ ਕਰਿ ਗਏ ਪਰ ਉਨਹੁ ਨੇ ਇਸ ਪ੍ਰਕਾਰ ਨ ਜਾਣਯਾ ਜੋ ਹਾਥੀ ਕੂੰ ਨੇਤ੍ਰਹੁ ਕਰ ਦੇਖ ਸਕੀਤਾ ਹੈ ਅਰੁ ਹਾਥਹੁ ਕਰ ਨਹੀ ਪਛਾਣਯਾ ਜਾਤਾ। ਬਹੁੜਿ ਊਹਾਂ ਜਾਇ ਕਰਿ ਹਾਥੀ ਪਰ ਹਾਥ ਫੇਰਨੇ ਲਾਗੇ। ਤਬ ਕਿਸੀ ਕਾ ਹਾਥ ਕਾਨਹੁ ਅਰੁ ਪਾਵਹੁ ਪਰ ਲਾਗਾ ਅਰੁ ਕਿਸੀ ਕਾ ਹਾਥ ਦਾਂਤਹੁ ਪਰ ਕਾਨਹੁ ਪਰ ਪਹੁਚਾ, ਕਿਸੀ ਕਾ ਹਾਥ ਨਾਕ ਪਰ। ਇਸੀ ਪ੍ਰਕਾਰ ਹਾਥੀ ਕੂੰ ਦੇਖ ਕਰ ਪ੍ਰਸਪਰਿ ਪੂਛਣੇ ਲਾਗੇ ਜੋ ਹੇ ਭਾਈ ਵਹੁ ਹਾਥੀ ਕੈਸਾ ਥਾ। ਤਬ ਜਿਸ ਨੇ ਪਾਵਹੁ ਕੂੰ ਪਕੜਯਾ ਥਾ ਸੋ ਕਹਣੈ ਲਾਗਾ ਜੋ ਹਾਥੀ ਵਡੇ ਥੰਭ ਕੀ ਨਯਾਈ ਹੈ ਅਰੁ ਜਿਸ ਨੇ ਕਾਨਹੁ ਕੂੰ ਪਕੜਯਾ ਥਾ ਸੋ ਹਾਥੀ ਕੂੰ ਪਖੇ ਕੀ ਨਯਾਈ ਕਹਣੇ ਲਾਗਾ। ਅਰੁ ਜਿਸ ਕਾ ਹਾਥ ਦਾਂਤਹੁ ਪਰ ਪਹੁਚਯਾ ਥਾ ਤਬ ਵਹੁ ਮੂਸਲ ਕੀ ਨਯਾਈ ਵਰਨਨ ਕਰਨੇ ਲਾਗਾ ਅਰੁ ਜਿਸ ਨੇ ਸੂੰਡ ਕੂੰ ਪਕੜਯਾ ਥਾ ਸੋ ਦਗਲਾ ਕੀ ਵਾਹੁਲੀ ਕਹਣੇ ਲਾਗਾ। ਐਸੇ ਹੀ ਕਹ ਕਰ ਆਪਸ ਮੈ ਝਗੜਾ ਕਰਨੇ ਲਾਗੇ। ਪਰ ਜਬ ਵੀਚਾਰੁ ਕਰ ਦੇਖੀਏ ਤਬ ਏਕ ਭਾਵ ਕਰਕੇ ਉਨ ਕਾ ਕਹਣਾ ਸਾਚੁ ਹੈ ਅਰੁ ਏਕ ਭਾਵ ਕਰਕੇ ਮਿਥਯਾ ਹੈ ਕਾਹੇ ਤੇ, ਜੋ ਉਨਹੁ ਨੇ ਏਕ ਏਕ ਅੰਗ ਕੂੰ ਪਛਾਣਯਾ ਥਾ ਅਰੁ ਹਾਥੀ ਕੂੰ ਸੰਪੂਰਨ ਦੇਖਤ ਨਹੀ ਭਏ ਥੇ। ਤੈਸੇ ਹੀ ਵੈਦ ਅਰੁ ਜੋਤਕੀ ਕੀ ਦ੍ਰਿਸਟ ਭਗਵੰਤ ਕੇ ਏਕ ਏਕ ਟਹਲੁਏ ਕੇ ਈਸਵਰਜ ਕੂੰ ਦੇਖ ਕਰ ਅਸਚਰਜ ਹੁਏ ਤਾਂ ਤੇ ਉਸੀ ਕੂੰ ਪਾਤਸਾਹ ਜਾਨਤ ਭਏ। ਪਰੁ ਜਿਸ ਕੂੰ ਭਗਵੰਤ ਨੇ ਸੀਧਾ ਮਾਰਗੁ ਦਿਖਾਇਆ ਹੈ ਸੋ ਸਭਨ ਕੀ ਨੀਚਤਾ ਅਰੁ ਪ੍ਰਾਧੀਨਤਾ ਕੂੰ ਪਛਾਣਤਾ ਹੈ। ਅਰੁ ਯਹੁ ਭੀ ਜਾਣਤਾ ਹੈ ਜੋ ਕੋਈ ਪ੍ਰਾਧੀਨਤਾ ਹੈ ਸੋ ਪਾਤਸਾਹ ਨਹੀ ਕਹੀਤਾ। ਤਾਂ ਤੇ ਇਨ ਕੇ ਊਪਰ ਈਸੁਰ ਅਵਰ ਹੈ। 4 ।

'ਚਲਦਾ'

('ਪਾਰਸ ਭਾਗ' ਵਿਚੋਂ ਧੰਨਵਾਦ ਸਹਿਤ)

* * * * *

ਜੇ ਤੁਸੀਂ ਉਚਾ ਬਣਨਾ ਲੋਚਦੇ ਹੋ ਤਾਂ ਪਹਿਲਾਂ ਆਪ ਸਭਨਾਂ ਦੇ ਚਰਨਾਂ ਦੀ ਧੂੜ ਬਣੋ।

# ਕੇਸ ਪਰਸੰਗ
# (ਕੇਸ ਵਿਸ਼ੇਸ਼ ਸਭਨ ਤੇ ਜਾਨੋ)

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 15)*

## ਹਿਕਮਤ ਤੇ ਕੇਸ

ਸਿਆਣੇ ਹਕੀਮ ਤੇ ਵੈਦ ਰੇਸ਼ੇ, ਨਜ਼ਲੇ ਤੇ ਜ਼ੁਕਾਮ ਆਦਿ ਦੇ ਰੋਗਾਂ ਦਾ ਇਕ ਕਾਰਨ ਕੇਸ ਕਟਵਾਨਾ ਵੀ ਦਸਦੇ ਹਨ। ਇਹ ਗੱਲ ਪਿਛਲੇ ਸੌ ਸਾਲਾਂ ਤੋਂ ਲਿਖਤਾਂ ਵਿਚ ਚਲੀ ਆ ਰਹੀ ਹੈ ਕਿ ਕੇਸ ਰੇਸ਼ੇ ਵਾਲੇ ਮਰੀਜ਼ ਨੂੰ ਬਹੁਤ ਫਾਇਦਾ ਕਰਦੇ ਹਨ ਅਤੇ ਇਹ ਰੋਗ ਨਿਸਬਤਨ ਉਹਨਾਂ ਲੋਕਾਂ ਨੂੰ ਘਟ ਹੁੰਦਾ ਹੈ ਜਿਹਨਾਂ ਦੇ ਕੇਸ ਹਨ। ਅੱਜ ਦੀ ਵਿਗਿਆਨਕ ਖੋਜ ਇਸ ਖੇਤਰ ਵਿਚ ਭਲੀ ਪ੍ਰਕਾਰ ਰੌਸ਼ਨੀ ਪਾ ਸਕਦੀ ਹੈ। ਡਾਕਟਰੀ ਖੋਜ ਦੇ ਆਧਾਰ ਤੇ ਇਤਨੀ ਗੱਲ ਜ਼ਰੂਰ ਸਾਹਮਣੇ ਆ ਚੁਕੀ ਹੈ ਕਿ ਕੇਸਾਂ ਦੀ ਸਿਹਤ ਤੇ ਨਰੋਏ ਰਹਿਣ ਦਾ ਦਾਰੋਮਦਾਰ ਮਨੁੱਖੀ ਗਲੇ ਦੀਆਂ ਗੰਠੀਆਂ ਨਾਲ ਬਹੁਤ ਤੀਬਰ ਪ੍ਰਕਾਰ ਦਾ ਹੈ ਅਤੇ ਜੇਕਰ ਗਲੇ ਨੂੰ ਖਰਾਬ ਹੋਣ ਤੋਂ ਬਚਾਇਆ ਜਾ ਸਕੇ ਤਾਂ ਨਤੀਜੇ ਵਜੋਂ ਕੇਸ ਬਹੁਤ ਅਰਸੇ ਤਕ ਵਧੇਰੇ ਕਾਲੇ, ਸ਼ਕਤੀਸ਼ਾਲੀ ਤੇ ਸਿਹਤਮੰਦ ਰਹਿ ਸਕਦੇ ਹਨ ਅਤੇ ਆਪਣੇ ਕਾਰਜ ਵਧੇਰੇ ਸੁਗਮਤਾ ਨਾਲ ਨਿਭਾ ਸਕਦੇ ਹਨ। ਯੁਜਰ ਤੇ ਅਥਰਵਣ ਵੇਦਾਂ ਵਿਚ ਇਸੇ ਨਜ਼ਰੀਏ ਦੇ ਕਈ ਥਾਂਈ ਹਵਾਲੇ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਦੇਹ ਅਰੋਗਤਾ, ਤੇਜ਼ ਬਲ ਤੇ ਪਰਤਾਪ ਵਧਾਉਣ ਲਈ ਕੇਸਾਂ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਕੇਸ ਬੀਜੇ ਨਹੀਂ ਜਾਂਦੇ, ਇਸ ਲਈ ਇਨ੍ਹਾਂ ਦਾ ਪੁਟਣਾ ਜਾਂ ਕੱਟਣਾ ਉਚਿਤ ਨਹੀਂ। ਇਹ ਸਰੀਰ ਦਾ ਅਟੁੱਟ ਅੰਗ ਹਨ, ਸ਼ਕਤੀ ਤੇ ਸੂਰਮਗਤੀ ਦੀ ਪ੍ਰਦਰਸ਼ਨੀ ਹਨ, ਸਮਾਜਿਕ ਸ਼ਾਨ ਦੇ ਸੂਚਕ ਹਨ, ਮਾਨਸਿਕ ਸਹਿਜਤਾ ਦੇ ਅੰਗੀ ਸੰਗੀ ਹਨ ਅਤੇ ਭਾਰਤ ਦੀ ਸੰਸਕ੍ਰਿਤਕ ਅਮੀਰੀ ਦੀ ਮਿਸਾਲ ਹਨ। ਜਿਸ ਧਰਮ ਦਾ ਮਨੋਰਥ ਸੰਤ ਸਿਪਾਹੀ ਪੈਦਾ ਕਰਨ ਦਾ ਹੋਵੇ ਉਸ ਲਈ ਕੇਸਾਂ ਦੀ ਸ਼ਾਨ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ, ਇਨ੍ਹਾਂ ਦੀ ਕੀਮਤ ਤਾਂ ਗੁਰੂ ਗੋਬਿੰਦ ਸਿੰਘ ਜੀ ਜਾਣਦੇ ਹਨ ਜਾਂ ਉਨ੍ਹਾਂ ਦੀ ਖਾਲਸਾ ਫੌਜ। ਅੰਮ੍ਰਿਤ ਤੇ ਕੇਸਾਂ ਦੀ ਦਾਤ ਪਾ ਕੇ ਖਾਲਸਾ ਦੇਸ਼ ਦੀ ਨਹੀਂ ਸਗੋਂ ਮਨੁਖਤਾ ਦੀ ਰਾਖੀ ਲਈ ਮੋਹਰਬੰਦ ਹੋ ਗਿਆ। ਇਹ ਕੇਸ ਉਸ ਦੀ ਪਹਿਚਾਣ ਬਣ ਗਏ। ਇਹ ਉਸ ਲਈ ਝੂਲਤੇ ਨਿਸ਼ਾਨ ਦਾ ਰੋਲ ਅਦਾ ਕਰਨ ਲਗ ਪਏ। ਖਾਲਸਾ ਲੱਖਾਂ ਵਿਚ ਖਲੋਤਾ ਵੀ ਪਹਿਚਾਣਿਆ ਜਾਣ ਲਗਾ। ਉਹ ਭਾਰਤ ਦਾ ਵਾਰਸ ਅਖਵਾਉਂਦਾ ਤੇ ਜਰਵਾਣਿਆਂ ਨਾਲ ਜੂਝਦਾ ਤੇ ਸਵਾ-ਸਵਾ ਲੱਖ ਦੇ ਮੇਚ ਹੋ ਖੜ੍ਹਦਾ। ਕੇਸਾਂ ਵਾਲੇ ਰੂਪ ਵਿਚ ਪ੍ਰਵੇਸ਼ ਕਰਕੇ ਉਸਨੇ ਆਪਣੀ ਭਗਤੀ ਤੇ ਸ਼ਕਤੀ ਦੀਆਂ ਦੂਰ-ਦੂਰ ਤਕ ਧਾਂਕਾਂ ਜਮਾ ਦਿਤੀਆਂ। ਦੁਨੀਆਂ ਉਸ ਦੇ ਕਾਰਨਾਮਿਆਂ ਤੋਂ ਚਕਰਤ ਹੋ ਗਈ ਤੇ ਹਰ ਇਤਿਹਾਸਕਾਰ ਨੇ ਚਾਹੁੰਦੇ ਜਾਂ ਨਾ ਚਾਹੁੰਦੇ ਹੋਏ ਵੀ ਖਾਲਸੇ ਦੇ ਸੋਹਲੇ ਗਾਏ। ਕੇਸ ਗੁਰੂ ਦੇ ਸਿੰਘਾਂ ਲਈ ਅਣਖ ਤੇ ਮਾਣ ਦਾ ਸਰੂਪ ਬਣ ਗਏ। ਹੁਣ ਤਾਂ ਹਰ ਕੋਈ ਜਾਣ ਗਿਆ ਹੈ ਕਿ ਸਿੱਖ ਕੌਮ ਦੀ ਸ਼ਕਤੀ ਕੇਸਾਂ ਵਿਚ ਸਮੋਈ ਪਈ ਹੈ। ਜਦ ਤਕ ਕੇਸ ਸੁਰਖਿਅਤ ਹਨ, ਕੌਮ ਬਲਵਾਨ ਤੇ ਮਹਾਨ ਹੈ। ਕੇਸਾਂ ਦੀ ਦਾਤ ਬਖਸ਼ ਕੇ ਤਾਂ ਗੁਰੂ ਸਾਹਿਬਾਨ ਨੇ ਸਿੱਖ ਨੂੰ ਬਾਹਰੋਂ ਮਜ਼ਬੂਤ ਅਤੇ ਅੰਦਰੋਂ ਸੁਦ੍ਰਿੜ ਕਰ ਦਿਤਾ ਹੈ।

## ਕੇਸ ਅਤੇ ਸੂਰਜੀ ਤੇ ਚੰਦਰਮਾ ਸ਼ਕਤੀ

ਜਿਸ ਤਰ੍ਹਾਂ ਸੂਰਜੀ ਸ਼ਕਤੀ ਦਾ ਕੇਂਦਰ ਬਿੰਦੂ ਸਿਰ ਦੀ ਚੋਟੀ ਨੂੰ ਮੰਨਿਆ ਗਿਆ ਹੈ ਉਸੇ ਤਰ੍ਹਾਂ ਚੰਦਰਮਾ ਦੀ ਸ਼ਕਤੀ ਦਾ ਕੇਂਦਰ ਬਿੰਦੂ ਠੋਡੀ ਨੂੰ ਸਮਝਿਆ ਜਾਂਦਾ ਹੈ। ਇਸ ਲਈ ਜਿਵੇਂ ਸਿਰ ਦੇ ਵਾਲ ਸੂਰਜ ਤੋਂ ਸ਼ਕਤੀ ਗ੍ਰਹਿਣ ਕਰਕੇ ਸਰੀਰ ਨੂੰ ਦਿੰਦੇ ਹਨ, ਉਸੇ ਤਰ੍ਹਾਂ ਦਾਹੜੀ ਦੇ ਰੋਮ ਚੰਦਰਮਾ ਦੀ ਸ਼ਕਤੀ ਨੂੰ ਸਰੀਰ ਵਿਚ ਲਿਆਉਂਦੇ ਹਨ ਅਤੇ ਇਹਨਾਂ ਵਿਚ ਇਕ ਹੋਰ ਖੂਬੀ ਇਹ ਹੁੰਦੀ ਹੈ ਕਿ ਇਹ ਵਾਤਾਵਰਨ ਵਿਚ ਭਰੀਆਂ ਪਈਆਂ ਨੁਕਸਾਨਦੇਹ ਤਰੰਗਾਂ ਆਦਿ ਨੂੰ ਦਿਮਾਗ ਵਿਚ ਜਾਣ ਤੋਂ ਰੋਕਦੇ ਹਨ ਜਿਸ ਦੇ ਫਲਸਰੂਪ ਗਮਗੀਨੀ, ਅਧਿਕ ਭਾਵਕਤਾ, ਨਿਮੋਝੂਣਤਾ ਤੇ ਮਾਨਸਿਕ ਬਿਖੜੇਪਨ ਨੂੰ ਠੱਲ ਪੈਂਦੀ ਹੈ ਅਤੇ ਦਲੇਰੀ, ਖੁਸ਼ਤਬੀਅਤੀ, ਖੁਸ਼ਅਸਲੂਬੀ, ਚੜ੍ਹਦੀ ਕਲਾ ਤੇ ਉਦਮਸ਼ੀਲਤਾ ਵਰਗੇ ਗੁਣ ਉਤਪੰਨ ਹੁੰਦੇ ਹਨ। ਕਿਉਂਕਿ ਸਿਰ, ਦਾਹੜੀ ਤੇ ਮੁੱਛਾਂ ਦੇ ਰੋਮਾਂ ਦੇ ਕਰਤੱਵ ਵੱਖਰੇ-ਵੱਖਰੇ ਹਨ, ਇਸ ਲਈ ਇਨ੍ਹਾਂ ਦੀ ਬਣਤਰ ਵੀ ਵੱਖਰੀ ਵੱਖਰੀ ਪਰਕਾਰ ਦੀ ਹੈ। ਹਰ ਕੋਈ ਅਸਾਨੀ ਨਾਲ ਸਿਰ ਦੇ ਵਾਲਾਂ ਤੇ ਦਾਹੜੀ ਦੇ ਰੋਮਾਂ ਦਾ ਨਖੇੜ ਕਰ ਸਕਦਾ ਹੈ। **ਅਮਰੀਕਾ ਦੇ ਸਨਜੋਜ਼ ਸਟੇਟ ਵਿਸ਼ਵ ਵਿਦਿਆਲੇ ਦੇ ਇਕ ਮਨੋਵਿਗਿਆਨ ਦੇ ਅਧਿਆਪਕ ਮੈਲਿਗਰੀਨੀ ਨੇ ਦਾਹੜੀ ਦੇ ਪ੍ਰਭਾਵਾਂ ਬਾਰੇ ਜਿਹੜੀ ਵਿਸ਼ਾਲ ਖੋਜ ਕੀਤੀ ਹੈ,** ਉਸਦਾ ਨਿਸ਼ਕਰਸ਼ ਵੀ ਇਹੀ ਨਿਕਲਦਾ ਹੈ ਕਿ ਮਨੁੱਖ ਦੇ ਚਿਹਰੇ ਤੇ ਦਾਹੜੀ ਦਾ ਹੋਣਾ ਉਸਦੀ ਮਰਦਾਨਗੀ ਤੇ ਰੋਅਬ ਦਾਬ ਨੂੰ ਚਾਰ ਚੰਨ ਲਾ ਦੇਂਦਾ ਹੈ। ਇਕ ਹੋਰ ਪੱਛਮੀ ਦਾਰਸ਼ਨਿਕ ਕਲੀਮੈਂਸ਼ ਤਾਂ ਇਥੋਂ ਤਕ ਕਹਿੰਦਾ ਹੈ ਕਿ ਦਾਹੜੀ ਹਰ ਧਰਮ ਦੇ ਵਿਅਕਤੀਆਂ ਨੂੰ ਪਾਪ ਕਰਨ ਤੋਂ ਵਰਜਦੀ ਤੇ ਬਚਾਉਂਦੀ ਹੈ ਤੇ ਚੰਗੇ ਪਾਸੇ ਵਲ ਅਕਰਸ਼ਤ ਹੋਣ ਲਈ ਪ੍ਰੇਰਿਤ ਕਰਦੀ ਹੈ ਇਸ ਲਈ ਇਸ ਨੂੰ ਰਖਣਾ ਹਰ ਕਿਸੇ ਦੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ। ਇਹ ਚੰਗੇ ਇਖਲਾਕੀ ਜੀਵਨ ਦੀ ਪਰਦਰਸ਼ਨੀ ਵੀ ਹੈ। ਇਸਦੇ ਉਲਟ ਔਰਤਾਂ ਦੀ ਦਾਹੜੀ ਨਹੀਂ ਹੁੰਦੀ। ਇਸ ਲਈ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦਾਹੜੀ ਦੇ ਰੋਮਾਂ ਕਰਕੇ ਜੋ ਸਹਿਜਤਾ ਮਨੁੱਖ ਵਿਚ ਆਉਂਦੀ ਹੈ, ਉਸ ਤੋਂ ਔਰਤਾਂ ਵਾਂਝੀਆਂ ਨਹੀਂ ਰਹਿ ਗਈਆਂ? ਇਹ ਇਨ੍ਹਾਂ ਨਾਲ ਬੇਇਨਸਾਫੀ ਨਹੀਂ? ਨਹੀਂ, ਅਜਿਹਾ ਸ਼ਾਇਦ ਪ੍ਰਮਾਤਮਾ ਨੇ ਇਨ੍ਹਾਂ ਦੀ ਕੋਮਲਤਾ ਅਤੇ ਖੂਬਸੂਰਤੀ ਨੂੰ ਮੁਖ ਰੱਖਦਿਆਂ ਕੀਤਾ ਹੋਵੇਗਾ। ਜੋ ਔਰਤਾਂ ਦੀ ਸੁੰਦਰਤਾ ਠੋਡੀ ਤੇ ਵਾਲ ਨਾ ਆਉਣ ਵਿਚ ਹੈ, ਤਦ ਅਵਸ਼ ਹੀ ਮਰਦਾਂ ਦੀ ਸੁੰਦਰਤਾ ਤੇ ਸੂਰਬੀਰਤਾ ਉਨ੍ਹਾਂ ਦੀ ਦਾਹੜੀ ਦੇ ਰੋਮਾਂ ਤੇ ਨਿਰਭਰ ਕਰਦੀ ਹੈ। ਇਸ ਗਲ ਦਾ ਮੁਆਵਜ਼ਾ ਦੇਣ ਲਈ ਕਿ ਰੱਬ ਨੇ ਔਰਤਾਂ ਨੂੰ ਦਾਹੜੀ ਦੇ ਰੋਮਾਂ ਤੋਂ ਵਾਂਝਿਆਂ

ਰਖ ਕੇ ਸ਼ਕਤੀ ਪ੍ਰਾਪਤੀ ਦੇ ਇਕ ਵਡਮੁਲੇ ਸੋਮੇ ਤੋਂ ਹੀਣਾ ਕਰ ਦਿਤਾ ਹੈ, ਇਸ ਨੁਕਸਾਨ ਦੀ ਭਰਪਾਈ ਲਈ ਵਾਹਿਗੁਰੂ ਨੇ ਔਰਤਾਂ ਦੇ ਤਾਂਤਰਿਕ ਸਿਸਟਮ ਨੂੰ ਆਦਮੀ ਦੇ ਤਾਂਤਰਿਕ ਸਿਸਟਮ (Nervous-System) ਨਾਲੋਂ 16 ਗੁਣਾਂ ਜ਼ਿਆਦਾ ਮਜ਼ਬੂਤ ਬਣਾ ਦਿਤਾ। ਹੋ ਸਕਦਾ ਹੈ ਇਸੇ ਕਾਰਨ ਹੀ ਔਰਤਾਂ, ਮਰਦਾਂ ਦੇ ਮੁਕਾਬਲੇ ਵਿਚ ਜ਼ਿਆਦਾ ਮਲੂਕ, ਸਹਿਨਸ਼ੀਲ, ਹਲੀਮ ਤੇ ਮਿੱਠ ਬੋਲੜੀਆਂ ਹਨ, ਜੋ ਕੇ ਔਰਤਾਂ ਦੇ ਮੂਲ ਤੇ ਦਿਲ ਖਿਚਵੇਂ ਗੁਣ ਹਨ। ਸੰਖੇਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਸਰੀਰ ਦੇ ਰੋਮਾਂ ਦੀਆਂ ਖੂਬੀਆਂ ਤੋਂ ਮਨੁੱਖ ਵਲੋਂ ਜਿਤਨਾ ਵੱਧ ਤੋਂ ਵੱਧ ਲਾਭ ਲਿਆ ਜਾ ਸਕਦਾ ਹੈ, ਉਹ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਬੇਨਜ਼ੀਰ ਸੂਰਜੀ ਊਰਜਾ ਨੂੰ ਸ਼ੁਧ ਕਰ ਕੇ ਸਰੀਰ ਵਿਚ ਸਿਧਾ ਹੀ ਲੈ ਜਾਣ ਦੀ ਸਮਰੱਥਿਆ ਰਖਦੇ ਹਨ। ਇਹ ਸ਼ਕਤੀ ਸਾਰੇ ਸਰੀਰ ਨੂੰ ਨੌ-ਬਰ-ਨੌ ਰੱਖਣ ਦੇ ਨਾਲ ਨਾਲ ਕੀਟ ਨਾਸ਼ਕ ਵੀ ਹੁੰਦੀ ਹੈ ਤੇ ਕਈ ਬੀਮਾਰੀਆਂ ਦੇ ਕਿਟਾਣੂਆਂ ਤੇ ਜੀਵਾਣੂਆਂ ਦਾ ਵਿਨਾਸ਼ ਕਰਨ ਦੀ ਸਮਰਥਾ ਰਖਦੀ ਹੈ। ਇਸ ਲਈ ਇਹ ਗੱਲ ਵੀ ਦਰੁਸਤ ਹੈ ਕਿ ਸਰੀਰ ਦੇ ਰੋਮਾਂ ਨੂੰ ਜਿਤਨਾ ਵੱਧ ਤੋਂ ਵੱਧ ਸੂਰਜੀ ਊਰਜਾ ਦੇ ਸੰਪਰਕ ਵਿਚ ਰਖਿਆ ਜਾ ਸਕੇ, ਉਤਨਾ ਹੀ ਲਾਹੇਵੰਦ ਰਹੇਗਾ। ਭਾਵੇਂ ਕਟੇ ਹੋਏ ਰੋਮ ਵੀ ਆਪਣੇ ਸੁਭਾਅ ਤੇ ਕਰਮ ਅਨੁਸਾਰ ਇਸੇ ਅਮਲ ਵਿਚ ਲਗੇ ਰਹਿੰਦੇ ਹਨ ਪਰ ਪੂਰਨ ਰੋਮ ਇਸ ਕਿਰਿਆ ਨੂੰ ਵਧੇਰੇ ਚੰਗੇ ਢੰਗ ਨਾਲ ਤੇ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਸਹਿਤ ਕਰਨ ਦੀ ਬਹੁਤ ਵੱਧ ਸਮਰਥਾ ਰਖਦੇ ਹਨ। ਵਾਤਾਵਰਨ ਦੇ ਤੇਜ਼ੀ ਨਾਲ ਪਰਦੂਸ਼ਤ ਹੋਣ ਦੇ ਅਮਲ ਨੂੰ ਧਿਆਨ ਵਿਚ ਰਖਦੇ ਹੋਏ ਸਾਨੂੰ ਪੂਰਨ ਕੇਸ ਰੱਖਣ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਵਰਨਾ ਅਸੀਂ ਬਹੁਤ ਲੇਟ ਹੋ ਜਾਵਾਂਗੇ।

**ਕੇਸਾਂ ਦੀ ਬਣਤਰ ਦੀ ਸਮਗਰੀ**

ਕੇਸਾਂ ਉਤੇ ਖੋਜ ਕਰਨ ਵਾਲਿਆਂ ਨੇ ਇਸ ਤੱਥ ਨੂੰ ਸਵੀਕਾਰ ਕੀਤਾ ਹੈ ਕਿ ਕੇਸ ਅਜਿਹੇ ਮੈਟੀਰੀਅਲ ਦੇ ਬਣੇ ਹਨ ਜਿਸ ਵਿਚ ਸਰੀਰ ਨੂੰ ਗਰਮੀ ਅਤੇ ਸਰਦੀ ਦੋਹਾਂ ਤੋਂ ਬਚਾ ਕੇ ਰੱਖਣ ਦੀ ਸਿਫਤ ਮੌਜੂਦ ਹੈ। ਇਸੇ ਲਈ ਕੇਸਾਂ ਨੂੰ ਸਰੀਰ ਵਿਚ ਗਰਮੀ ਤੇ ਸਰਦੀ ਲੈ ਜਾਣ ਦਾ ਸੁਚਾਲਕ ਕਿਹਾ ਜਾਣ ਲਗ ਪਿਆ ਹੈ। (Hair are good conductors of heat and cold for the body) ਜਦੋਂ ਮੌਸਮ ਸਰਦ ਹੋ ਜਾਂਦਾ ਹੈ ਤਾਂ ਇਸ ਮੈਟੀਰੀਅਲ ਵਿਚਲੇ ਉਹ ਤੱਤ ਸਰਗਰਮ ਹੋ ਜਾਂਦੇ ਹਨ ਜਿਹੜੇ ਆਪਣੇ ਰਾਹੀਂ ਸਰੀਰ ਨੂੰ ਅਤੇ ਵਿਸ਼ੇਸ਼ ਕਰਕੇ ਦਿਮਾਗ ਨੂੰ ਗਰਮ ਰੱਖਣ ਲਈ ਕਾਰਜ ਕਰਨ ਲਗ ਜਾਂਦੇ ਹਨ ਅਤੇ ਹੈਰਾਨੀ ਦੀ ਗੱਲ ਹੈ ਕਿ ਗਰਮੀਆਂ ਵਿਚ ਇਹ ਕਿਰਿਆ ਕਰਮ ਉਲਟ ਹੋ ਜਾਂਦਾ ਹੈ। ਅਸੀਂ ਆਮ ਦੇਖਦੇ ਹਾਂ ਕਿ ਜਦ ਅਸੀਂ ਸਖਤ ਗਰਮੀ ਤੇ ਧੁੱਪ ਵਿਚ ਚਲਦੇ ਫਿਰਦੇ ਹਾਂ ਤਾਂ ਸਿਰ ਦੇ ਵਾਲਾਂ ਵਿਚ ਪਸੀਨਾ ਜਿਹਾ ਆ ਜਾਂਦਾ ਹੈ ਜੋ ਕੇਸਾਂ ਵਿਚ ਰਲ ਕੇ ਇਕ ਤਾਂ ਕੇਸਾਂ ਨੂੰ ਬਹੁਤਾ ਗਰਮ ਨਹੀਂ ਹੋਣ ਦੇਂਦਾ ਤੇ ਨਾਲ ਹੀ ਦਿਮਾਗ ਨੂੰ ਸਿਧਾ ਤਪਸ਼ ਤੇ Sun Stroke ਤੋਂ ਬਚਾਉਣ ਲਈ ਉਸ ਵਿਚ ਲੋੜ ਮੁਤਾਬਿਕ ਨਮੀ ਜਾਂ ਗਿੱਲ ਜਿਹੀ ਪੈਦਾ ਕਰੀ ਰਖਦਾ ਹੈ। ਇਹੀ ਕਾਰਨ ਹੈ ਕਿ ਕੇਸ-ਧਾਰੀਆਂ ਤੇ ਦਸਤਾਰ-ਧਾਰੀਆਂ ਨੂੰ ਬਹੁਤੀ ਗਰਮੀ ਵਿਚ ਵੀ ਸਨ ਸਟਰੋਕ ਜਾਂ ਲੂ ਆਦਿ ਲਗਣ ਦਾ ਖਤਰਾ ਘਟ ਹੁੰਦਾ ਹੈ। ਇਸ ਦੇ ਉਲਟ ਜਦ ਬਹੁਤ ਸਰਦੀ ਹੁੰਦੀ ਹੈ ਤਾਂ ਸਾਡੇ ਲੰਮੇ ਲੰਮੇ ਕੇਸ, ਕੇਸਾਂ ਦੁਆਰਾ ਖਿੱਚੀ ਸੂਰਜੀ ਗਰਮੀ ਨੂੰ ਸਿਰ ਵਿਚ ਸਮੋ ਕੇ ਉਸ ਦਾ ਤਾਪਮਾਨ ਗਰਮ ਜਿਹਾ ਬਣਾਈ ਰਖਦੇ ਹਨ ਜਿਸ ਕਾਰਨ ਸਾਨੂੰ ਸਰਦੀ ਘਟ ਲਗਦੀ ਹੈ। ਜਦ ਬਹੁਤ ਸਰਦੀ ਵਿਚ ਅਸੀਂ ਠਠੰਬਰ ਰਹੇ ਹੁੰਦੇ ਤਾਂ ਉਸ ਵਕਤ ਸਰੀਰ ਦੇ ਸਾਰੇ ਰੋਮ ਵਧ ਤੋਂ ਵਧ ਰੂਪ ਵਿਚ ਸਰਗਰਮ ਹੋਏ ਹੁੰਦੇ ਹਨ ਤੇ ਠੰਡ ਦਾ ਟਾਕਰਾ ਕਰ ਰਹੇ ਹੁੰਦੇ ਹਨ। ਇਵੇਂ ਹੀ ਜਦ ਅਸੀਂ ਡਰ ਨਾਲ ਕੰਬ ਰਹੇ ਹੁੰਦੇ ਹਾਂ ਤਾਂ ਸਾਡੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਉਸ ਸਮੇਂ ਵੀ ਸਰੀਰ ਦਾ ਇਕ ਇਕ ਰੋਮ ਵਧ ਤੋਂ ਵਧ ਸ਼ਕਤੀ ਵਾਤਾਵਰਨ ਵਿਚੋਂ ਖਿੱਚ ਕੇ ਸਾਡੇ ਸਰੀਰ ਵਿਚ ਲੈ ਜਾਂਦਾ ਹੈ ਤਾਂ ਜੋ ਅਸੀਂ ਡਰ ਜਾਂ ਖਤਰੇ ਦਾ ਵਧੇਰੇ ਦਲੇਰੀ ਨਾਲ ਮੁਕਾਬਲਾ ਕਰ ਸਕੀਏ। ਇਸ ਸਾਰੀ ਆਟੋਮੈਟਿਕ ਕਿਰਿਆ ਨੂੰ ਕੁਦਰਤ ਦਾ ਕਮਾਲ ਸਮਝਿਆ ਜਾ ਸਕਦਾ ਹੈ ਜਾਂ ਇਵੇਂ ਕਹਿ ਲਵੋ ਕਿ ਮਾਨਵਤਾ ਉਤੇ ਉਸਦਾ ਵੱਡਾ ਅਹਿਸਾਨ ਹੈ। ਅਜਿਹਾ ਦੁਰਲਭ ਤੇ ਅਸਚਰਜ ਕਾਰਜ ਕਰਨ ਵਾਲੇ ਕੇਸ ਨਿਮਨ ਚੀਜ਼ਾਂ ਦੇ ਬਣੇ ਹੁੰਦੇ ਹਨ -

| | |
|---|---|
| 1. ਆਕਸੀਜਨ | 28% |
| 2. ਕਾਰਬਨ | 50% |
| 3. ਹਾਈਡਰੋਜਨ | 06% |
| 4. ਨਾਈਟਰੋਜਨ | 11% |
| 5. ਸਲਫਰ/ਗੰਧਕ | 05% |

ਉਕਤ ਤੱਤਾਂ ਤੋਂ ਇਲਾਵਾ ਕੇਸਾਂ ਵਿਚ ਚਿਕਨਾਹਟ ਤੇ ਗਰਮੀ ਵੀ ਹੁੰਦੀ ਹੈ ਅਤੇ ਸਫੇਦ ਹੋਏ ਕੇਸਾਂ ਵਿਚ ਚੂਨੇ ਦੀ ਕੁਝ ਮਾਤਰਾ ਵੀ। ਇਹ ਤਿੰਨੇ ਤੱਤ ਉਕਤ ਨਿਸਬਤ ਨੂੰ ਮਾਮੂਲੀ ਜਿਹਾ ਬਦਲ ਵੀ ਦਿੰਦੇ ਹਨ।

ਜਿਵੇਂ ਕੇਸ ਕਟਵਾਣ ਨਾਲ ਟਰੇਸ ਧਾਤਾਂ ਨਸ਼ਟ ਹੁੰਦੀਆਂ ਹਨ ਉਵੇਂ ਉਹਨਾਂ ਨੂੰ ਕਟਵਾਣ ਨਾਲ ਉਕਤ ਸਮਗਰੀ ਵੀ ਵਿਅਰਥ ਜ਼ਾਇਆ ਹੁੰਦੀ ਹੈ। ਅਮਰੀਕਨ ਡਾਕਟਰ **ਰਾਬਰਟ-ਦਿਲ-ਗਿਰਨੀ** ਅਨੁਸਾਰ ਕੇਸ ਕਟਵਾ ਕੇ ਇਹਨਾਂ ਵਸਤੂਆਂ ਨੂੰ ਜ਼ਾਇਆ ਕਰਨ ਦਾ ਇਹ ਨੁਕਸਾਨ ਹੈ ਕਿ ਅਜਿਹੇ ਮਨੁੱਖ ਕੇਸ ਰਹਿਤ ਮਨੁੱਖਾਂ ਦੇ ਮੁਕਾਬਲੇ ਵਿਚ ਘਟ ਬਹਾਦਰ, ਘਟ ਆਤਮ ਵਿਸ਼ਵਾਸ਼ੀ, ਘਟ ਅਡੋਲ ਚਿਤ, ਘਟ ਮਿਹਨਤੀ ਹੁੰਦੇ ਹਨ। ਇਸ ਉਕਤ ਕਥਨ ਨੂੰ ਜੇ ਯੂਰਪ ਜਾਂ ਪੱਛਮੀ ਲੋਕਾਂ ਤੇ ਘਟਾਇਆ ਜਾਵੇ ਤਾਂ ਹਰ ਕੋਈ ਏਹੀ ਕਹੇਗਾ ਕਿ ਉਹਨਾਂ ਦੇ ਬਹਾਦਰ, ਉਦਮੀ ਹੋਣ ਨੂੰ ਤਾਂ ਉਸ ਹਾਲਤ ਵਿਚ ਸਭ ਮੰਨਦੇ ਹਨ ਜਦ ਕਿ ਉਹਨਾਂ ਦੇ ਕੇਸ ਦਾਹੜੀਆਂ ਮੁਨੀਆਂ ਹੋਈਆਂ ਹਨ। ਇਸ ਦੇ ਉਤਰ ਵਿਚ ਏਹੀ ਕਿਹਾ ਜਾ ਸਕਦਾ ਹੈ ਕਿ ਜੇ ਕਰ ਇਹ ਸੱਜਣ ਕੇਸ ਦਾਹੜੀਆਂ ਕਟਵਾ ਕੇ ਵੀ ਇਤਨੇ ਇਤਨੇ ਬਹਾਦਰ ਤੇ ਸੂਝਵਾਨ ਹਨ ਤਾਂ ਅਵਸ਼ ਹੀ ਇਹ ਕੇਸ ਦਾਹੜੀਆਂ ਰੱਖ ਕੇ ਆਪਣੀ ਮੌਜੂਦਾ ਬਹਾਦਰਾਨਾ ਸਥਿਤੀ ਵਿਚ ਹੈਰਾਨੀਜਨਕ ਵਾਧਾ ਕਰ ਸਕਦੇ ਹਨ। ਅਜ ਵੀ ਪੱਛਮੀ ਸੰਸਾਰ ਵਿਚ ਬਹੁਤ ਨਾਮਵਰ ਦਾਰਸ਼ਨਕ, ਵਿਗਿਆਨੀ, ਖੋਜੀ ਤੇ ਸਾਹਿਤਕਾਰ ਆਦਿ ਕੇਸਾਂ ਦਾਹੜੀਆਂ ਵਾਲੇ ਹੀ ਹਨ।

**'ਚਲਦਾ'**

***(ਸਰੂਪ ਸਿੰਘ ਅਲੱਗ ਰਚਿਤ ਪੁਸਤਕ 'ਕੇਸ ਪਰਸੰਗ' ਵਿਚੋਂ ਧੰਨਵਾਦ ਸਹਿਤ)***

* * * * *

# ਸੰਤ ਬਚਨ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

1961 ਵਿਚ ਜਦੋਂ ਚੰਡੀਗੜ੍ਹ ਦੀਵਾਨ ਲਗ ਰਹੇ ਸਨ, ਅੱਜ ਅੰਮ੍ਰਿਤ ਵੇਲੇ ਬਹੁਤ ਸੰਗਤ ਆਈ ਹੋਈ ਸੀ, ਜਿਨ੍ਹਾਂ ਵਿਚ ਨਾਮ ਜਪਣ ਵਾਲੇ ਸਾਰੀਆਂ ਹੀ ਸੰਪਰਦਾਵਾਂ ਦੇ ਹਿੰਦੂ ਵੀਰ ਅਤੇ ਸਿੱਖ ਵੀਰ ਆਏ ਹੋਏ ਸਨ। ਉਸ ਸਮੇਂ ਮਹਾਂਪੁਰਸ਼ਾਂ ਤੇ ਪ੍ਰਸ਼ਨ ਕੀਤਾ ਗਿਆ – *"ਕਿਤੁ ਬਿਧੀਐ ਕਿਤੁ ਸੰਜਮਿ ਪਾਈਐ॥ ਕਹੁ ਸੁਰਜਨ ਕਿਤੁ ਜੁਗਤੀ ਧਿਆਈਐ॥" (ਪੰਨਾ – 822)* ਆਪ ਜੀ ਨੇ ਉਤਰ ਦਿਤਾ ਕਿ ਇਸ ਮਹਾਂਵਾਕ ਤੋਂ ਪਹਿਲੀਆਂ ਤੁਕਾਂ ਵਿਚ ਜੋ ਫੁਰਮਾਨ ਹੈ ਉਸ ਵਲ ਧਿਆਨ ਕਰਨਾ ਚਾਹੀਦਾ ਹੈ, ਜਿਸ ਵਿਚ ਸੰਕੇਤ ਹੈ –

*ਅਗਮ ਰੂਪ ਅਬਿਨਾਸੀ ਕਰਤਾ*
*ਪਤਿਤ ਪਵਿਤ ਇਕ ਨਿਮਖ ਜਪਾਈਐ॥*
*ਅਚਰਜੁ ਸੁਨਿਓ ਪਰਾਪਤਿ ਭੇਟੁਲੇ*
*ਸੰਤ ਚਰਨ ਚਰਨ ਮਨੁ ਲਾਈਐ॥* *ਪੰਨਾ - 822*

ਇਸ ਵਿਚ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੋ ਸੰਤ ਜਨ ਵਾਹਿਗੁਰੂ ਜੀ ਨਾਲ ਮਿਲੇ ਹੋਏ ਹਨ, ਉਨ੍ਹਾਂ ਦੀ ਸੰਗਤ ਕਰਕੇ ਉਨ੍ਹਾਂ ਨਾਲ ਪਿਆਰ ਕਰਨਾ ਚਾਹੀਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ-

*ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ॥*
*ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ॥*
*ਪੰਨਾ - 709*

ਵਾਹਿਗੁਰੂ ਜੀ ਦਾ ਨਾਮ ਜਪਣ ਨਾਲ, ਸੰਤਾਂ ਦੀ ਸੰਗਤ ਕਰਨ ਨਾਲ, ਭਗਤੀ ਕਰਨ ਨਾਲ; ਵਾਹਿਗੁਰੂ ਜੀ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਵਾਹਿਗੁਰੂ ਜੀ ਦਾ ਧਿਆਨ ਹਿਰਦੇ ਵਿਚ ਟਿਕ ਜਾਵੇ ਤਾਂ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਤੱਤ ਗਿਆਨ ਦੀ ਸੂਝ ਹੋ ਜਾਇਆ ਕਰਦੀ ਹੈ। ਨਾਮ ਜਪਣ ਵਿਚ ਉਤਮ, ਮੱਧਮ ਅਤੇ ਕਨਿਸ਼ਟ ਜਗਿਆਸੂਆਂ ਦਾ ਜੋ ਅਧਿਕਾਰ ਹੈ ਉਸ ਦਾ ਗਿਆਨ ਗੁਰਮੁਖ ਪਿਆਰੇ, ਸੰਤਾਂ, ਮਹਾਂਪੁਰਸ਼ਾਂ ਨੂੰ ਸਹਿਜੇ ਹੀ ਹੁੰਦਾ ਹੈ। ਜੈਸਾ-ਜੈਸਾ ਜਗਿਆਸੂ ਹੋਵੇ ਉਸੇ ਤਰ੍ਹਾਂ ਦੇ ਸਾਧਨ ਛੇਤੀ ਫਲੀਭੂਤ ਹੋਇਆ ਕਰਦੇ ਹਨ। ਉਤਮ, ਮੱਧਮ, ਕਨਿਸ਼ਟ ਅਧਿਕਾਰੀ ਦੇ ਭੇਦ ਵੀ ਸਤੋ, ਰਜੋ, ਤਮੋ ਤਿੰਨ ਗੁਣਾਂ ਦੇ ਭੇਦ ਨਾਲ ਬਹੁਤ ਪ੍ਰਕਾਰ ਦੇ ਹੋਇਆ ਕਰਦੇ ਹਨ। ਉਤਮ ਜਗਿਆਸੂਆਂ ਵਾਸਤੇ ਨਾਮ ਯਾਨਿ ਨਿਰਗੁਨ ਦਾ ਧਿਆਨ, ਅਭੇਦ ਚਿੰਤਨ ਹੋਇਆ ਕਰਦਾ ਹੈ। ਮੱਧਮ ਜਗਿਆਸੂਆਂ ਵਾਸਤੇ ਤਿੰਨ ਕਿਸਮ ਦਾ ਧਿਆਨ ਹੋਇਆ ਕਰਦਾ ਹੈ। ਪਹਿਲਾ ਧਿਆਨ ਪ੍ਰਤੀਕ, ਦੂਸਰਾ ਸੰਪਤ ਅਤੇ ਤੀਸਰਾ ਅਹੰਗ੍ਰਹਿ ਧਿਆਨ ਹੋਇਆ ਕਰਦਾ ਹੈ। ਇਨ੍ਹਾਂ ਤਿੰਨਾਂ ਧਿਆਨਾਂ ਨੂੰ 'ਧਿਆਨ' ਆਖਿਆ ਜਾਂਦਾ ਹੈ। ਕਨਿਸ਼ਟ (ਤੀਸਰੇ ਦਰਜੇ ਦੇ) ਅਧਿਕਾਰੀਆਂ ਨੂੰ ਸਿਮਰਨ ਯਾਨਿ ਕਿ ਰਸਨਾ ਨਾਲ ਨਾਮ ਜਪਣਾ, ਹਿਰਦੇ ਵਿਚ ਜਪਣਾ ਅਤੇ ਅਜਪਾ ਜਾਪ ਹੋਇਆ ਕਰਦਾ ਹੈ। ਇਨ੍ਹਾਂ ਤਿੰਨਾਂ ਨੂੰ ਜਾਪ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਹੀ ਨੌਧਾ ਭਗਤੀ ਆ ਜਾਇਆ ਕਰਦੀ ਹੈ। ਭਗਤੀ ਦੋ ਪ੍ਰਕਾਰ ਦੀ ਹੁੰਦੀ ਹੈ। ਇਕ ਭਗਤੀ ਨੂੰ 'ਪਰਾ ਭਗਤੀ' ਕਿਹਾ ਜਾਂਦਾ ਹੈ, ਇਸੇ ਨੂੰ ਅੰਨਨ ਭਗਤੀ ਆਖਿਆ ਜਾਂਦਾ ਹੈ। ਨਿਰੰਤਰ ਇਕ ਰਸ ਭਗਤੀ ਨੂੰ ਪਰਾ ਭਗਤੀ ਕਿਹਾ ਜਾਂਦਾ ਹੈ। ਉਸਦਾ ਅਧਿਕਾਰੀ ਗਿਆਨਵਾਨ ਹੀ ਹੋਇਆ ਕਰਦਾ ਹੈ, ਦੂਸਰਾ ਨਹੀਂ ਹੋਇਆ ਕਰਦਾ। ਦੂਸਰੀ ਭਗਤੀ ਜਿਸਨੂੰ 'ਅਪਰਾ ਭਗਤੀ' ਆਖਿਆ ਜਾਂਦਾ ਹੈ। ਇਹ ਬਿਰਲ (ਦ੍ਵੈਤ) ਭਗਤੀ ਹੋਇਆ ਕਰਦੀ ਹੈ। ਇਸਦਾ ਅਧਿਕਾਰੀ ਜਗਿਆਸੂ, ਅਰਥਾਰਥੀ, ਆਤਰ, ਆਰਤ, ਗਿਆਨੀ ਸਾਰੇ ਹੀ ਹੋਇਆ ਕਰਦੇ ਹਨ। ਕਈ ਮਹਾਂਪੁਰਸ਼ਾਂ ਨੇ ਚਾਰ ਪ੍ਰਕਾਰ ਦੇ ਭਜਨੀਕ ਲਿਖੇ ਹਨ ਜਿਵੇਂ ਕਿ –

**1. ਕਨਿਸ਼ਟ ਭਜਨੀਕ** – ਜਿਨ੍ਹਾਂ ਦਾ ਭਜਨ ਪਾਠ ਵੇਲੇ ਮਨ ਟਿਕਦਾ ਨਹੀਂ ਪਰ ਉਹ ਬਿਨਾਂ ਮਨ ਨੂੰ ਟਿਕਾਏ ਹੀ ਬਾਣੀਆਂ ਦਾ ਪਾਠ ਕਰਦੇ ਹਨ। ਥੋੜ੍ਹਾ ਬਹੁਤਾ ਸਿਮਰਨ ਵੀ ਕਰਦੇ ਹਨ ਪਰ ਉਹ ਇਹ ਧਿਆਨ ਨਹੀਂ ਦਿੰਦੇ ਕਿ ਉਨ੍ਹਾਂ ਦਾ ਮਨ ਪਾਠ ਕਰਨ ਸਮੇਂ ਟਿਕਿਆ ਹੋਇਆ ਹੈ ਜਾਂ ਉਡਾਰੀਆਂ ਹੀ ਮਾਰ ਰਿਹਾ ਹੈ। ਉਨ੍ਹਾਂ ਦੇ, ਸੰਗਤ ਕਰਨ ਨਾਲ, ਅਜਿਹੇ ਸੰਸਕਾਰ ਬਣ ਜਾਂਦੇ ਹਨ ਕਿ ਭਜਨ ਕਰਨਾ ਚਾਹੀਦਾ ਹੈ, ਨਿਤਨੇਮ ਕਰਨਾ ਚਾਹੀਦਾ ਹੈ, ਬਾਣੀ ਦਾ ਪਾਠ ਕਰਨਾ ਚਾਹੀਦਾ ਹੈ ਪਰ ਇਸ ਗੱਲ ਦਾ ਉੱਕਾ ਹੀ ਗਿਆਨ ਨਹੀਂ ਹੁੰਦਾ ਕਿ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥* *ਪੰਨਾ - 295*

ਇਸ ਕਿਸਮ ਦੇ ਭਜਨੀਕ ਪੁਰਸ਼ ਵਿਕਾਰਾਂ ਤੋਂ ਬਚਣ ਦਾ ਜਤਨ ਵੀ ਕਰਦੇ ਹਨ, ਸਤਿਸੰਗ ਵਿਚ ਆ ਕੇ ਮਹਾਂਪੁਰਸ਼ਾਂ ਦੇ ਬਚਨ ਵੀ ਸਰਵਣ ਕਰਦੇ ਹਨ, ਉਪਰੋਂ-ਉਪਰੋਂ ਸੇਵਾ ਵੀ ਕਰਦੇ ਹਨ; ਗਿਆਨ, ਵਿਚਾਰ ਦੀਆਂ ਥੋੜ੍ਹੀਆਂ ਬਹੁਤ ਗੱਲਾਂ ਵੀ ਕਰਦੇ ਹਨ ਪਰ ਮਨ ਨੂੰ ਟਿਕਾਣ ਵਾਸਤੇ ਨਾ ਤਾਂ ਮਹਾਂਪੁਰਸ਼ਾਂ ਤੋਂ ਕੋਈ ਜੁਗਤ ਹੀ ਪੁਛਦੇ ਹਨ ਸਗਮਾਂ ਆਪੇ ਹੀ ਲਗੇ ਰਹਿੰਦੇ ਹਨ। ਇਹ ਕਨਿਸ਼ਟ ਭਜਨੀਕ ਨਾ ਕਰਨ ਵਾਲਿਆਂ ਨਾਲੋਂ ਕੁਝ ਅੱਛੇ ਹੋਇਆ ਕਰਦੇ ਹਨ। ਹੋ ਸਕਦਾ ਹੈ ਕਿ ਇਸ ਤਰ੍ਹਾਂ ਕਰਦਿਆਂ ਦੀ ਆਦਤ ਪੱਕ ਜਾਵੇ ਤੇ ਕਦੇ ਕੋਈ ਤੱਤ ਬੇਤਾ ਮਹਾਂਪੁਰਸ਼ ਮਿਲ ਜਾਵੇ ਅਤੇ ਇਨ੍ਹਾਂ ਦੇ ਭਾਗ ਜਾਗ ਪੈਣ ਅਤੇ ਇਹ ਜੁਗਤ ਪੁਛ ਕੇ ਮਨ ਨੂੰ ਟਿਕਾ ਕੇ ਭਜਨ ਕਰਨ ਲਗ ਜਾਣ। ਐਸਾ ਵੀ ਹੋ ਸਕਦਾ ਹੈ ਕਿ ਮਹਾਂਪੁਰਸ਼ਾਂ ਦੇ ਸਤਿਸੰਗ ਵਿਚ ਬੈਠ ਕੇ ਕੋਈ ਵਿਚਾਰ ਧਾਰਨ ਕਰ ਲੈਣ ਤੇ ਮਨ ਟਿਕਾਉਣ ਦਾ ਜਤਨ ਕਰਨ; ਇਹ ਪਹਿਲੀ ਜਮਾਤ ਦੇ ਭਜਨੀਕ ਹੋਇਆ ਕਰਦੇ ਹਨ ਅਤੇ ਇਨ੍ਹਾਂ ਨੂੰ ਪ੍ਰਾਇਮਰੀ ਦੇ ਭਜਨੀਕ ਕਹਿ ਦਿਤਾ ਜਾਵੇ ਤਾਂ ਕੋਈ ਗਲਤ ਗੱਲ ਨਹੀਂ। ਇਹ ਨਾ ਕਰਨ ਵਾਲਿਆਂ ਨਾਲੋਂ ਬਹੁਤ ਹੀ ਅੱਛੇ ਹਨ।

**2. ਮੱਧਮ ਭਜਨੀਕ** – ਇਹ ਭਜਨੀਕ ਕੁਝ ਜਾਗੀ ਹੋਈ ਸੁਰਤ ਵਾਲੇ ਹੋਇਆ ਕਰਦੇ ਹਨ। ਭਜਨ, ਪਾਠ ਕਰਨ ਵੇਲੇ ਮਨ ਨੂੰ ਰੋਕਣ ਦੇ ਜਤਨ ਕਰਦੇ ਹਨ। ਬਾਣੀ ਪੜ੍ਹਨ ਵੇਲੇ ਅੱਖਰਾਂ ਨੂੰ ਲੱਗੀਆਂ ਲਗਾਂ-ਮਾਤਰਾਂ ਦਾ ਧਿਆਨ ਦੇ-ਦੇ ਕੇ ਮਨ ਨੂੰ ਭੱਜਣ ਤੋਂ ਰੋਕਦੇ ਹਨ। ਕਦੇ ਇਹ ਬਾਣੀ ਦੇ ਭਾਵ-ਅਰਥ ਨੂੰ ਸਮਝ ਕੇ

ਥੋੜ੍ਹੀ ਦੇਰ ਵਾਸਤੇ ਮਨ ਦੀ ਉਡਾਰੀ ਨੂੰ ਰੋਕ ਲੈਂਦੇ ਹਨ। ਕਦੇ-ਕਦੇ ਇਹ ਬਾਣੀ ਦੇ ਭਾਵ ਵਿਚ ਥੋੜ੍ਹੀ ਦੇਰ ਵਾਸਤੇ ਲੀਨ ਹੋ ਜਾਇਆ ਕਰਦੇ ਹਨ ਅਤੇ ਬਾਣੀ ਦਾ ਥੋੜ੍ਹਾ-ਥੋੜ੍ਹਾ ਰਸ ਅੰਦਰ ਮਹਿਸੂਸ ਕਰਦੇ ਹਨ। ਗੁਰਮੰਤ੍ਰ ਦੇ ਜਾਪ ਵੇਲੇ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਮੇਰਾ ਮਨ ਉਡਾਰੀਆਂ ਮਾਰ ਰਿਹਾ ਹੈ ਤੇ ਉਸਨੂੰ ਰੋਕਣ ਲਈ ਕਈ ਕਿਸਮ ਦੇ ਉਪਾਅ ਕਰਦੇ ਹਨ। ਕਦੇ-ਕਦੇ ਇਨ੍ਹਾਂ ਦਾ ਮਨ ਟਿਕ ਜਾਂਦਾ ਹੈ ਅਤੇ ਥੋੜ੍ਹੀ ਦੇਰ ਵਾਸਤੇ ਇਕਾਗਰਤਾ ਦੇ ਰਸ ਨੂੰ ਅਨੁਭਵ ਕਰਦੇ ਹਨ ਅਤੇ ਇਰਾਦਾ ਕਰਦੇ ਹਨ ਕਿ ਹੁਣ ਜਦੋਂ ਮੈਂ ਭਜਨ ਕਰਨਾ ਹੈ ਤਾਂ ਮਨ ਨੂੰ ਦੌੜਨ ਨਹੀਂ ਦੇਣਾ। ਪਰ ਮਨ ਪਾਰੇ ਦੀ ਨਿਆਈਂ ਹੋਣ ਕਰਕੇ ਜਿਵੇਂ ਪਾਰਾ ਉਂਗਲੀ ਹੇਠ ਨਹੀਂ ਆਇਆ ਕਰਦਾ, ਮਨ ਵੀ ਨਹੀਂ ਰੁਕਿਆ ਕਰਦਾ। ਪਾਰੇ ਨੂੰ ਕਾਬੂ ਕਰਨ ਵਾਸਤੇ ਜਿਵੇਂ ਔਸ਼ਧੀ ਦੀ ਲੋੜ ਹੋਇਆ ਕਰਦੀ ਹੈ ਇਵੇਂ ਹੀ ਮਨ ਨੂੰ ਰੋਕਣ ਵਾਸਤੇ ਪੂਰਨ ਜੁਗਤ ਦੀ ਲੋੜ ਹੁੰਦੀ ਹੈ। ਅਜਿਹੇ ਜਗਿਆਸੂ ਨੂੰ ਮੱਧਮ ਭਜਨੀਕ ਆਖਿਆ ਜਾਂਦਾ ਹੈ। ਇਹ ਪਹਿਲਿਆਂ ਨਾਲੋਂ ਬਹੁਤ ਚੰਗੇ ਹਨ ਅਤੇ ਇਹ ਜੇ ਮੇਹਨਤ ਕਰਨ ਤਾਂ ਬਹੁਤ ਛੇਤੀ ਤਰੱਕੀ ਕਰ ਸਕਦੇ ਹਨ। ਇਹਨਾਂ ਨੂੰ matric ਤਕ ਦੇ ਜਗਿਆਸੂ ਕਿਹਾ ਜਾ ਸਕਦਾ ਹੈ।

**3. ਉਤਮ ਭਜਨੀਕ** – ਇਸ ਕਿਸਮ ਦੇ ਭਜਨ ਕਰਨ ਵਾਲੇ ਪ੍ਰੇਮੀ, ਸਤਿਗੁਰੂਆਂ ਨਾਲ ਅਤੇ ਉਨ੍ਹਾਂ ਦੇ ਪਿਆਰੇ ਮਹਾਂਪੁਰਸ਼ਾਂ ਨਾਲ ਪਿਆਰ ਕਰਿਆ ਕਰਦੇ ਹਨ। ਉਨ੍ਹਾਂ ਦੇ ਬਚਨਾਂ ਨੂੰ ਅਤਿ ਉਤਮ ਕਰਕੇ ਮੰਨਦੇ ਹਨ। ਇਨ੍ਹਾਂ ਦਾ ਭਜਨ ਕਰਨ ਦਾ ਸਮਾਂ ਨਿਯਤ ਹੋਇਆ ਕਰਦਾ ਹੈ ਅਤੇ ਪੂਰੀ ਸਾਵਧਾਨੀ ਨਾਲ ਜਦੋਂ ਪੂਰੀ ਤਰ੍ਹਾਂ ਦੇ ਨਾਲ ਬਾਣੀ ਪੜ੍ਹਨ ਜਾਂ ਭਜਨ ਕਰਨ ਲਈ ਆਪਣੇ ਆਸਣ ਤੇ ਬੈਠਦੇ ਹਨ ਫੇਰ ਇਹ ਹੋਰ ਕਿਸੇ ਕਿਸਮ ਦਾ ਖਿਆਲ ਅੰਦਰ ਨਹੀਂ ਆਉਣ ਦਿਆ ਕਰਦੇ, ਸ਼ਬਦ ਦੀ ਧੁਨ ਵਿਚ ਲੀਨ ਹੋ ਜਾਇਆ ਕਰਦੇ ਹਨ ਅਤੇ ਹੌਲੀ-ਹੌਲੀ ਆਪਣੇ ਚੌਗਿਰਦੇ ਨੂੰ ਭੁੱਲ ਕੇ ਸ਼ਬਦ ਦਾ ਰੂਪ ਹੀ ਬਣ ਜਾਇਆ ਕਰਦੇ ਹਨ। ਇਨ੍ਹਾਂ ਨੂੰ ਅੰਦਰਲੀਆਂ ਗੁਪਤ ਖੇਡਾਂ ਦਾ ਸਹਿਜੇ ਹੀ ਗਿਆਨ ਹੋ ਜਾਇਆ ਕਰਦਾ ਹੈ। ਇਹ ਨਿਸ਼ਚੇਪੂਰਵਕ ਅੰਦਰਲੀਆਂ ਮੰਜ਼ਲਾਂ ਤਹਿ ਕਰਦੇ ਤਰੱਕੀ ਕਰਿਆ ਕਰਦੇ ਹਨ। ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਇਹ ਛੇਤੀ ਹੀ ਮੰਜ਼ਲੇ ਮਕਸੂਦ ਤੇ ਪਹੁੰਚ ਜਾਇਆ ਕਰਦੇ ਹਨ। ਇਨ੍ਹਾਂ ਦੀ ਬਿਰਤੀ ਵਿਚ ਪਰਉਪਕਾਰ ਕਰਨ ਦੀ, ਨਿਸ਼ਕਾਮ ਸੇਵਾ ਕਰਨ ਦੀ, ਭੁੱਲੀ ਦੁਨੀਆਂ ਨੂੰ ਸਿੱਧੇ ਰਾਹ ਲਾਉਣ ਦੀ; ਰੁਚੀ ਪ੍ਰਬਲ ਹੋਇਆ ਕਰਦੀ ਹੈ। ਇਹ ਆਪ ਵੀ ਨਾਮ ਜਪਦੇ ਹਨ ਅਤੇ ਦੂਸਰਿਆਂ ਨੂੰ ਨਾਮ ਜਪਾਉਣ ਲਈ ਉਦਮ ਕਰਕੇ ਤੱਤ ਬੇਤੇ ਮਹਾਂਪੁਰਸ਼ਾਂ ਦੇ ਕੀਰਤਨ ਸਮਾਗਮ ਰਚਿਆ ਕਰਦੇ ਹਨ। ਇਨ੍ਹਾਂ ਦੇ ਅੰਦਰ ਸ਼ਾਂਤੀ ਦਾ ਪ੍ਰਵਾਹ ਚਲਦਾ ਰਹਿੰਦਾ ਹੈ ਅਤੇ ਜਦੋਂ ਇਨ੍ਹਾਂ ਦੀ ਕਿਸੇ ਕਾਰਨ ਕਰਕੇ ਸੁਰਤ ਟੁਟ ਜਾਵੇ ਤਾਂ ਇਨ੍ਹਾਂ ਦੇ ਅੰਦਰ ਮਹਿਸੂਸ ਹੋਣ ਲਗ ਜਾਂਦਾ ਹੈ। ਠੀਕ ਇਸੇ ਤਰ੍ਹਾਂ ਜਿਵੇਂ ਕੋਈ ਨਸ਼ੇ ਖਾਣ ਵਾਲਾ ਅਮਲੀ ਅਮਲ ਨਾ ਮਿਲਨ ਕਰਕੇ ਤੋੜ ਨੂੰ ਮਹਿਸੂਸ ਕਰਿਆ ਕਰਦਾ ਹੈ। ਇਨ੍ਹਾਂ ਬਾਬਤ ਹੀ ਜ਼ਿਕਰ ਆਉਂਦਾ ਹੈ ਕਿ –

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥*

*ਪੰਨਾ - 1379*

ਇਨ੍ਹਾਂ ਨੂੰ ਉਤਮ ਭਜਨੀਕ ਆਖਿਆ ਜਾਂਦਾ ਹੈ। ਐਸੇ ਭਜਨੀਕਾਂ ਨੂੰ ਅੰਦਰ ਅਨੁਭਵ ਦੀ ਰੌਸ਼ਨੀ ਪ੍ਰਾਪਤ ਹੋ ਜਾਇਆ ਕਰਦੀ ਹੈ ਅਤੇ ਅੰਦਰ ਬਾਹਰ ਸਾਰੇ ਪ੍ਰਭੂ ਦੀ ਜੋਤ ਨੂੰ ਅਨੁਭਵ ਕਰ ਲਿਆ ਕਰਦੇ ਹਨ। ਪਰ ਅਜੇ ਤੀਕਰ ਪੂਰਨ ਰੂਪ ਵਿਚ ਅਗਿਆਨ ਦਾ ਨਾਸ਼ ਨਹੀਂ ਹੋਇਆ ਹੁੰਦਾ ਅਤੇ ਪੰਜ ਕਿਸਮ ਦੇ ਭਰਮ - 1. ਭੇਦ ਭਰਮ 2. ਕਰਤਤ੍ਰ ਭਰਮ 3. ਸੰਗ ਭਰਮ 4. ਵਿਕਾਰ ਭਰਮ 5. ਤੱਤ੍ਰ ਭਰਮ; ਦਾ ਪ੍ਰਭਾਵ ਸੁਰਤ ਵਿਚ ਬਣਿਆ ਰਹਿਣ ਕਰਕੇ ਕਦੇ-ਕਦੇ ਅਗਿਆਨ ਦਾ ਹਨ੍ਹੇਰਾ ਸੰਸਕਾਰਾਂ ਵਸ ਹੋ ਕੇ ਛਾ ਜਾਇਆ ਕਰਦਾ ਹੈ। ਕਦੇ ਗਿਆਨ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਐਸੇ ਭਜਨੀਕਾਂ ਨੂੰ ਕਿਸੇ ਪੂਰਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਹਰ ਸਮੇਂ ਆਵਸ਼ਕਤਾ ਹੈ, ਜੋ ਇਨ੍ਹਾਂ ਦੇ ਪੰਜੇ ਭਰਮ ਨਾਸ਼ ਕਰਨ ਦੀ ਸਮਰੱਥਾ ਰਖਦਾ ਹੋਵੇ। ਇਨ੍ਹਾਂ ਨੂੰ M.A ਤਕ ਦੇ ਭਜਨੀਕ ਕਿਹਾ ਜਾ ਸਕਦਾ ਹੈ।

**4. ਸ਼ਰੇਸ਼ਟ ਭਜਨੀਕ** – ਇਨ੍ਹਾਂ ਦਾ ਪੂਰਨ ਰੂਪ ਵਿਚ ਪੰਜੇ ਭਰਮ ਨਾਸ਼ ਹੋ ਕੇ, ਤੱਤ ਗਿਆਨ ਦੀ ਪ੍ਰਾਪਤੀ ਹੋ ਕੇ ਚੌਥੀ, ਪੰਜਵੀ ਅਤੇ ਛੇਵੀਂ ਭੂਮਿਕਾ ਵਿਚ ਨਿਵਾਸ ਹੋ ਜਾਇਆ ਕਰਦਾ ਹੈ। ਇਨ੍ਹਾਂ ਵਿਚ ਹਉਮੈ ਦਾ ਪੂਰਨ ਤੌਰ ਦੇ ਉਪਰ ਅਭਾਵ ਹੋਣ ਕਰਕੇ ਇਹ ਪ੍ਰਮੇਸ਼ਰ ਰੂਪ ਬ੍ਰਹਮਗਿਆਨੀ ਹੋ ਜਾਇਆ ਕਰਦੇ ਹਨ ਅਤੇ ਇਨ੍ਹਾਂ ਨੂੰ ਇਹ ਵੀ ਉਪਾਧੀ ਮਿਲਦੀ ਹੈ ਜਿਵੇਂ ਕਿ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ)*

ਇਹ D.Lit ਦੇ ਭਜਨੀਕ ਕਹੇ ਜਾ ਸਕਦੇ ਹਨ। ਇਹ ਉਪਰ ਲਿਖੀਆਂ ਚਾਰ ਅਵਸਥਾਵਾਂ ਭਜਨ ਕਰਨ ਵਾਲਿਆਂ ਦੀਆਂ ਹੋਇਆ ਕਰਦੀਆਂ ਹਨ। ਜੋ ਪਹਿਲੇ ਕਨਿਸ਼ਟ, ਮੱਧਮ ਤੇ ਉਤਮ ਕਿਸਮ ਦੇ ਭਜਨੀਕ ਹਨ ਉਹ ਭੀ ਜੇ ਸ਼ੌਕ ਨਾਲ ਮਿਹਨਤ ਕਰਨ ਤਾਂ ਆਪਣੇ ਮੰਜ਼ਲੇ ਮਕਸੂਦ ਤੇ ਛੇਤੀ ਹੀ ਪਹੁੰਚ ਜਾਇਆ ਕਰਦੇ ਹਨ।

ਹੁਣ ਤੁਹਾਨੂੰ ਹੋਰ ਵਿਸਥਾਰ ਨਾਲ ਦਸਦੇ ਹਾਂ, ਜ਼ਿਆਦਾ ਯਾਦ ਰਹਿਣਾ ਬਹੁਤ ਮੁਸ਼ਕਲ ਹੈ। ਕੋਈ ਕਾਪੀ ਲੈ ਕੇ ਨੋਟ ਕਰ ਲਵੋ ਅਤੇ ਵਿਹਲੇ ਸਮੇਂ ਵਿਚ ਇਸ ਦੀ ਵਿਚਾਰ ਆਪਸ ਵਿਚ ਮਿਲ ਕੇ ਕਰਿਆ ਕਰੋ। ਇਹ ਬਾਰ-ਬਾਰ ਦੇ ਅਧਿਐਨ ਕਰਨ ਨਾਲ ਗਿਆਨ ਦ੍ਰਿੜ ਹੋ ਜਾਇਆ ਕਰਦਾ ਹੈ। ਜਿਨ੍ਹਾਂ ਜਗਿਆਸੂਆਂ ਨੂੰ ਸਤਿਸੰਗ ਕਰਕੇ ਅਤੇ ਬਾਣੀ ਪੜ੍ਹ ਕੇ ਅਤੇ ਕਰਨੀ ਕਮਾਈ ਵਾਲੇ ਮਹਾਂਪੁਰਸ਼ਾਂ, ਗੁਰਸਿਖਾਂ, ਸਾਧਕਾਂ, ਆਰਫਾਂ, ਤੱਤ ਬੇਤਿਆਂ ਬਾਰੇ ਪੜ੍ਹ ਕੇ ਉਨ੍ਹਾਂ ਦੇ ਜੀਵਨ ਤੋਂ ਅਸਰ ਕਬੂਲਦੇ ਹੋਏ ਵਾਹਿਗੁਰੂ ਨੂੰ ਮਿਲਣ ਦਾ ਸ਼ੌਕ ਪੈਦਾ ਹੋ ਗਿਆ ਹੈ, ਉਸ ਲਈ ਜ਼ਰੂਰੀ ਹੈ ਕਿ ਆਪਣੇ ਮਨ ਨੂੰ ਮਾਇਆ ਦੇ ਜੰਜਾਲਾਂ ਵਿਚੋਂ ਖਿੱਚ ਕੇ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ। ਜਦੋਂ ਜੀਵ ਇਸ ਸੰਸਾਰ ਵਿਚ ਮਾਨਸ ਰੂਪ ਧਾਰ ਕੇ ਆਇਆ ਹੈ ਤਾਂ ਗੁਰਮਤਿ ਸਿਧਾਂਤ ਅਨੁਸਾਰ ਉਸਦੇ ਰਿਜ਼ਕ, ਦੁਖ-ਸੁਖ, ਵਡਿਆਈ, ਛੁਟਿਆਈ, ਹਾਣ-ਲਾਭ, ਇਹ ਸਾਰਾ ਪ੍ਰਬੰਧ ਪਰਾਲਬਧ ਕਰਮਾਂ ਅਨੁਸਾਰ ਇਸ ਜੀਵ ਦੇ ਮਸਤਕ ਵਿਚ ਪਹਿਲਾਂ ਹੀ ਧੁਰ ਦਰਗਾਹ ਤੋਂ ਲਿਖਿਆ ਗਿਆ ਹੈ। ਜੋ ਜੀਵ

ਦ ਪਰਿਵਾਰਕ ਬੰਧਨ ਵਿਚ, ਇਸ ਨਾਲ ਹੋਰ ਆ ਕੇ ਰਲਣੇ ਹਨ, ਉਹ ਵੀ ਸੰਜੋਗ-ਵਿਜੋਗ ਦੇ ਅਟੱਲ ਨਿਯਮ ਅਨੁਸਾਰ, ਪਹਿਲਾਂ ਤੋਂ ਹੀ ਇਸਦੇ ਭਾਗ ਵਿਚ ਲਿਖਿਆ, ਗਿਆ ਹੈ ਅਤੇ ਫੁਰਮਾਨ ਹੈ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*

*ਪੰਨਾ - 74*

ਅਤੇ ਇਨ੍ਹਾਂ ਲੇਖਾਂ ਬਾਰੇ ਹੋਰ ਸਪਸ਼ਟ ਹੈ ਕਿ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥*
*ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥*

*ਪੰਨਾ - 937*

*ਸਰਬ ਜੀਆ ਸਿਰਿ ਲੇਖੁ ਧੁਰਾਹੂ*
*ਬਿਨੁ ਲੇਖੈ ਨਹੀ ਕੋਈ ਜੀਉ॥*
*ਆਪਿ ਅਲੇਖੁ ਕੁਦਰਤਿ ਕਰਿ ਦੇਖੈ*
*ਹੁਕਮਿ ਚਲਾਏ ਸੋਈ ਜੀਉ॥* *ਪੰਨਾ - 598*

ਸੋ ਇਨ੍ਹਾਂ ਗੁਰਵਾਕਾਂ ਤੇ ਪੂਰਨ ਰੂਪ ਵਿਚ ਵਿਸ਼ਵਾਸ਼ ਕਰਕੇ ਜੋ ਵਾਸ਼ਨਾਵਾਂ - ਧਨ, ਇਸਤਰੀ, ਔਲਾਦ ਦੀਆਂ ਕਰਦਾ ਹੈ; ਉਨ੍ਹਾਂ ਨੂੰ ਛੱਡ ਕੇ ਪਰਵਾਨ ਹੋਏ ਆਰਫ, ਫਕੀਰਾਂ ਦੀ ਸੰਗਤ ਕਰਨੀ ਅਤਿਅੰਤ ਜ਼ਰੂਰੀ ਹੈ। ਇਨ੍ਹਾਂ ਪਰਵਾਨ ਹੋਇਆਂ ਵਿਚੋਂ ਵੀ ਜਿਹੜੇ ਸ਼ਬਦ ਸੁਰਤ ਜੋਗ ਦੇ ਵਿਚ ਪੂਰਨ ਅਭਿਆਸੀ ਹਨ ਅਤੇ ਅਨਹਦ ਸ਼ਬਦ ਦੇ ਮਾਰਗ ਨੂੰ ਜਾਣਨ ਵਾਲੇ ਹਨ, ਉਨ੍ਹਾਂ ਦੀ ਸੰਗਤ ਕਰਨ ਨਾਲ ਜਗਿਆਸੂ ਨਾਮ ਮਾਰਗ ਤੇ ਉਨਤੀ ਕਰ ਸਕਦਾ ਹੈ। ਆਪਣੇ ਅਭਿਆਸ ਨੂੰ ਤਰੱਕੀ ਦੇਣ ਵਾਸਤੇ ਵੈਰਾਗ, ਵੀਚਾਰ, ਸੰਤੋਖ, ਧੀਰਜ, ਖਿਮਾ, ਆਸਤਕਤਾ ਆਦਿ ਦੇ ਗੁਣ ਹਰ ਹਾਲਤ ਵਿਚ ਧਾਰਣੇ ਜ਼ਰੂਰੀ ਹਨ ਅਤੇ ਜਿਨ੍ਹਾਂ ਕੰਮਾਂ ਵਿਚ ਕੋਈ ਗੁਣ ਨਹੀਂ ਹੈ, ਉਹ ਸਾਰੇ ਕੰਮ ਪੂਰਨ ਰੂਪ ਵਿਚ ਛੱਡ ਦੇਣੇ ਚਾਹੀਦੇ ਹਨ!

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

*ਪੰਨਾ - 918*

*ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥*
*ਮਤ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥*

*ਪੰਨਾ - 1381*

ਪਰਮ ਪਦ ਦੀ ਪ੍ਰਾਪਤੀ ਵਾਸਤੇ **ਸਮ, ਸੰਤੋਖ, ਵਿਚਾਰ, ਸਤਿਸੰਗ** ਅਤਿ ਜ਼ਰੂਰੀ ਹਨ। ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਹੀ ਪੁਰਸ਼ਾਰਥ ਕਹਾਉਂਦਾ ਹੈ। ਦਰਅਸਲ ਤੱਤ ਵਿਚਾਰ ਤਾਂ ਇਹ ਹੈ ਕਿ ਵਿਚਾਰਹੀਣ ਨੂੰ ਸੰਸਾਰ ਭਾਸਦਾ ਹੈ। ਇਸਦੇ ਵਿਪਰੀਤ ਜੋ ਵਿਚਾਰਵਾਨ ਪੁਰਸ਼ ਹਨ ਉਨ੍ਹਾਂ ਨੂੰ ਇਹੀ ਸੰਸਾਰ ਆਪਣੇ ਆਪ ਵਿਚ ਲੈਅ ਹੋ ਕੇ ਪ੍ਰਭੂ ਦਾ ਰੂਪ ਪ੍ਰਤੱਖ ਦਿਸਦਾ ਹੈ। ਸੰਸਾਰ ਮਨ ਦੀ ਭਾਵਨਾ ਕਰਕੇ ਹੀ ਹੈ। ਇਸ ਮਨ ਦਾ ਨਾਸ਼ ਹੋਣ ਉਪਰੰਤ ਉਨਮਨੀ ਅਵਸਥਾ ਵਿਚ ਇਹ ਸੰਸਾਰ ਪ੍ਰਭੂ ਦਾ ਰੂਪ ਪ੍ਰਤੱਖ ਦਿਸਦਾ ਹੈ।

ਪ੍ਰਮਾਰਥ ਦੇ ਪਾਂਧੀ ਲਈ ਸਭ ਤੋਂ ਪਹਿਲਾਂ ਗੁਰੂ ਦੇ ਅਸਥੂਲ ਸਰੂਪ ਨਾਲ ਪਿਆਰ ਹੋਣਾ ਬਹੁਤ ਜ਼ਰੂਰੀ ਹੈ। ਪਿਆਰ ਕਰਨ ਨਾਲ ਅੰਦਰੋਂ ਹੀ ਗੁਪਤ ਤਾਰ ਗੁਰੂ ਦੇ ਕਿਰਦਾਰ ਨਾਲ ਵਜੂਦ ਜੁੜ ਜਾਂਦੀ ਹੈ। ਉਸਦੀ ਮਿਹਰ ਇਸ ਤਾਰ ਰਾਹੀਂ ਹਿਰਦੇ ਵਿਚ ਪਹੁੰਚ ਕੇ ਪੂਰੀ ਲਗਨ ਲਾਉਂਦੀ ਹੈ ਅਤੇ ਜਿਉਂ-ਜਿਉਂ ਗੁਰੂ ਦਾ ਪਿਆਰ ਹਿਰਦੇ ਵਿਚ ਵਸਦਾ ਜਾਂਦਾ ਹੈ ਤਿਉਂ-ਤਿਉਂ ਅੰਤਸ਼ਕਰਣ ਵਿਚੋਂ ਮੈਲ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਵਿਖਸ਼ੇਪਤਾ ਬਿਲਕੁਲ ਖਤਮ ਹੋ ਜਾਇਆ ਕਰਦੀ ਹੈ। ਜਦੋਂ ਅਭਿਆਸ ਕਰਦੇ-ਕਰਦੇ ਬਿਰਤੀ ਅਤਿ ਸੂਖਸ਼ਮ ਹੋ ਜਾਵੇ ਤਾਂ ਗੁਰੂ ਦੇ ਨਿਰਗੁਣ ਸਰੂਪ ਸ਼ਬਦ ਨਾਲ ਪਿਆਰ ਹੋ ਜਾਂਦਾ ਹੈ। ਕਿਉਂਕਿ ਅਸਾਡਾ ਮਾਰਗ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ॥*

*ਪੰਨਾ - 938*

ਸ਼ਬਦ ਸੁਰਤਿ ਦੀ ਕਮਾਈ ਕਰਨਾ ਹੈ। ਸ਼ਬਦ ਹੀ ਸਭ ਕੁਝ ਹੈ। ਸ਼ਬਦ ਤੋਂ ਬਗੈਰ ਇਥੇ ਕੋਈ ਚੀਜ਼ ਨਹੀਂ ਹੈ। ਸ਼ਬਦ ਹੀ manifest ਹੋ ਕੇ ਸਭ ਕੁਝ ਬਣਿਆ ਹੋਇਆ ਹੈ। ਸਭ ਦਾ ਆਦਿ, ਮਧ, ਅੰਤ ਸ਼ਬਦ ਹੈ। ਇਸ ਵਾਸਤੇ ਸ਼ਬਦ ਦਾ ਅਭਿਆਸ ਕਰਨਾ ਜ਼ਰੂਰੀ ਹੈ। ਜਿਵੇਂ ਗੁਰਬਾਣੀ ਵਿਚ ਸੰਕੇਤ ਹੈ -

*ਉਤਪਤਿ ਪਰਲਉ ਸਬਦੇ ਹੋਵੈ॥*
*ਸਬਦੇ ਹੀ ਫਿਰਿ ਓਪਤਿ ਹੋਵੈ॥*
*ਗੁਰਮੁਖਿ ਵਰਤੈ ਸਭੁ ਆਪੇ ਸਚਾ*
*ਗੁਰਮੁਖਿ ਉਪਾਇ ਸਮਾਵਣਿਆ॥* *ਪੰਨਾ - 117*

ਸ਼ਬਦ ਸੁਰਤ ਮਾਰਗ ਦਾ ਜੋ ਜਾਣੂ ਮਹਾਂਪੁਰਸ਼ ਹੈ ਐਸੇ ਮਹਾਂਪੁਰਸ਼ ਦੀ ਸੰਗਤ ਕਰਨ ਨਾਲ ਵਿਕਾਰਾਂ ਦੀ ਪ੍ਰਬਲਤਾ ਅਤੇ ਮਨ ਨੂੰ ਜਨਮਾਂ-ਜਨਮਾਂਤਰਾਂ ਤੋਂ ਲਗੀ ਹੋਈ ਮੈਲ, ਵਿਖਸ਼ੇਪਤਾ ਅਤੇ ਆਵਰਨ ਦੋਸ਼ ਦੂਰ ਹੋ ਜਾਇਆ ਕਰਦਾ ਹੈ ਅਤੇ ਅੰਤ੍ਰੀਵ ਜੀਵਨ ਵਿਚ ਸਤੋ ਗੁਣੀ ਪ੍ਰਦਾਨ ਹੋ ਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਪ੍ਰੰਤੂ ਆਪਣੀ ਮੰਜ਼ਿਲ ਤੇ ਪਹੁੰਚਣ ਵਾਸਤੇ ਸੁਰਤ ਦੀ ਚੜ੍ਹਾਈ ਤਾਂ ਸ਼ਬਦ ਦੇ ਅਭਿਆਸ ਕਰਨ ਤੋਂ ਹੀ ਹੁੰਦੀ ਹੈ। ਇਸ ਕਰਕੇ ਸਾਨੂੰ ਆਵਸ਼ਕ ਹੈ ਕਿ ਅਸੀਂ ਤੱਤ ਬੇਤੇ ਮਹਾਂਪੁਰਸ਼ਾਂ ਦੀ ਸ਼ਰਨ ਵਿਚ ਰਹੀਏ ਅਤੇ ਉਸਦੀ ਸੇਵਾ ਵਿਚ ਤੱਤਪਰ ਰਹੀਏ। ਸਿੱਖ ਪ੍ਰੇਮੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਪਿਆਰ ਕਰਨ ਅਤੇ ਸੁਣ ਕੇ, ਪੜ੍ਹ ਕੇ ਮੰਨਣ।

*ਹੋਹੁ ਸਾਵਧਾਨ ਅਪੁਨੇ ਗੁਰ ਸਿਉ॥* *ਪੰਨਾ - 895*

ਆਪਣਾ ਤਨ, ਮਨ, ਧਨ ਉਸਦੇ ਹਵਾਲੇ ਕਰਕੇ ਹਉਮੈ ਰਹਿਤ ਸੇਵਾ ਕਰੇ। ਅਜਿਹੇ ਸਾਧੂ ਦਾ ਦਰਸ਼ਨ ਅੰਤ੍ਰੀਵ ਤੋਂ ਅਤੇ ਬਾਹਰੋਂ ਨੇਤਰਾਂ ਨਾਲ ਘੰਟਾ ਦੋ ਘੰਟੇ ਬਰਾਬਰ ਕਰਦਾ ਰਹੇ। ਆਪਣੇ ਨੇਤਰਾਂ ਨਾਲ ਉਨ੍ਹਾਂ ਦੇ ਨੇਤਰ ਦੇਖਦਾ ਰਹੇ, ਅੱਖ ਨਾ ਝਮਕੇ, ਇਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਹਰ ਰੋਜ਼ ਅਭਿਆਸ ਕਰਦਾ ਰਹੇ, ਅਜਿਹਾ ਕਰਦੇ-ਕਰਦੇ ਇਕ ਦਿਨ ਐਸਾ ਆਏਗਾ ਜਦੋਂ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਤੁਹਾਡੇ ਉਪਰ ਪਵੇਗੀ, ਉਸੇ ਵਕਤ ਮਨ ਦੀ ਸਫਾਈ ਹੋ ਜਾਵੇਗੀ, ਮਨ ਦਾ ਦੋਸ਼ ਨਵਿਰਤ ਹੋ ਜਾਵੇਗਾ। ਇਸੇ ਤਰ੍ਹਾਂ ਜਦੋਂ ਆਪਣੀ ਮਰਜ਼ੀ ਨਾਲ ਉਪਰ ਦੀ ਮੰਜ਼ਿਲ ਦਾ ਉਪਦੇਸ਼ ਕਰੇ ਤਾਂ ਸੁਰਤ ਆਪਣੇ ਆਪ ਉਪਰ ਦੀ ਮੰਜ਼ਿਲਾਂ ਨੂੰ ਪ੍ਰਾਪਤ ਹੋਵੇਗੀ। ਇਸਦਾ ਮਤਲਬ ਇਹ ਹੈ ਕਿ ਆਪਣੇ ਗੁਰੂ ਨਾਲ ਪੂਰਾ ਪਿਆਰ ਪਾ ਕੇ ਉਸਦੀ ਨਦਰ ਪ੍ਰਾਪਤ ਕਰਨ ਲਈ ਉਤਸਕ ਰਹੇ। ਗੁਰੂ ਦੀ ਨਦਰ, ਗੁਰੂ ਦੀ ਰਹਿਮਤ ਦਾ ਕਰਿਸ਼ਮਾ ਅੰਦਰ ਵਰਤਣਾ ਸ਼ੁਰੂ ਹੋ ਜਾਵੇਗਾ ਅਤੇ ਆਪਣੀ ਮਿਹਨਤ ਦੇ ਨਾਲ, ਅਭਿਆਸ ਦੇ ਨਾਲ ਹਰ ਰੋਜ਼ ਤਰੱਕੀ ਹੁੰਦੀ ਜਾਵੇਗੀ। ਇਸ ਕੰਮ

ਨੂੰ ਕਰਨ ਵਾਸਤੇ ਜਲਦਬਾਜ਼ੀ ਨਾ ਕਰੇ ਅਤੇ ਬੇਚੈਨੀ ਵਿਚ ਨਹੀਂ ਪੈਣਾ ਚਾਹੀਦਾ ਕਿਉਂਕਿ ਸਨੇ-ਸਨੇ ਕੀਤਾ ਹੋਇਆ ਅਭਿਆਸ ਫਲੀਭੂਤ ਹੁੰਦਾ ਹੈ। ਕਈ ਪ੍ਰੇਮੀ ਐਸੇ ਦੇਖੇ ਜਾਂਦੇ ਹਨ ਕਿ ਮਹਾਂਪੁਰਸ਼ਾਂ ਨੂੰ ਮਿਲਦੇ ਹੀ ਬਹੁਤ ਤੇਜ਼ੀ ਨਾਲ ਅਭਿਆਸ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਫੇਰ ਵਿਚੇ ਹੀ ਛੱਡ ਕੇ ਮੁੜ ਉਨ੍ਹਾਂ ਦਾ ਪਤਾ ਹੀ ਨਹੀਂ ਲਗਦਾ ਕਿ ਕਿਥੇ ਚਲੇ ਗਏ। ਜਲਦਬਾਜ਼ੀ ਵਿਚ ਕੀਤਾ ਹੋਇਆ ਕੰਮ ਸਦਾ ਕਾਇਮ ਨਹੀਂ ਰਿਹਾ ਕਰਦਾ, ਉਹ ਸ਼ੈਤਾਨ ਦੀ ਤਰਫੋਂ ਬਿਘਨ ਪਾਉਣ ਵਾਸਤੇ ਹੀ ਹੋਇਆ ਕਰਦਾ ਹੈ। ਜਿਹੜਾ ਵੀ ਕੰਮ ਗੁਰੂ ਦੀ ਨਦਰ ਨਾਲ ਹੁੰਦਾ ਹੈ, ਉਹ ਕਾਇਮ ਰਿਹਾ ਕਰਦਾ ਹੈ। ਜਿਸ ਤਰ੍ਹਾਂ ਕਿ ਸਿਮਰਨ ਕਰਨ ਵਾਸਤੇ ਸੁਨਹਿਰੀ ਅਸੂਲ ਦਰਸਾਇਆ ਹੈ -

*ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥*
*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥* *ਪੰਨਾ - 478*

ਇਸ ਸਮੇਂ ਮਹਾਂਪੁਰਸ਼ਾਂ ਨੇ ਕਿਹਾ ਕਿ ਜੋ ਇਹ ਬਚਨ ਅਸੀਂ ਤੁਹਾਨੂੰ ਦਸੇ ਹਨ ਇਹ ਬਹਿਰੰਗ ਸਾਧਨ ਹਨ। ਹੁਣ ਤੁਹਾਨੂੰ ਅੰਤ੍ਰੀਵ ਸੁਰਤ ਦਾ ਦਰਜਾ-ਬ-ਦਰਜਾ ਚੜ੍ਹਨਾ ਜੋ ਕਿ ਫਕੀਰਾਂ ਨੂੰ ਪ੍ਰਾਪਤ ਹੈ, ਉਹ ਧਿਆਨ ਨਾਲ ਸੁਣੋ। ਜਿਸ ਵੇਲੇ ਤੁਹਾਡੀ ਸੁਰਤ ਮਸਤਕ ਵਿਚ ਅਸਮਾਨ ਨੂੰ ਦੇਖੇਗੀ ਤਾਂ ਤਾਰੇ-ਸਤਾਰੇ, ਅਨੇਕਾਂ ਚੰਦਰਮਾਂ, ਅਨੇਕਾਂ ਸੂਰਜ, ਬਿਲਕੁਲ ਸਾਫ-ਸੁਥਰੇ ਵਾਤਾਵਰਣ ਵਿਚ ਨਦਰੀ ਆਉਣਗੇ। ਗਹੁ ਨਾਲ ਦੇਖਿਆਂ ਸਹੰਸਰਾਰ ਦਲ ਕਮਲ ਨਜ਼ਰ ਪਵੇਗਾ ਅਤੇ ਜਿਸ ਸਰੂਪ ਦਾ ਤੁਸੀਂ ਆਗਿਆ ਚੱਕਰ ਵਿਚ ਧਿਆਨ ਕਰਦੇ ਸੀ ਉਸਦੇ ਪ੍ਰਕਾਸ਼ਮਈ ਦਰਸ਼ਨ ਇਸ ਅਸਥਾਨ ਤੇ ਹੋਇਆ ਕਰਦੇ ਹਨ। ਬਹੁਤ ਸਾਰੇ ਜਗਿਆਸੂ ਇਨ੍ਹਾਂ ਦਰਸ਼ਨਾਂ ਤੋਂ ਸੰਤੁਸ਼ਟ ਹੋ ਕੇ ਐਥੇ ਹੀ ਰੁਕ ਜਾਂਦੇ ਹਨ ਅਤੇ ਇਨ੍ਹਾਂ ਮੰਜ਼ਲਾਂ ਦਾ ਪ੍ਰਕਾਸ਼ ਦੇਖ ਕੇ ਤ੍ਰਿਪਤ ਹੋ ਜਾਇਆ ਕਰਦੇ ਹਨ। ਜਿਸ ਵਕਤ ਆਪ ਬੈਖਰੀ, ਮਧਮਾ, ਪਸੰਤੀ ਅਤੇ ਪਰਾ ਬਾਣੀ ਰਾਹੀਂ ਅਭਿਆਸ ਕਰਨ ਦੀ ਮਿਹਨਤ ਕਰੋਂਗੇ ਤਾਂ ਆਖਰੀ ਪਰਾ ਬਾਣੀ ਜਿਸਦਾ ਨਿਵਾਸ ਨਾਭੀ ਵਿਚ ਹੈ ਉਸ ਉਤੇ ਆਪਣੇ ਸਵਾਸਾਂ ਦਾ ਦਬਾਓ ਪਾਓਂਗੇ ਤਾਂ ਆਪ ਦੇ ਰੋਮ-ਰੋਮ ਵਿਚ ਪ੍ਰਮੇਸ਼ਰ ਦਾ ਭਜਨ ਹੋਣ ਲਗੇਗਾ। ਇਹ ਅਵਸਥਾ - *ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ (ਪੰਨਾ - 941)* ਦੀ ਹੋਇਆ ਕਰਦੀ ਹੈ। ਉਸ ਤੋਂ ਅੱਗੇ ਜਦੋਂ ਮਹਾਤਮਾ ਸਾਰੀ ਗੱਲ ਦਾ ਨਿਰਣਾ ਕਰਕੇ ਸੁਰਤ ਨੂੰ ਉਪਰ ਚੜ੍ਹਾਉਣ ਦਾ ਉਪਦੇਸ਼ ਕਰਨਗੇ ਤਾਂ ਜੁਗਤ ਨਾਲ ਅਭਿਆਸ ਕੀਤਾ ਜਾਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਤਾਂ ਆਗਿਆ ਚੱਕਰ ਵਿਚ, ਜਿਥੇ ਦੋਨੋਂ ਅੱਖਾਂ ਅਤੇ ਨੱਕ ਦੀ ਜੜ੍ਹ ਵਿਚ ਸੁਰਤ ਟਿਕਾਉਣੀ ਹੈ, ਉਥੇ ਮਿਹਨਤ ਕਰਕੇ ਧਿਆਨ ਟਿਕਾਉਣਾ ਹੈ। ਜਿਵੇਂ -

*ਸਫਲ ਮੂਰਤਿ ਪਰਸਉ ਸੰਤਨ ਕੀ*
*ਇਹੈ ਧਿਆਨਾ ਧਰਨਾ॥*
*ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ*
*ਪਰਿਓ ਸਾਧ ਕੀ ਸਰਨਾ॥* *ਪੰਨਾ - 531*

ਇਥੇ ਸਾਕਾਰ ਦਾ ਧਿਆਨ ਧਰਦਿਆਂ ਹੌਲੀ-ਹੌਲੀ ਧਿਆਨ ਵਿਚ ਪ੍ਰਕਾਸ਼ ਆ ਜਾਵੇਗਾ ਅਤੇ ਸਾਕਾਰ ਸਰੂਪ ਦੇ ਪ੍ਰਕਾਸ਼ਮਈ ਰੂਪ ਵਿਚ ਦਰਸ਼ਨ ਹੋਣਗੇ। ਇਹ ਦਰਸ਼ਨ ਹੁੰਦੇ ਆਰ-ਪਾਰ (Transparent) ਦਿਸੇਗਾ। ਜਦੋਂ ਆਪਣਾ ਆਪ ਇਸ ਸਾਕਾਰ ਸਰੂਪ ਵਿਚ ਲੈਅ ਹੋ ਕੇ ਆਪਣਾ ਹੀ ਸਰੀਰ ਧਿਆਨ ਕੀਤੇ ਹੋਏ ਸਰੂਪ ਵਰਗਾ ਅਨੁਭਵ ਹੋਵੇ ਤਾਂ ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਟੁੱਟ ਜਾਇਆ ਕਰਦੀ ਹੈ ਅਤੇ ਜਗਿਆਸੂ ਉਪਰਲੀਆਂ ਮੰਜ਼ਲਾਂ ਦਾ ਅਧਿਕਾਰੀ ਹੋ ਜਾਇਆ ਕਰਦਾ ਹੈ।

Warning - ਸ਼ਬਦ ਸੁਰਤ ਦਾ ਮਾਰਗ ਗੁਪਤ ਮਾਰਗ ਹੋਣ ਕਰਕੇ ਪ੍ਰਗਟ ਕਰਨਾ ਨਹੀਂ ਬਣਦਾ। ਮਹਾਂਪੁਰਸ਼ਾਂ ਦੀ ਜੋ ਹਦਾਇਤ ਹੈ, ਉਸ ਉਪਰ ਦ੍ਰਿੜ੍ਹ ਵਿਸ਼ਵਾਸ਼ ਕਰਨਾ ਪੈਂਦਾ ਹੈ। ਵਾਹਿਗੁਰੂ ਤਕ ਪਹੁੰਚਣ ਦੇ ਬੇਅੰਤ ਰਸਤੇ ਹਨ, ਬੇਅੰਤ ਸਾਧਨ ਹਨ ਪਰ ਜਿਸ ਫਾਰਮੂਲੇ ਦੇ ਆਧਾਰ ਤੇ ਪ੍ਰਸ਼ਨ ਦਾ ਹੱਲ ਕੱਢਿਆ ਜਾਵੇ, ਉਸ ਉਤੇ ਹੀ ਦ੍ਰਿੜ੍ਹ ਰਹਿਣਾ ਚਾਹੀਦਾ ਹੈ। ਕਈ ਅਭਿਆਸ ਤੋਂ ਹੀਣੇ ਪ੍ਰੇਮੀ ਇਸ ਮਾਰਗ ਉਪਰ ਤਰਕ ਕਰਦੇ ਹਨ ਕਿ ਇਹ ਬੁਤ ਪ੍ਰਸਤੀ ਹੈ, ਮਨਮਤਿ ਹੈ; ਪ੍ਰੰਤੂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥* *ਪੰਨਾ - 864*

ਧਿਆਨ ਜਗਿਆਸੂ ਦੀ ਅਵਸਥਾ ਦੇ ਮੁਤਾਬਿਕ ਤਿੰਨ ਕਿਸਮ ਦਾ ਹੋਇਆ ਕਰਦਾ ਹੈ। 1. ਪ੍ਰਤੀਕ ਧਿਆਨ 2. ਸੰਪਤ ਧਿਆਨ 3. ਅਹੰਗ੍ਰਹਿ ਧਿਆਨ।

**1. ਪ੍ਰਤੀਕ ਧਿਆਨ** - ਜਿਸ ਵਸਤੂ ਵਿਚ ਈਸ਼੍ਵਰ ਬੁਧੀ ਕਰਨੀ ਹੋਵੇ ਉਸਨੂੰ ਪ੍ਰਤੱਖ ਪ੍ਰਮਾਣ ਨਾਲ ਨਿਸ਼ਚੇ ਕਰਕੇ ਯਾਨਿ ਉਸਦਾ ਅਸਲ ਸਰੂਪ ਪ੍ਰਧਾਨ ਰੱਖ ਕੇ ਸਾਸ਼ਤ੍ਰ ਪ੍ਰਮਾਣਾਂ ਨਾਲ ਉਸ ਵਿਚ ਈਸ਼੍ਵਰ ਬੁੱਧੀ ਕਰਨੀ, ਇਸ ਦਾ ਨਾਮ ਪ੍ਰਤੀਕ ਧਿਆਨ ਹੈ। ਜਿਵੇਂ ਕਿ ਫੁਰਮਾਨ ਹੈ ਕਿ -

*ਗੁਰੁ ਪਰਮੇਸਰੁ ਏਕੋ ਜਾਣੁ॥* *ਪੰਨਾ - 864*

ਗੁਰੂ ਨੂੰ ਪ੍ਰਮੇਸ਼ਰ ਦਾ ਰੂਪ ਜਾਣ ਕੇ ਉਸਦਾ ਧਿਆਨ ਕਰਨਾ ਉਸ ਵਿਚ ਬ੍ਰਹਮ ਬੁੱਧੀ ਕਰਨੀ, ਇਹ ਪ੍ਰਤੀਕ ਉਪਾਸ਼ਨਾ ਕਹਾਉਂਦੀ ਹੈ।

**2. ਸੰਪਤ ਧਿਆਨ** - ਧੇਅ ਦਾ ਜੋ ਪ੍ਰਤੱਖ ਰੂਪ ਹੈ ਉਸਨੂੰ ਤਿਆਗ ਕੇ ਉਸ ਵਿਚ ਈਸ਼੍ਵਰ ਬੁੱਧੀ ਕਰਕੇ ਧਿਆਨ ਕਰਨਾ ਸੰਪਤ ਉਪਾਸ਼ਨਾ ਹੈ। ਜਿਵੇਂ ਕਿ ਫੁਰਮਾਨ ਹੈ -

*ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥*
*ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ॥*
*ਪੰਨਾ - 53*

*ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ॥*
*ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ॥*
*ਪੰਨਾ - 49*

*ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ॥*
*ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ॥*
*ਪੰਨਾ - 49*

*ਗੁਰੁ ਪਰਮੇਸਰੁ ਗੁਰੁ ਗੋਵਿੰਦੁ॥*
*ਗੁਰੁ ਦਾਤਾ ਦਇਆਲ ਬਖਸਿੰਦੁ॥*
*ਗੁਰ ਚਰਨੀ ਜਾ ਕਾ ਮਨੁ ਲਾਗਾ॥*
*ਨਾਨਕ ਦਾਸ ਤਿਸੁ ਪੂਰਨ ਭਾਗਾ॥* *ਪੰਨਾ - 897*

*ਗੁਰ ਕੇ ਚਰਨ ਹਿਰਦੈ ਵਸਾਏ॥*
*ਕਰਿ ਕਿਰਪਾ ਪ੍ਰਭਿ ਆਪਿ ਮਿਲਾਏ॥*

*ਪੰਨਾ - 1270*

ਸਾਕਾਰ ਦਾ ਜੋ ਧਿਆਨ ਧਰਨਾ ਹੈ ਇਹ ਉਪਾਸ਼ਨਾ ਕਾਂਡ ਵਿਚ ਬਹੁਤ ਜ਼ਰੂਰੀ ਹੈ ਕਿਉਂਕਿ ਜਗਿਆਸੂ ਦੀ ਬੁੱਧੀ ਸ਼ਬਦ ਦੇ ਭੇਦ ਨੂੰ ਨਹੀਂ ਜਾਣਦੀ ਅਤੇ ਸ਼ਬਦ ਨੂੰ ਨਹੀਂ ਫੜ ਸਕਦੀ। ਸ਼ਬਦ ਦੇ ਨਾਲ ਸੁਰਤ ਜੋੜਨੀ ਬਹੁਤ advanced ਜਗਿਆਸੂਆਂ ਦਾ ਕੰਮ ਹੋਇਆ ਕਰਦਾ ਹੈ। ਜਿਸਨੇ ਆਪਣੀ ਸੁਰਤ ਨੂੰ ਸੰਸਾਰ ਵਿਚੋਂ ਪੂਰੀ ਤਰ੍ਹਾਂ ਨਾਲ ਖਿਚ ਕੇ ਸਰਬ ਰਮੇ ਹੋਏ ਵਾਹਿਗੁਰੂ ਦੇ ਵਿਚ ਲੀਨ ਕੀਤਾ ਹੈ, ਉਹ ਸ਼ਬਦ ਦੇ ਧਿਆਨ ਧਰਨ ਦਾ ਅਧਿਕਾਰੀ ਹੋਇਆ ਕਰਦਾ ਹੈ। ਸ਼ਬਦ ਅੱਖਰ ਨਹੀਂ ਹੋਇਆ ਕਰਦੇ, ਸ਼ਬਦ ਧੁਨ ਐਨਰਜੀ ਹੈ, ਪ੍ਰਭੂ ਨਾਲ ਇਕਮਿਕ ਹੈ। ਸੋ ਧੁਨ ਵਿਚ ਧਿਆਨ ਸਮੇਂ ਵਾਹਿਗੁਰੂ ਦੀ ਪਰਿਪੂਰਨਤਾ ਦਾ ਪੂਰੀ ਤਰ੍ਹਾਂ ਅਹਿਸਾਸ ਕਰਨਾ ਸ਼ਬਦ ਦਾ ਧਿਆਨ ਹੋਇਆ ਕਰਦਾ ਹੈ। ਬਹੁਤ ਸਾਰੇ ਪ੍ਰੇਮੀ ਗਲਤੀ ਨਾਲ ਅੱਖਰਾਂ ਦਾ ਧਿਆਨ ਕਰਨ ਲਗ ਜਾਂਦੇ ਹਨ। ਉਸ ਨਾਲ ਤਰੱਕੀ ਹੋ ਨਹੀਂ ਸਕਿਆ ਕਰਦੀ। ਦੂਸਰੀ ਇਹ ਵੀ ਗੱਲ ਹੈ ਕਿ ਜਿਸ ਸਕੂਲ ਵਿਚ ਆਪ ਦਾਖਲ ਹੋ ਗਏ ਉਸੇ ਪ੍ਰੋਫੈਸਰ ਦੇ ਦੱਸੇ ਫਾਰਮੂਲਿਆਂ ਤੇ ਚਲਣਾ ਪੈਂਦਾ ਹੈ, ਉਸ ਉਪਰ ਤਰਕ ਕਰਕੇ ਵੈਰਾਗ ਦੀਆਂ ਛੇ ਕਲਾਂ ਨਸ਼ਟ ਹੋ ਜਾਇਆ ਕਰਦੀਆਂ ਹਨ ਅਤੇ ਜਗਿਆਸੂ ਦਾ ਕੀਤਾ ਕਰਾਇਆ ਕੁਛ ਵੀ ਮੁੱਲ ਨਹੀਂ ਰਖਿਆ ਕਰਦਾ। ਇਸੇ ਤਰ੍ਹਾਂ ਨਾਲ ਕਈ ਪ੍ਰੇਮੀ ਖਾਸ ਕਰਕੇ ਅੱਜਕਲ ਆਪਣੀ ਨਾਸ਼ਤਕਤਾ ਦੇ ਅਧੀਨ ਹੋਏ ਹੋਏ ਬਾਰ-ਬਾਰ ਰਟ ਲਾ ਰਹੇ ਹਨ ਕਿ ਇਸ ਮਾਰਗ ਲਈ ਸਾਧ-ਸੰਤ ਦੀ ਕੋਈ ਜ਼ਰੂਰਤ ਨਹੀਂ ਹੈ। ਉਨ੍ਹਾਂ ਦੀ ਇਹ ਤਰਕ ਇਕ ਗੱਲੋਂ ਤਾਂ ਠੀਕ ਹੈ ਕਿਉਂਕਿ ਭੇਖ ਕਰਕੇ ਬਹੁਤ ਸਾਰੇ ਪ੍ਰੇਮੀ ਸਾਧੂ-ਸੰਤ ਕਹਾਉਣ ਲਗ ਜਾਂਦੇ ਹਨ ਪਰ ਉਨ੍ਹਾਂ ਦਾ ਕਿਰਦਾਰ ਅਜੇ ਮਾਇਆ ਦੀਆਂ ਖਿੱਚਾਂ ਤੋਂ ਉਪਰ ਨਹੀਂ ਉਠਿਆ ਹੁੰਦਾ, ਪਰਮਪਦ ਦੀ ਉਨ੍ਹਾਂ ਨੂੰ ਬਿਲਕੁਲ ਹੀ ਗਿਆਤ ਨਹੀਂ ਹੁੰਦੀ, ਆਪ ਵੀ ਰੂਹਾਨੀ ਤੌਰ ਤੇ ਅੰਨੇ ਹੁੰਦੇ ਹਨ। ਜੇ ਕੋਈ ਉਨ੍ਹਾਂ ਦੇ ਪਿਛੇ ਲਗੇਗਾ ਉਹ ਖਾਤੇ ਵਿਚ ਗਿਰੇਗਾ -

*ਅੰਨਾ ਆਗੂ ਜੇ ਥੀਐ, ਸਭੁ ਸਾਥੁ ਮੁਹਾਵੈ॥*

*ਭਾਈ ਗੁਰਦਾਸ ਜੀ, ਵਾਰ - 35/2*

ਇਸ ਕਰਕੇ ਗੁਰਮੁਖ, ਸੰਤ, ਗੁਰਸਿੱਖ, ਭਗਤ, ਬ੍ਰਹਮਗਿਆਨੀ, ਸਾਧ ਜਨ ਆਦਿਕਾਂ ਨਾਲ ਪਿਆਰ ਕਰਕੇ ਉਨ੍ਹਾਂ ਦੇ ਪਿਆਰੇ ਸਤਿਗੁਰੂ ਅਤੇ ਵਾਹਿਗੁਰੂ ਨਾਲ ਪਿਆਰ ਪੈਂਦਾ ਹੈ। ਸੰਤ ਕਿਉਂਕਿ ਬਹੁਤ ਵਿਰਲੇ ਹਨ ਇਸ ਕਰਕੇ ਨਿਸ਼ਾਨੀ ਲਿਖੀ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*

*ਪੰਨਾ - 520*

ਜਿਨ੍ਹਾਂ ਦੇ ਦਰਸ਼ਨ ਕਰਕੇ ਆਪਣੇ ਆਪ ਹੀ ਚਸ਼ਮੇ ਵਿਚੋਂ ਪਾਣੀ ਨਿਕਲਣ ਵਾਂਗ ਗੁਰਮੰਤ੍ਰ ਦੀ ਰੌ ਚਲ ਪਵੇ, ਸੁਰਤ ਅੰਤਰਮੁਖ ਹੁੰਦੀ ਜਾਵੇ ਅਤੇ ਨਾਮ ਧੁਨ ਦੇ ਹੁਲਾਰੇ ਸ਼ੁਰੂ ਹੋ ਜਾਣ ਤਾਂ ਸਮਝੋ ਕਿ ਤੁਸੀਂ ਕਿਸੇ ਸੰਤ ਵਿਅਕਤੀ ਦੇ ਨੇੜੇ ਬੈਠੇ ਹੋਂ। ਫੁਰਮਾਨ ਹੈ -

*ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥*
*ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥*

*ਪੰਨਾ - 1421*

ਇਹ ਠੀਕ ਹੈ ਕਿ -

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* *ਪੰਨਾ - 943*

ਪ੍ਰੰਤੂ ਅਸਥੂਲ ਬੁੱਧੀ ਵਾਲਾ ਜਗਿਆਸੂ ਜਿਸ ਦੀ ਬਿਰਤੀ ਟਿਕ ਹੀ ਨਹੀਂ ਰਹੀ, ਉਹ ਸ਼ਬਦ ਨੂੰ ਫੜ ਹੀ ਨਹੀਂ ਸਕਦਾ। ਜਨਮਾਂ-ਜਨਮਾਂਤਰਾਂ ਦੀ ਘਾਲ ਸ਼ਬਦ ਦੀ ਸੋਝੀ ਦਿੰਦੀ ਹੈ। ਐਸੇ ਜਗਿਆਸੂ ਪਿਛਲੇ ਜਨਮ ਵਿਚ ਜਿਸ ਥਾਂ ਤੋਂ ਅਭਿਆਸ ਛੱਡ ਕੇ ਹੋਰ ਸਰੀਰ ਧਾਰ ਕੇ ਸੰਸਾਰ ਵਿਚ ਆਏ ਹੁੰਦੇ ਹਨ, ਉਹ ਆਪਣੀ ਪਿਛਲੀ ਘਾਲ ਕਮਾਈ ਕਰਕੇ ਸ਼ਬਦ ਨਾਲ ਸੁਰਤ ਦਾ ਮੇਲ ਕਰਾ ਲੈਂਦੇ ਹਨ। ਪ੍ਰੰਤੂ ਜੋ ਜਗਿਆਸੂ ਵਿਸ਼ੇ-ਵਿਕਾਰਾਂ ਵਿਚੋਂ ਕੱਢ ਕੇ, ਗੁਰੂ ਵਾਲਾ ਬਣਾ ਕੇ ਨਾਮ ਮਾਰਗ ਦੀ ਪਹਿਲੀ ਦੂਜੀ ਜਮਾਤ ਵਿਚ ਚਲ ਰਿਹਾ ਹੈ, ਉਹ ਐਮ. ਏ. ਦੀ ਕਲਾਸ ਨੂੰ ਕਿਸੇ ਤਰ੍ਹਾਂ ਵੀ ਸਮਝ ਨਹੀਂ ਸਕਿਆ ਕਰਦਾ। ਜੇ ਉਸਨੇ ਆਪਣੇ ਮੰਜ਼ਿਲੇ ਮਕਸੂਦ ਤੇ ਪਹੁੰਚਣਾ ਹੈ ਤਾਂ ਉਸਨੂੰ ਇਨ੍ਹਾਂ ਤਰਕਾਂ ਤੋਂ ਪੂਰਨ ਰੂਪ ਵਿਚ ਦੂਰ ਰਹਿਣਾ ਪਵੇਗਾ ਅਤੇ ਉਸਨੂੰ ਪੂਰਨ ਮਹਾਂਪੁਰਸ਼ਾਂ ਦੇ ਦਿਤੇ ਹੋਏ ਸਬਕ ਅਸਥੂਲ ਧਿਆਨ ਨੂੰ ਸਿਧ ਕਰਕੇ ਪਹਿਲੀ ਤ੍ਰਿਕੁਟੀ ਧਿਆਤਾ, ਧਿਆਨ, ਧੇਯ ਵਿਚੋਂ ਲੰਘਣਾ ਹੀ ਪਵੇਗਾ। ਨਹੀਂ ਅਵਸਥਾ ਸਿਧ ਨਾ ਹੋਣ ਕਰਕੇ ਇਸੇ ਚੱਕਰ ਵਿਚ ਜਨਮ ਬੀਤ ਜਾਵੇਗਾ।

ਮਹਾਂਪੁਰਸ਼ਾਂ ਨੇ ਅੱਗੇ ਫੁਰਮਾਇਆ ਕਿ ਇਹ ਧਿਆਨ ਵਿਚ ਰੱਖਣ ਵਾਲੀ ਬਾਤ ਹੈ ਕਿ ਆਗਿਆ ਚੱਕਰ ਵਿਚ ਤਿੰਨ ਨਾੜੀਆਂ ਇੜਾ, ਪਿੰਗਲਾ, ਸੁਖਮਨਾ ਦਾ ਸੰਗਮ ਹੈ ਅਤੇ ਮਨ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਾਉਣ ਦਾ ਥਾਂ ਹੈ।

*ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥*
*ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥*
*ਸੰਤਹੁ ਤਹਾ ਨਿਰੰਜਨ ਰਾਮੁ ਹੈ॥*
*ਗੁਰ ਗਮਿ ਚੀਨੈ ਬਿਰਲਾ ਕੋਇ॥*
*ਤਹਾਂ ਨਿਰੰਜਨੁ ਰਮਈਆ ਹੋਇ॥* *ਪੰਨਾ - 974*

ਇਨ੍ਹਾਂ ਤਿੰਨਾਂ ਨਾੜੀਆਂ ਵਿਚੋਂ ਦੋ ਤਾਂ ਸਹੰਸਰਾਰ ਦਲ ਕਮਲ ਵਲ ਨੂੰ ਤਾਰੇ, ਚੰਦ੍ਰਮਾ, ਸੂਰਜ ਅਤੇ ਅਨੇਕ ਕਿਸਮ ਦੀਆਂ ਰੌਸ਼ਨੀਆਂ ਦਿਖਾਂਦੀਆਂ ਜਾਂਦੀਆਂ ਹਨ। ਇਸ ਥਾਂ ਦੇ ਉਤੇ ਨ੍ਰਿਤ ਪੈਦਾ ਹੁੰਦੀ ਹੈ। ਜਿਹੜੀ ਅਭਿਆਸ ਸਮੇਂ ਅਨੇਕ ਕਿਸਮ ਦੇ ਨਜ਼ਾਰੇ ਦੇਖਦੀ ਹੈ ਅਤੇ ਜੋ ਸੁਰਤ ਹੈ ਉਹ ਅਨਹਦ ਸ਼ਬਦਾਂ ਦੀ ਧੁਨਕਾਰ ਸੁਣਦੀ ਹੈ। ਆਮ ਤੌਰ ਉਪਰ ਪੰਜ ਕਿਸਮ ਦੀਆਂ ਅਵਾਜ਼ਾਂ ਅਨਹਦ ਧੁਨ ਵਜੋਂ ਸੁਣੀਆਂ ਜਾਂਦੀਆਂ ਹਨ, ਪਰ ਜਿਉਂ-ਜਿਉਂ ਸੁਰਤ ਤਰੱਕੀ ਕਰਦੀ ਹੈ ਅਤੇ ਸੂਖਮ ਹੋ ਜਾਂਦੀ ਹੈ ਤਾਂ ਅਨੇਕ ਕਿਸਮ ਦੇ ਬਾਜਿਆਂ ਦੀ ਅਵਾਜ਼ ਤਾਰ ਘੋਰ ਬਾਜੰਤ੍ਰ ਦੀ ਅਵਾਜ਼ ਨਾਲ ਇਹ ਮੋਹਿਤ ਹੁੰਦੀ ਜਾਂਦੀ ਹੈ। ਪਰ ਤੀਸਰੀ ਨਾੜੀ ਵਿਚ ਕੁਝ ਵੀ ਨਹੀਂ ਹੈ ਉਸ ਵਿਚ ਹਨ੍ਹੇਰਾ ਹੈ। ਪਰ ਕਈ ਵਾਰੀ ਸੁਰਤ ਬਿਨਾਂ ਅਨਹਦ ਸ਼ਬਦ ਸੁਣੇ ਅਤੇ ਨਿਰਤ ਬਿਨਾਂ ਰੌਸ਼ਨੀਆਂ ਦੇਖੇ ਇਸ ਨਾੜੀ ਰਾਹੀਂ ਉਪਰ ਚੜ੍ਹ ਜਾਇਆ ਕਰਦੀ ਹੈ। ਨਜ਼ਾਰੇ ਕਿਹੋ ਜਿਹੇ ਹਨ ਜਿਵੇਂ -

**ਕੰਵਲ -**

*ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ॥*
*ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ॥*

*ਪੰਨਾ - 612*

ਊਂਧ ਕਵਲੁ ਜਿਸੁ ਹੋਇ ਪ੍ਰਗਾਸਾ
ਤਿਨਿ ਸਰਬ ਨਿਰੰਜਨੁ ਡੀਠਾ ਜੀਉ॥ ਪੰਨਾ - 108

ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ
ਪਰਗਾਸੁ ਭਇਆ ਕਉਲੁ ਖਿਲਿਆ॥ ਪੰਨਾ - 249

ਕਮਲ ਪ੍ਰਗਾਸ ਹੋ ਗਿਆ ਤਾਂ ਫੁਰਮਾਨ ਹੈ -

ਉਲਟਿ ਕਮਲੁ ਅੰਮ੍ਰਿਤਿ ਭਰਿਆ
ਇਹੁ ਮਨੁ ਕਤਹੁ ਨ ਜਾਇ॥ ਪੰਨਾ - 1291

ਮਨ ਟਿਕ ਜਾਂਦਾ ਹੈ ਅਤੇ ਫੁਰਨੇ ਬੰਦ ਹੋ ਜਾਂਦੇ ਹਨ, ਵਾਸ਼ਨਾ ਖ਼ੈ ਹੋ ਜਾਂਦੀ ਹੈ ਅਤੇ ਸਹਿਜ ਧਿਆਨ ਲਗ ਜਾਇਆ ਕਰਦਾ ਹੈ। ਖੁਲ੍ਹੀਆਂ ਅੱਖਾਂ ਨਾ ਭੀ ਆਪਣੇ ਧੇਅ ਦੇ ਦਰਸ਼ਨ ਬਾਹਰ ਵਾਰ ਕਰਦਾ ਹੈ -

ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ॥
ਪੰਨਾ - 26

ਤਾਰੇ -

ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ॥
ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ॥
ਪੰਨਾ - 1110

ਰਤਨ ਕਮਲ ਕੋਠਰੀ॥ ਚਮਕਾਰ ਬੀਜੁਲ ਤਹੀ॥
ਨਿਜ ਆਤਮੈ ਰਹਿਆ ਭਰਪੂਰਿ॥ ਨੇਰੈ ਨਾਹੀ ਦੂਰਿ॥
ਪੰਨਾ - 657

ਬਿਜਲੀ ਚਮਕੈ ਹੋਇ ਅਨੰਦੁ॥ ਪੰਨਾ - 1162

ਚੰਦ -

ਚੰਦੋ ਦੀਪਾਇਆ ਦਾਨਿ ਹਰਿ ਕੈ
ਘਟਿ ਚਾਨਣਾ ਤਨਿ ਚੰਦੁ ਦੀਪਾਇਆ॥ ਪੰਨਾ - 765
ਗੁਰ ਪਰਸਾਦਿ ਸਹਜ ਘਰੁ ਪਾਇਆ
ਮਿਟਿਆ ਅੰਧੇਰਾ ਚੰਦੁ ਚੜਿਆ॥ ਪੰਨਾ - 393

ਸੋਲਹ ਕਲਾ ਸੰਪੂਰਨ ਫਲਿਆ॥ ਪੰਨਾ - 1081

ਸੂਰਜ -

ਬਾਰਸਿ ਬਾਰਹ ਉਗਵੈ ਸੂਰ॥ ਪੰਨਾ - 344

ਕੋਟਿ ਸੂਰ ਜਾ ਕੈ ਪਰਗਾਸ॥ ਪੰਨਾ - 1162

ਪ੍ਰਗਟਿਆ ਸੂਰੁ ਜੋਤਿ ਉਜਿਆਰਾ॥ ਪੰਨਾ - 737

ਸੂਰਜ ਨਰਾਇਣ ਯਾਗ ਵਾਲਕ ਮੁਨੀ ਨੂੰ ਕਹਿੰਦੇ ਹਨ ਕਿ ਪਹਿਲੇ ਪਹਿਲ ਤਾਰਿਆਂ ਜੈਸਾ ਪ੍ਰਕਾਸ਼ ਦ੍ਰਿਸ਼ਟੀ ਪਵੇਗਾ, ਫੇਰ ਬਜਰ ਦਰਪਣ, ਫੇਰ ਚੰਦ੍ਰ ਮੰਡਲ ਜੈਸਾ, ਫੇਰ ਨਵ-ਰਤਨ ਜੈਸਾ, ਫੇਰ ਸਵੇਰ ਦੇ ਸੂਰਜ ਜੈਸਾ, ਫੇਰ ਅਗਨ ਮੰਡਲ ਸੁਫਟਿਕਾ ਜੈਸਾ, ਫੇਰ ਪਾਂਚ ਅਕਾਸ਼ ਨਜ਼ਰ ਆਉਂਦੇ ਹਨ।

ਇਸ ਦੇ ਨਾਲ ਹੀ ਪੰਜ ਤੱਤਾਂ ਦੀ ਆਵਾਜ਼, ਅਨਹਦ ਸ਼ਬਦ ਪੰਜ ਪ੍ਰਕਾਰ ਦੇ ਪ੍ਰਗਟ ਹੁੰਦੇ ਹਨ। ਜਿਵੇਂ-ਜਿਵੇਂ ਸੁਰਤ ਬਰੀਕ ਨਾੜੀਆਂ ਵਿਚੋਂ ਲੰਘਦੀ ਹੈ ਉਹਦੀਆਂ ਸੁਰੀਲੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ।

ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ॥
ਤਿਨ ਮਹਿ ਪੰਚ ਤਤੁ ਘਰਿ ਵਾਸਾ॥ ਪੰਨਾ - 1031

ਘੰਟਾ ਜਾ ਕਾ ਸੁਨੀਐ ਚਹੁ ਕੁੰਟ॥
ਆਸਨੁ ਜਾ ਕਾ ਸਦਾ ਬੈਕੁੰਠ॥ ਪੰਨਾ - 393

ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ॥
ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ॥
ਪੰਨਾ - 907

ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ॥
ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ॥
ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ॥
ਪੰਨਾ - 884

ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਪੰਨਾ - 1291

ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ॥
ਪੰਨਾ - 1350

ਜਿਸਨੂੰ ਪੂਰਬ ਨਾਦ ਕਿਹਾ ਹੈ, ਉਹੀ ਸ਼ਬਦ ਹੈ। ਇਹ ਜੀਵ ਆਤਮਾ ਦੇ ਪਰਿਯਤਨ ਤੋਂ ਬਿਨਾਂ ਸਰੀਰ ਦੇ ਅੰਦਰ ਹੀ ਪ੍ਰਾਣ ਵਾਯੂ, ਅਕਾਸ਼ ਦੇ ਸਬੰਧ ਕਰਕੇ ਹੋਇਆ ਸ਼ਬਦ, ਅਨਹਦ ਨਾਦ ਕਹਾਉਂਦਾ ਹੈ, ਜੋ ਇਸ ਸਰੀਰ ਵਿਚ ਦਸ ਪ੍ਰਕਾਰ ਦਾ ਗਿਣਿਆ ਗਿਆ ਹੈ -

1. ਕਿੰਗਰੀ -

ਮੋਹਿ ਗਇਆ ਬੈਰਾਗੀ ਜੋਗੀ
ਘਟਿ ਘਟਿ ਕਿੰਗੁਰੀ ਵਾਈ॥ ਪੰਨਾ - 907

ਮਨੁ ਪਵਨੁ ਦੁਇ ਤੂੰਬਾ ਕਰੀ ਹੈ
ਜੁਗ ਜੁਗ ਸਾਰਦ ਸਾਜੀ॥
ਥਿਰੁ ਭਈ ਤੰਤੀ ਤੂਟਸਿ ਨਾਹੀ
ਅਨਹਦ ਕਿੰਗੁਰੀ ਬਾਜੀ॥ ਪੰਨਾ - 334-35

ਘਟਿ ਘਟਿ ਵਾਜੈ ਕਿੰਗੁਰੀ
ਅਨਦਿਨੁ ਸਬਦਿ ਸੁਭਾਇ॥ ਪੰਨਾ - 62

2. ਸਿੰਙੀ -

ਸਿੰਙੀ ਸੁਰਤਿ ਅਨਾਹਦਿ ਵਾਜੈ
ਘਟਿ ਘਟਿ ਜੋਤਿ ਤੁਮਾਰੀ॥ ਪੰਨਾ - 907

3. ਭੇਰੀ -

ਅਨਹਤਾ ਸਬਦ ਵਾਜੰਤ ਭੇਰੀ॥ ਪੰਨਾ - 663

4. ਤੂਰ -

ਸਗਲ ਮਨੋਰਥ ਪੂਰੇ॥ ਬਾਜੇ ਅਨਹਦ ਤੂਰੇ॥ ਪੰਨਾ - 629

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ
ਵਾਜੇ ਅਨਹਦ ਤੂਰੇ॥ ਪੰਨਾ - 922

ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥
ਵਾਜੇ ਤਾ ਕੈ ਅਨਹਦ ਤੂਰਾ॥ ਪੰਨਾ - 393

5. ਬੀਣਾ –

ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ॥
ਪੰਨਾ - 351

ਨਿਤ ਬਾਜੇ ਅਨਹਤ ਬੀਨਾ॥ ਪੰਨਾ - 622

ਤਉ ਅਨਹਦ ਬੇਣੁ ਸਹਜ ਮਹਿ ਬਾਇ॥ ਪੰਨਾ - 344

6. ਏਕ ਸ਼ਬਦ –

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ
ਬਾਹੁੜਿ ਜਨਮਿ ਨ ਆਵਾ॥ ਪੰਨਾ - 795

ਸਾਖਾ ਤੀਨਿ ਨਿਵਾਰੀਆ
ਏਕ ਸਬਦਿ ਲਿਵ ਲਾਇ॥ ਪੰਨਾ - 66

7. ਨੀਸਾਣੁ –

ਮਿਲਉ ਗੁਪਾਲ ਨੀਸਾਨੁ ਬਜਾਈ॥ ਪੰਨਾ - 1164

8. ਗਰੜ ਸ਼ਬਦ –

ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ॥
ਪੰਨਾ - 1009

ਘਸ ਗਰੁੜ ਸਬਦ ਮੁਖਿ ਲੀਨਾ॥ ਗਉੜੀ ਮਹਲਾ ੪
ਗੁਰ ਮੰਤ੍ਰੁ ਮੁਖਿ ਗਰੁੜਾਰੀ॥ ਰਾਗ ਸਾਰੰਗ
ਗਰੁੜ ਮੁਖਿ ਨਹੀ ਸਰਪ ਤ੍ਰਾਸ॥ ਪੰਨਾ - 987

9. ਘੰਟਾ –

ਘੰਟਾ ਜਾ ਕਾ ਸੁਨੀਐ ਚਹੁੰ ਕੁੰਟ॥ ਪੰਨਾ - 393

10. ਘੁੰਘਰੂ –

ਘੁੰਘਰੂ ਵਾਜੈ ਜੇ ਮਨੁ ਲਾਗੈ॥
ਤਉ ਜਮੁ ਕਹਾ ਕਰੇ ਮੋ ਸਿਉ ਆਗੈ॥ ਪੰਨਾ - 356

ਰਬਾਬੁ ਪਖਾਵਜ ਤਾਲ ਘੁੰਘਰੂ
ਅਨਹਦ ਸਬਦੁ ਵਜਾਵੈ॥ ਪੰਨਾ - 381

11. ਤੰਤੀ ਸ਼ਬਦ –

ਗੁਰਮੁਖਿ ਹੋਵਹਿ ਤਾ ਤੰਤੀ ਵਾਜੈ
ਇਨ ਬਿਧਿ ਤ੍ਰਿਸਨਾ ਖੰਡੀ॥ ਪੰਨਾ - 908

12. ਰੁਣ-ਝੁਣ –

ਅਨਹਦ ਰੁਣ ਝੁਣਕਾਰੁ ਸਦਾ ਧੁਨਿ
ਨਿਰਭਉ ਕੈ ਘਰਿ ਵਾਇਦਾ॥ ਪੰਨਾ - 1033

13. ਬਬੀਹਾ –


ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ॥ ਪੰਨਾ - 1285

ਪੰਜ ਪ੍ਰਕਾਰ ਦੇ ਜੋ ਸ਼ਬਦ ਹਨ ਉਨ੍ਹਾਂ ਦੇ ਨਾਮ ਤੰਤੀ, ਮ੍ਰਿਦੰਗ, ਘੰਟਾ, ਘਟਾ (ਬੱਦਲ), ਨਫੀਰੀ ਆਦਿਕ ਦੱਸੇ ਹਨ।

ਹੰਸ ਉਪਨਿਸ਼ਦ ਵਿਚ ਅਨਹਦ ਸ਼ਬਦਾਂ ਦਾ ਜਿਥੇ ਜ਼ਿਕਰ ਆਉਂਦਾ ਹੈ ਉਥੇ ਉਹ ਲਿਖਦੇ ਹਨ ਕਿ ਪਹਿਲਾ ਚਟਕਾ ਦਾ ਸ਼ਬਦ ਹੈ, ਜਿਸਨੂੰ ਸੁਣਨ ਨਾਲ ਰੋਮ ਖੜ੍ਹੇ ਹੋ ਜਾਂਦੇ ਹਨ। ਦੂਜਾ ਪੁੰਨ-ਪੁੰਨ, ਚੰਨ-ਚੰਨ ਦਾ ਸ਼ਬਦ ਹੁੰਦਾ ਹੈ, ਜਿਹਦੇ ਸੁਣਨ ਨਾਲ



ਸਰੀਰ ਦੇ ਸਾਰੇ ਅੰਗ ਪ੍ਰਫੁਲਤ ਹੋ ਜਾਂਦੇ ਹਨ। ਤੀਜਾ ਘੰਟੇ ਦਾ ਸ਼ਬਦ ਹੈ ਜਿਸਦੇ ਸੁਣਨ ਨਾਲ ਮਨ, ਬੁੱਧੀ, ਚਿਤ ਵਿਚ ਪ੍ਰੇਮ ਪ੍ਰਗਟ ਹੁੰਦਾ ਹੈ। ਚੌਥਾ ਸੰਖ ਦਾ ਸ਼ਬਦ ਹੈ ਜਿਸਦੇ ਸੁਣਨ ਦੇ ਨਸ਼ੇ ਨਾਲ ਹੋਏ ਮਤਵਾਲੇ ਪੁਰਸ਼ ਵਾਂਗੂੰ ਸਿਰ ਦਾ ਭ੍ਰਮਣ ਹੁੰਦਾ ਹੈ। ਪੰਜਵਾਂ ਵੀਣਾ ਦਾ ਸ਼ਬਦ ਹੈ ਜਿਸ ਉਤੇ ਬਿਰਤੀ ਇਕਾਗਰ ਕਰਕੇ ਸੁਣਨ ਨਾਲ ਬਹੁਤ ਹੀ ਅਨੰਦ ਆਉਂਦਾ ਹੈ ਅਤੇ ਬ੍ਰਹਮ ਰੁੰਦਰ (ਦਸਮ ਦੁਆਰ) ਵਿਚੋਂ ਅੰਮ੍ਰਿਤ ਝਰਦਾ ਪ੍ਰਤੀਤ ਦਿੰਦਾ ਹੈ। ਛੇਵਾਂ ਨਿਰਤਕਾਰੀ ਦਾ ਸ਼ਬਦ ਹੈ ਜਿਸਦੇ ਸੁਣਨ ਨਾਲ ਕੰਠ (ਗਲ) ਵਿਚ ਅੰਮ੍ਰਿਤ ਦਾ ਪਾਨ ਹੁੰਦਾ ਹੈ। ਜਦੋਂ ਬਿਰਤੀ ਬਹੁਤ ਹੀ ਸੂਖਸ਼ਮ ਹੋ ਜਾਵੇ ਤਾਂ ਬਹੁਤ ਹੀ ਮਿੱਠੀ ਅਵਾਜ਼ ਵਿਚ ਬੰਸਰੀ ਦਾ ਸ਼ਬਦ ਹੋਇਆ ਕਰਦਾ ਹੈ, ਜੋ ਸਰੀਰ ਦੇ ਰੋਮ-ਰੋਮ ਵਿਚ ਮਿਠਾਸ ਪੈਦਾ ਕਰ ਦਿੰਦਾ ਹੈ ਅਤੇ ਬਿਰਤੀ ਉਥਾਨ (ਜਾਗਣ) ਹੋਣ ਦਾ ਨਾਉਂ ਹੀ ਨਹੀਂ ਲੈਂਦੀ ਅਤੇ ਘੰਟਿਆਂ ਬੱਧੀ ਸਾਰਾ-ਸਾਰਾ ਦਿਨ, ਕਈ-ਕਈ ਦਿਨ ਇਸ ਮਿੱਠੀ ਧੁਨ ਦਾ ਮੋਹਿਆ ਹੋਇਆ ਮਨ ਫੁਰਨੇ ਰਹਿਤ ਹੋ ਕੇ ਮਸਤ ਹੋ ਜਾਇਆ ਕਰਦਾ ਹੈ। ਉਸਨੂੰ ਸੰਸਾਰ ਭੁੱਲ ਜਾਂਦਾ ਹੈ ਅਤੇ ਇਸ ਮਧੁਰ ਸ਼ਬਦ ਵਿਚ ਲੀਨ ਹੋਇਆ ਰਹਿੰਦਾ ਹੈ, ਇਸਦੇ ਸੁਣਨ ਨਾਲ ਸ਼ਕਤੀਆਂ ਆ ਜਾਇਆ ਕਰਦੀਆਂ ਹਨ, ਅਰਥਾਤ ਅੰਤਰਜਾਮਤਾ, ਦੂਰ ਦਾ ਸ਼ਬਦ ਸੁਣਨਾ, ਦੂਰ ਦੀ ਵਸਤੂ ਦਾ ਅੰਤਰ ਆਤਮੇ ਹੀ ਦੇਖਣਾ ਆਦਿ ਪ੍ਰਾਪਤ ਹੋ ਜਾਇਆ ਕਰਦਾ ਹੈ। ਅੱਠਵਾਂ ਪੁਖਾਵਜ ਦਾ ਸ਼ਬਦ ਹੈ ਜਿਸਦੇ ਵਿਚ ਲੀਨ ਹੋਇਆਂ ਹਰੇਕ ਸਰੀਰ ਦੇ ਅੰਦਰ ਜੋ ਨਾਦ ਚਲ ਰਿਹਾ ਹੈ ਜਾਂ ਜਿਸ ਨਾਦ ਨੂੰ ਅਭਿਆਸੀ ਆਪਣੇ ਅੰਦਰ ਸੁਣ ਰਿਹਾ ਹੈ ਉਸਨੂੰ ਸੁਣਨ ਅਤੇ ਉਸਦੇ ਫੁਰਨਿਆਂ ਨੂੰ ਸਮਝਣ ਦੀ ਸ਼ਕਤੀ ਆ ਜਾਇਆ ਕਰਦੀ ਹੈ। ਨੌਵਾਂ ਸ਼ਬਦ (ਐਨਰਜੀ) ਛੋਟੀ ਨਫੀਰੀ ਦਾ ਹੋਇਆ ਕਰਦਾ ਹੈ। ਇਹ ਸ਼ਬਦ ਬਹੁਤ ਹੀ ਮਿਹਨਤ ਕਰਿਆਂ ਤੋਂ ਸੁਣਨਾ ਸ਼ੁਰੂ ਹੁੰਦਾ ਹੈ, ਇਸ ਸ਼ਬਦ ਵਿਚ ਭਰਪੂਰ ਐਨਰਜੀ ਪ੍ਰਗਟ ਹੋ ਕੇ ਬਹੁਤ ਸ਼ਕਤੀਸ਼ਾਲ ਹੋ ਜਾਇਆ ਕਰਦੀ ਹੈ। ਸੂਖਮ ਅਤੇ ਅਸਥੂਲ ਸਰੀਰ ਰਾਹੀਂ ਜਿਥੇ ਵੀ ਜਾਣਾ ਹੋਵੇ ਜਾਂ ਜਿਥੇ ਵੀ ਇੱਛਾ ਹੋਵੇ ਉਥੇ ਪਹੁੰਚਣ ਦੀ ਸਮਰੱਥਾ ਪ੍ਰਾਪਤ ਹੋ ਜਾਇਆ ਕਰਦੀ ਹੈ। ਉਸਦੇ ਰਸਤੇ ਵਿਚ ਪੈਦਲ ਚਲਿਆਂ ਵੱਡੇ-ਵੱਡੇ ਮਕਾਨ ਆ ਜਾਣ, ਵੱਡਾ ਦਰਿਆ ਆ ਜਾਵੇ ਤਾਂ ਉਹ ਇਕੋ ਕਦਮ ਨਾਲ ਪਾਰ ਹੋ ਜਾਇਆ ਕਰਦਾ ਹੈ। ਘਰਾਂ ਦੇ ਅੰਦਰ ਦਾਖਲ ਹੋ ਕੇ ਅਦ੍ਰਿਸ਼ਟ ਰਹਿੰਦਾ ਹੋਇਆ ਸਾਰੇ ਘਰਾਂ ਵਿਚ ਘੁੰਮ ਕੇ ਸਭ ਚੀਜ਼ਾਂ ਦਾ ਜਾਣੂ ਹੋ ਜਾਇਆ ਕਰਦਾ ਹੈ। ਦਸਵਾਂ ਮੇਘ ਦਾ



ਸ਼ਬਦ ਹੈ ਜਿਸਦੇ ਸੁਣਨ ਨਾਲ ਬ੍ਰਹਮ ਦਾ ਸ਼ਾਖਸ਼ਾਤਕਾਰ ਹੋ ਕੇ ਬ੍ਰਹਮ ਰੂਪ ਹੀ ਹੋ ਜਾਇਆ ਕਰਦਾ ਹੈ। ਇਹ ਸਾਰੇ ਖਿਆਲ ਅਨੇਕ ਗ੍ਰੰਥਾਂ ਵਿਚ ਆਪੋ ਆਪਣੀ ਪਹੁੰਚ ਅਨੁਸਾਰ ਪ੍ਰਗਟ ਕੀਤੇ ਗਏ ਹਨ ਪ੍ਰੰਤੂ ਆਮ ਤੌਰ ਤੇ ਜਿਸਨੂੰ ਅਨਹਦ ਸ਼ਬਦ ਕਿਹਾ ਜਾਂਦਾ ਹੈ ਉਹ ਪੰਜਾਂ ਸ਼ਬਦਾਂ ਦਾ ਸਮੂੰਹ ਹੁੰਦਾ ਹੈ ਜਿਸ ਤਰ੍ਹਾਂ ਬਾਣੀ ਵਿਚ ਫੁਰਮਾਨ ਹੈ -

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*

*ਪੰਨਾ - 1291*

ਉਨ੍ਹਾਂ ਦੇ ਨਾਮ ਪਹਿਲਾ ਤੰਤੀ, ਦੂਜਾ ਮ੍ਰਿਦੰਗ, ਤੀਜਾ ਘੰਟਾ, ਚੌਥਾ ਘਟਾ (ਬੱਦਲ), ਪੰਜਵਾਂ ਨਫੀਰ ਆਦਿਕ। ਇਨ੍ਹਾਂ ਨੂੰ 1. ਤੱਤ, 2. ਵਿਤੁ 3. ਘਨ, 4. ਨਾਦ, 5. ਸ਼ਿਖਰ; ਇਹ ਪੰਜ ਕ੍ਰਮ ਨਾਲ ਇਨ੍ਹਾਂ ਦੇ ਨਾਮ ਹਨ।

*ਤਤ ਤੰਤੀ ਵਿਤੁ ਚਰਮ ਕਾ ਘਨ ਕਾਂਸੀ ਕੋ ਜਾਨ ਨਾਦ॥*
*ਸਬਦ ਘਟ ਕੋ ਕਹੈ ਸਵਾਸ ਸ਼ਿਖਰ ਪਹਿਚਾਨ॥*

ਸ਼ਬਦ ਅਕਾਸ਼ ਦਾ ਗੁਣ ਹੈ ਅਤੇ ਧੁਨੁਆਤਮਕ ਅਤੇ ਵਰੁਣਾਤਮਕ ਹੈ, ਦੋ ਭੇਦ ਹਨ। ਅਨਹਦ ਸ਼ਬਦ ਬਾਰੇ ਜੇ ਹੋਰ ਵਿਸਥਾਰ ਨਾਲ ਦੱਸਿਆ ਜਾਵੇ ਤਾਂ ਬਹੁਤ ਸਮਾਂ ਚਾਹੀਦਾ ਹੈ ਕਿਉਂਕਿ ਸਾਰੇ ਹੀ ਸ਼ਬਦ ਸੁਰਤ ਦੇ ਅਭਿਆਸੀ ਆਪੋ ਆਪਣੇ ਸਾਧਨਾਂ ਦਾ ਅਨੁਭਵ ਅਨੇਕ ਪ੍ਰਮਾਣ ਗ੍ਰੰਥਾਂ ਵਿਚ ਲਿਖਦੇ ਹਨ। ਇਸ ਦਾ ਤਾਤਪ੍ਰਜ ਇਹ ਹੈ ਕਿ ਅਭਿਆਸੀ ਇਨ੍ਹਾਂ ਸ਼ਬਦਾਂ ਦੇ ਅਨੁਮਾਨਾਂ ਵਿਚ ਨਾ ਪਵੇ ਸਗਮਾਂ ਸਹਿਜ ਨਾਲ ਚਿਤ ਇਕਾਗਰ ਕਰਕੇ ਆਪਣੇ-ਆਪ ਹੀ ਅਨਹਦ ਨਾਦ ਦੀ ਗੁੰਜ਼ਾਰ ਪੈਣ ਲਗ ਜਾਇਆ ਕਰਦੀ ਹੈ। ਇਨ੍ਹਾਂ ਸ਼ਬਦਾਂ ਤੋਂ ਪਰ੍ਹੇ ਜੋ ਵਸਤੂ ਹੈ ਜਿਹੜੀ ਇਸਨੂੰ ਅਵਾਜ਼ ਦੇਣ ਦੀ ਸੱਤਾ ਦਿੰਦੀ ਹੈ ਉਹ ਸਰਬ ਚੇਤਨ, ਪਰਿਪੂਰਨ, ਸਭ ਦੀ ਪਿਆਰੀ, ਨਿਰਾ ਹੀ ਪਿਆਰ ਦਾ ਰੂਪ, ਸਤਿ ਚਿੱਤ ਅਨੰਦ; ਬ੍ਰਹਮ ਵਸਤੂ ਹੈ। ਜਿਹੜਾ ਇਨ੍ਹਾਂ ਸ਼ਬਦਾਂ ਦੇ ਅਨੁਭਵ ਕਰਦਾ ਹੋਇਆ ਉਸ ਬ੍ਰਹਮ ਵਸਤੂ ਦਾ ਅਨੁਭਵ ਕਰ ਲੈਂਦਾ ਹੈ ਉਸਦੇ ਸਾਰੇ ਸੰਸੇ ਖਤਮ ਹੋ ਜਾਂਦੇ ਹਨ। ਮਨ ਅਤਿ ਹੀ ਸੂਖਸ਼ਮ ਹੈ, ਇਸਦੀ ਸੂਖਮਤਾ ਦਾ ਕੋਈ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਦਾ। ਪਰ ਫਿਰ ਵੀ ਜੋ ਅਨੁਮਾਨ ਲਾਇਆ ਗਿਆ ਹੈ ਉਹ ਇਸ ਤਰ੍ਹਾਂ ਹੈ ਕਿ ਵਾਲ ਦੇ ਅਗਰ ਭਾਗ ਯਾਨਿ ਕਿ ਵਾਲ ਨੂੰ ਪਾੜ ਕੇ ਲਖ ਟੁਕੜੇ ਕਰ ਲਵੇ ਫੇਰ ਇਸਦੇ ਲਖਵੇਂ ਟੁਕੜੇ ਨੂੰ ਫੜ ਕੇ ਉਸਦੇ ਲਖ ਟੁਕੜੇ ਫੇਰ ਕਰ ਲਵੇ, ਫੇਰ ਜੋ ਬਾਕੀ ਬਚਦਾ ਹੈ, ਉਸ ਇਕ ਟੁਕੜੇ ਦਾ ਅੱਧਾ ਭਾਗ ਕਰ ਲਵੇ ਇਹਦੇ ਬਰਾਬਰ ਮਨ ਦੀ ਸੂਖਮਤਾਈ ਹੈ। ਮਨ ਕਿਉਂਕਿ ਮਾਇਆ ਦੀ ਅੰਸ ਹੈ, ਪੰਜਾਂ ਤੱਤਾਂ ਤੋਂ ਇਸਦੀ ਉਪਜ ਹੈ, ਇਸ ਲਈ ਇਸਦਾ ਨਾਪ ਤੇ ਤੋਲ ਕਿਸੇ ਨਾ ਕਿਸੇ ਤਰ੍ਹਾਂ ਹੋ ਸਕਦਾ ਹੈ। ਐਨੇ ਸੂਖਸ਼ਮ ਮਨ ਨੂੰ ਖੇਜ (ਨਾਸ਼) ਕਰਕੇ ਹੀ ਨਿਰੰਜਨ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਪ੍ਰਮਾਤਮਾ ਸਭ ਜੀਵਾਂ ਵਿਚ ਇਸ ਤਰ੍ਹਾਂ ਰਹਿੰਦਾ ਹੈ ਜਿਵੇਂ ਫੁਲਾਂ ਵਿਚ ਸੁਗੰਧੀ ਰਹਿੰਦੀ ਹੈ ਅਤੇ ਦੁੱਧ ਵਿਚ ਘੀ (ਘਿਰਤ), ਤਿਲਾਂ ਵਿਚ ਤੇਲ, ਪੱਥਰਾਂ ਵਿਚ ਹੀਰਾ, ਜਵਾਹਰਾਤ ਤੇ ਸੋਨਾ ਰਹਿੰਦਾ ਹੈ, ਮਣੀਆਂ ਵਿਚ ਜਿਵੇਂ ਧਾਗਾ ਰਹਿੰਦਾ ਹੈ, ਇਵੇਂ ਹੀ ਸਾਰੇ ਦ੍ਰਿਸ਼ਟਮਾਨ ਵਿਚ ਸਰਬ ਭੂਤਾਂ ਵਿਚ ਆਤਮਾ ਰਹਿੰਦੀ ਹੈ। ਉਸ ਆਤਮਾ ਰੂਪ ਬ੍ਰਹਮ ਵਿਚ ਬ੍ਰਹਮ ਬੇਤਾ ਅਸਥਿਰ ਬੁੱਧ ਹੋ ਕੇ ਰਹਿੰਦਾ ਹੈ ਅਤੇ ਉਸਨੂੰ ਮੁਕਤ ਕਿਹਾ ਜਾਂਦਾ ਹੈ।

ਬਹੁਤ ਸਾਰੇ ਅੱਜਕਲ ਦੇ ਵਿਦਵਾਨ ਅਨੁਭਵ ਤੋਂ ਹੀਣੇ ਹੋਣ ਕਰਕੇ ਬੁੱਧੀ ਮੰਡਲ ਦੀ ਅੰਧਕਾਰਮਈ ਅਵਸਥਾ ਦੇ ਵਿਚ ਜਿਥੇ ਨਾ ਸ਼ਬਦ ਦੀ ਧੁਨ ਸੁਣਦੀ ਹੈ ਤੇ ਨਾ ਸ਼ਬਦ ਦਾ ਪ੍ਰਕਾਸ਼ ਹੁੰਦਾ ਹੈ, ਕਹਿ ਦਿੰਦੇ ਹਨ ਕਿ ਨਾ ਹੀ ਓਥੇ ਕੋਈ ਅਨਹਦ ਸ਼ਬਦ ਹੈ ਅਤੇ ਨਾ ਹੀ ਕੋਈ ਪ੍ਰਕਾਸ਼ ਹਨ; ਪਰ ਮਹਾਰਾਜ ਜੀ ਇਸਦੇ ਵਿਪਰੀਤ ਫੁਰਮਾਨ ਕਰਦੇ ਹਨ -

*ਸਹਜ ਗੁਫਾ ਮਹਿ ਆਸਣੁ ਬਾਧਿਆ॥*
*ਜੋਤਿ ਸਰੂਪ ਅਨਾਹਦੁ ਵਾਜਿਆ॥* *ਪੰਨਾ - 370*

*ਅਨਹਦ ਧੁਨੀ ਮੇਰਾ ਮਨੁ ਮੋਹਿਓ*
*ਅਚਰਜ ਤਾ ਕੇ ਸ੍ਵਾਦ॥* *ਪੰਨਾ - 1226*

*ਤਪਤਿ ਬੁਝੀ ਸੀਤਲ ਆਘਾਨੇ*
*ਸੁਨਿ ਅਨਹਦ ਬਿਸਮ ਭਏ ਬਿਸਮਾਦ॥* *ਪੰਨਾ - 1218*
*ਦੇਵ ਸਥਾਨੈ ਕਿਆ ਨੀਸਾਣੀ॥*
*ਤਹ ਬਾਜੇ ਸਬਦ ਅਨਾਹਦ ਬਾਣੀ॥* *ਪੰਨਾ - 974*

*ਪੰਚ ਸਬਦ ਤਹ ਪੂਰਨ ਨਾਦ॥*
*ਅਨਹਦ ਬਾਜੇ ਅਚਰਜ ਬਿਸਮਾਦ॥* *ਪੰਨਾ - 888*

*ਅਨਹਤ ਬਾਣੀ ਥਾਨੁ ਨਿਰਾਲਾ॥*
*ਤਾ ਕੀ ਧੁਨਿ ਮੋਹੇ ਗੋਪਾਲਾ॥* *ਪੰਨਾ - 186*

ਆਤਮ ਗਿਆਨ ਨਾਲ ਮੁਕਤੀ ਮਿਲਦੀ ਹੈ ਪਰ ਆਤਮ ਗਿਆਨ ਘਾਲ ਕਮਾਈ ਕੀਤੇ ਬਿਨਾਂ ਬੁੱਧੀ ਮੰਡਲ ਦੀ ਕਲਪਨਾ ਨਾਲ ਕਦੇ ਵੀ ਨਹੀਂ ਹੋਇਆ ਕਰਦਾ। ਯੋਗ ਅਗਨੀ ਸਾਰੇ ਪਾਪਾਂ ਦਾ ਛੇਤੀ ਹੀ ਨਾਸ਼ ਕਰ ਦਿੰਦੀ ਹੈ ਅਤੇ ਨਿਰਮਲ ਹੋਏ ਅੰਤਸ਼ਕਰਣ ਵਿਚ ਗਿਆਨ ਦਾ ਪ੍ਰਕਾਸ਼ ਡਲਕਾਂ ਮਾਰਦਾ ਹੈ। ਸਾਧਨਾ ਦੇ ਬਲ ਨਾਲ ਨਿਰੁਧ ਕੀਤਾ ਹੋਇਆ ਮਨ ਸੰਸਾਰ ਦੇ ਵਿਸ਼ਿਆਂ ਵਿਚ ਦੌੜੇ ਬਿਨਾਂ ਜਦੋਂ ਲੀਨ ਹੋ ਜਾਂਦਾ ਹੈ, ਉਹ ਮੁਕਤ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ। ਜਦੋਂ ਮਨ ਸੀਤਲ ਹੋ ਜਾਂਦਾ ਹੈ, ਜਗਤ ਵੀ ਸੀਤਲ ਹੋ ਜਾਂਦਾ ਹੈ। ਆਸਾ, ਤ੍ਰਿਸ਼ਨਾ ਦੇ ਵਿਚ ਤਪੇ ਲੋਕਾਂ ਨੂੰ ਜਗਤ ਅੱਗ ਵਰਗਾ ਪ੍ਰਤੀਤ ਹੁੰਦਾ ਹੈ। ਜਦੋਂ ਮਨ ਉਨਮਨ ਹੋ ਗਿਆ ਤਾਂ ਇਹੀ ਜਗਤ ਬ੍ਰਹਮ ਰੂਪ ਹੋ ਕੇ ਭਾਸਦਾ ਪ੍ਰਮ ਸੀਤਲ ਪ੍ਰਤੀਤ ਦਿੰਦਾ ਹੈ।

ਉਪਰ ਲਿਖਿਆ ਜੋ ਅਨਹਦ ਸ਼ਬਦਾਂ ਦਾ ਵਰਨਣ ਕੀਤਾ ਹੈ ਇਹ ਘਾਲ ਕਮਾਈ ਦਾ ਬਹੁਤ ਕਠਿਨ ਮਾਰਗ ਹੈ। ਸਹਿਜ ਅਵਸਥਾ ਦੀ ਪ੍ਰਾਪਤੀ ਗੱਲਾਂ ਨਾਲ ਨਹੀਂ ਹੋਇਆ ਕਰਦੀ, ਇਹਦੇ ਵਿਚ ਬਹੁਤ ਜ਼ਰੂਰੀ ਅਭਿਆਸ ਦੀ ਲੋੜ ਹੈ -

*ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥*
*ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥*

*ਪੰਨਾ - 1367*

ਪਰ ਜੇ ਸਮਰੱਥ ਗੁਰੂ ਦੀ ਕ੍ਰਿਪਾ ਹੋ ਜਾਵੇ ਅਤੇ ਉਸਦੀ ਪ੍ਰਸੰਨਤਾ ਦੀ ਲਹਿਰ ਨਾਲ ਸੰਪਰਕ ਹੋ ਜਾਵੇ ਤਾਂ ਸਹਿਜੇ ਹੀ ਇਹ ਸਾਰੀਆਂ ਅਵਸਥਾਵਾਂ ਪ੍ਰਾਪਤ ਹੋ ਜਾਇਆ ਕਰਦੀਆਂ ਹਨ -

*ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥*
*ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥*

*ਪੰਨਾ - 1367*

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਤ੍ਰਿਕੁਟੀ ਜਿਥੇ ਤਿੰਨ ਨਾੜੀਆਂ ਇਕੱਠੀਆਂ ਹੁੰਦੀਆਂ ਹਨ, ਜਿਸਨੂੰ ਗੁਰਬਾਣੀ ਵਿਚ 'ਤ੍ਰਿਵੇਣੀ' ਵੀ ਕਿਹਾ ਗਿਆ ਹੈ, ਉਥੇ ਬਹੁਤ ਦੇਰ ਤਕ ਇਕਾਗਰ

ਚਿਤ ਹੋ ਕੇ, ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹਿਕੇ ਅਭਿਆਸ ਕਰਨਾ ਪੈਂਦਾ ਹੈ ਕਿਉਂਕਿ ਉਥੇ ਜੋ ਅੰਤ੍ਰੀਵ ਬਜਰ ਕਪਾਟ ਜੜੇ ਹੋਏ ਹਨ, ਜਿਨ੍ਹਾਂ ਬਾਰੇ ਫੁਰਮਾਨ ਹੈ -

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥* *ਪੰਨਾ - 1033*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਪੰਨਾ - 954*

*ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨੁ ਖੀਵਾ ਭਾਈ॥*
*ਪੰਨਾ - 1123*

ਹੋਰ ਗੁਰਬਾਣੀ ਦਾ ਫੁਰਮਾਨ ਹੈ ਕਿ ਧਿਆਤਾ, ਧਿਆਨ, ਧੇਅ ਅਤੇ ਗਿਆਤਾ, ਗਿਆਨ, ਗੇਅ ਦੀਆਂ ਦੋਵੇਂ ਤ੍ਰਿਕੁਟੀਆਂ ਛੁਟਣ ਨਾਲ ਨਿਜ ਘਰ ਵਿਚ ਵਾਸਾ ਹੋ ਜਾਇਆ ਕਰਦਾ ਹੈ -

*ਕਾਚੀ ਮਟੁਕੀ ਬਿਨਸਿ ਬਿਨਾਸਾ॥*
*ਜਿਸੁ ਛੂਟੈ ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ॥ਪੰਨਾ - 374*

ਤ੍ਰਿਕੁਟੀ ਤੋਂ ਅੱਗੇ ਦਸਵਾ ਦੁਆਰ ਹੈ। ਉਥੇ ਦੀ ਲੀਲਾ ਅਚਰਜ ਹੈ ਜੋ ਦੱਸਣ ਤੇ ਲਿਖਣ ਵਿਚ ਨਹੀਂ ਆਉਂਦੀ, ਕੇਵਲ ਅਨੁਭਵ ਕੀਤੀ ਜਾ ਸਕਦੀ ਹੈ।

*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ॥* *ਪੰਨਾ - 922*

*ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥*
*ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ॥*
*ਪੰਨਾ - 974*

*ਪਸਚਮ ਦੁਆਰੇ ਕੀ ਸਿਲ ਓੜ॥*
*ਤਿਹ ਸਿਲ ਊਪਰਿ ਖਿੜਕੀ ਅਉਰ॥*
*ਖਿੜਕੀ ਊਪਰਿ ਦਸਵਾ ਦੁਆਰੁ॥*
*ਕਹਿ ਕਬੀਰ ਤਾ ਕਾ ਅੰਤੁ ਨ ਪਾਰੁ॥* *ਪੰਨਾ - 1159*

ਦਸਵੇਂ ਦੁਆਰੇ ਤੋਂ ਅੱਗੇ ਸੁੰਨ ਮੰਡਲ ਹੈ ਜਿਸ ਥਾਂ ਪੁਜੀ ਹੋਈ ਰੂਹ ਪ੍ਰਮੇਸ਼ਰ ਦਾ ਰੂਪ ਬਣਦੀ ਹੈ -

*ਸੁੰਨੋ ਸੁੰਨੁ ਕਹੈ ਸਭੁ ਕੋਈ॥*
*ਅਨਹਤ ਸੁੰਨੁ ਕਹਾ ਤੇ ਹੋਈ॥*
*ਅਨਹਤ ਸੁੰਨਿ ਰਤੇ ਸੇ ਕੈਸੇ॥*
*ਜਿਸ ਤੇ ਉਪਜੇ ਤਿਸ ਹੀ ਜੈਸੇ॥*
*ਓਇ ਜਨਮਿ ਨ ਮਰਹਿ ਨ ਆਵਹਿ ਜਾਹਿ॥*
*ਨਾਨਕ ਗੁਰਮੁਖਿ ਮਨੁ ਸਮਝਾਹਿ॥* *ਪੰਨਾ - 943*

*ਸੁੰਨ ਸਮਾਧਿ ਗੁਫਾ ਤਹ ਆਸਨੁ॥*
*ਕੇਵਲ ਬ੍ਰਹਮ ਪੂਰਨ ਤਹ ਬਾਸਨੁ॥* *ਪੰਨਾ - 894*

ਸੁੰਨ ਮੰਡਲ ਤੋਂ ਅੱਗੇ ਜਦੋਂ ਰੂਹ ਪਹੁੰਚਦੀ ਹੈ ਤਾਂ ਉਹ ਪ੍ਰਮ ਨਿਰਮਲ ਹੋ ਕੇ ਪ੍ਰਭੂ ਨਾਲ ਅਭੇਦ ਹੋ ਜਾਂਦੀ ਹੈ ਅਤੇ ਮਾਇਆ ਦੇ ਤਿੰਨਾਂ ਗੁਣਾਂ, ਤਿੰਨਾਂ ਸਰੀਰਾਂ, ਚਾਰੇ ਬਾਣੀਆਂ ਹੋਰ ਸਾਰੇ ਪ੍ਰਪੰਚਾਂ ਤੋਂ ਨਿਆਰੀ ਹੋ ਕੇ ਪ੍ਰਭੂ ਵਿਚ ਐਉਂ ਮਿਲ ਜਾਂਦੀ ਹੈ ਜਿਵੇਂ ਪਾਣੀ ਵਿਚ ਪਾਣੀ ਮਿਲਦਾ ਹੈ -

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥* *ਪੰਨਾ - 278*

*ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥*
*ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥*
*ਪੰਨਾ - 297*

ਇਸ ਅਵਸਥਾ ਵਿਚ ਪੁੱਗੀ ਹੋਈ ਪਰਵਾਣ ਆਤਮਾ ਨੂੰ 'ਸੰਤ' ਕਿਹਾ ਜਾਂਦਾ ਹੈ। ਸੰਤ ਦਾ ਦਰਜਾ ਇਸ ਤੋਂ ਹੇਠਾਂ ਬਿਲਕੁਲ ਨਹੀਂ ਹੈ। ਭੇਖਧਾਰੀ, ਅਗਿਆਨੀ ਪੁਰਸ਼ ਆਪਣੇ ਆਪ ਨੂੰ ਅੰਧ ਅਵਸਥਾ ਵਿਚ ਰਹਿੰਦਿਆਂ ਹੋਇਆਂ ਭੀ ਸੰਤ ਅਖਵਾਉਣ ਲਗ ਜਾਂਦੇ ਹਨ ਅਤੇ ਆਪ ਵੀ ਡੁੱਬਦੇ ਹਨ, ਜਿਹੜੇ ਇਨ੍ਹਾਂ ਦੇ ਪਿੱਛੇ ਲਗਦੇ ਹਨ ਉਹ ਵੀ ਡੁੱਬ ਜਾਇਆ ਕਰਦੇ ਹਨ। ਸੰਤ ਤੇ ਅਨੰਤ ਵਿਚ ਕੋਈ ਵੀ ਅੰਤਰ ਨਹੀਂ ਹੋਇਆ ਕਰਦਾ। ਇਉਂ ਕਹੋ ਕਿ ਉਹ ਦੇਖਣਹਾਰ ਸਰੀਰ; ਜਿਸਦਾ ਕੋਈ ਨਾਮ ਹੈ, ਜਿਸ ਵਿਚ ਕੋਈ ਵਸਦਾ ਸੀ, ਉਹ ਪੂਰੀ ਤਰ੍ਹਾਂ ਨਾਲ ਫਨਾਹ ਹੋ ਕੇ ਉਸ ਵਿਚ ਕੇਵਲ ਵਾਹਿਗੁਰੂ ਜੀ ਹੀ ਰਹਿੰਦੇ ਹਨ। ਵਾਹਿਗੁਰੂ ਜੀ ਰਹਿੰਦੇ ਤਾਂ ਪਹਿਲਾਂ ਵੀ ਸੀ ਪਰ ਪਰਛਾਵਾਂ ਰੂਪ ਅਗਿਆਨਮਈ ਜੀਵ ਆਪਣੇ ਆਪ ਨੂੰ ਉਸ ਪਾਰਬ੍ਰਹਮ ਤੋਂ ਵੱਖਰਾ ਕਰਕੇ ਉਸ ਪ੍ਰਮ ਬ੍ਰਹਮ ਨਾਲੋਂ ਟੁੱਟਿਆ ਹੋਇਆ ਸੀ। ਜਦੋਂ ਅਭਿਆਸ ਰਾਹੀਂ ਕਰੜੀ ਘਾਲ ਕਮਾਈ ਕੀਤੀ ਜਿਵੇਂ ਕਿ -

*ਰੇਤ ਅੱਕ ਆਹਾਰ ਕਰਿ,*
*ਰੋੜਾਂ ਕੀ ਗੁਰ ਕਰੀ ਵਿਛਾਈ।*
*ਭਾਰੀ ਕਰੀ ਤਪਸਿਆ,*
*ਬਡੇ ਭਾਗ ਹਰਿ ਸਿਉਂ ਬਣਿ ਆਈ॥*
*ਭਾਈ ਗੁਰਦਾਸ ਜੀ, ਵਾਰ 1/24*

ਤਾਂ ਆਪਾ ਫਨਾਹ ਕਰਕੇ, ਫਿਨਾਹ-ਫਿਲਾ ਅਵਸਥਾ ਵਿਚ ਹੋ ਕੇ ਆਪਣਾ ਆਪ ਮਿਟਣ ਤੇ, ਵਾਹਿਗੁਰੂ ਹੀ ਰਹਿ ਗਿਆ। ਅਖੀਰ ਵਿਚ ਸਚਖੰਡ ਦੇ ਮੰਡਲ ਦਾ ਅਨੁਭਵ ਹੋਇਆ ਕਰਦਾ ਹੈ। ਉਸ ਥਾਂ ਦਾ ਨਿਰਾਲਾ ਵਾਤਾਵਰਣ ਹੈ ਜਿਵੇਂ ਸ੍ਰੀ ਜਪੁਜੀ ਸਾਹਿਬ ਵਿਚ ਉਸ ਅਵਸਥਾ ਦੀ ਕੁਝ ਲੀਲਾ ਵਰਣਨ ਹੈ -

*ਸਚ ਖੰਡਿ ਵਸੈ ਨਿਰੰਕਾਰੁ॥*
*ਕਰਿ ਕਰਿ ਵੇਖੈ ਨਦਰਿ ਨਿਹਾਲ॥*
*ਤਿਥੈ ਖੰਡ ਮੰਡਲ ਵਰਭੰਡ॥*
*ਜੇ ਕੋ ਕਥੈ ਤ ਅੰਤ ਨ ਅੰਤ॥*
*ਤਿਥੈ ਲੋਅ ਲੋਅ ਆਕਾਰ॥*
*ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥*
*ਵੇਖੈ ਵਿਗਸੈ ਕਰਿ ਵੀਚਾਰੁ॥*
*ਨਾਨਕ ਕਥਨਾ ਕਰੜਾ ਸਾਰੁ॥* *ਪੰਨਾ - 8*

(ਬਾਕੀ ਪੰਨਾ 50 ਤੇ)

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*

*ਅਨੁਵਾਦਕ - ਡਾ. ਬੀਬੀ ਤਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 43)*

## ਅਸੀਂ ਗੁਫਾਵਾਂ ਵਿਚ ਕਿਸ ਤਰ੍ਹਾਂ ਰਹਿੰਦੇ ਹਾਂ

ਜਿਹੜੇ ਸਾਧਕ ਮੁੱਢ ਤੋਂ ਹੀ ਗਰੀਬੀ ਵੇਸ ਰਖਦੇ ਹੋਣ ਤੇ ਸੰਜਮ ਵਿਚ ਰਹਿਣਾ ਜਾਣਦੇ ਹੋਣ, ਉਹ ਹੀ ਹਿਮਾਲੀਆ ਦੀਆਂ ਗੁਫਾਵਾਂ ਵਿਚ ਰਹਿ ਸਕਦੇ ਹਨ। ਇਨ੍ਹਾਂ ਸਾਧਕਾਂ ਲਈ ਹਿਮਾਲੀਆ ਦੇ ਕਈ ਹਿਸਿਆਂ ਵਿਚ ਇਹੋ ਜਿਹੀਆਂ ਗੁਫਾਵਾਂ ਹਨ ਜਿਨ੍ਹਾਂ ਵਿਚ ਚਾਰ ਪੰਜ ਸਾਧਕ ਇਕੱਠੇ ਰਹਿ ਸਕਦੇ ਹਨ। ਇਨ੍ਹਾਂ ਬਹੁਤ ਸਾਰੀਆਂ ਗੁਫਾਵਾਂ ਵਿਚ ਪ੍ਰੰਪਰਾਵਾਂ ਤੋਂ ਚਲੀਆਂ ਆ ਰਹੀਆਂ ਹਨ। ਮੇਰਾ ਪਾਲਨ ਪੋਸ਼ਨ ਇਹੋ ਜਿਹੀ ਇਕ ਗੁਫਾ ਵਿਚ ਹੋਇਆ। ਇਸ ਗੁਫਾ ਦੀ ਪ੍ਰੰਪਰਾ ਘੱਟੋ-ਘੱਟ ਪੰਜ ਸੌ ਸਾਲ ਪੁਰਾਣੀ ਹੈ। ਇਸ ਦਾ ਇਤਿਹਾਸ ਉਥੇ ਦੇ ਰਹਿਣ ਵਾਲਿਆਂ ਨੂੰ ਪਤਾ ਹੈ। ਪਹਿਲੇ ਗੁਰੂ ਕੌਣ ਸੀ, ਪ੍ਰੰਪਰਾ ਕਿਥੋਂ ਅਰੰਭ ਹੋਈ; ਇਹ ਸਭ ਕੁਝ ਗੁਫਾ ਵਿਚ ਲਿਖਤੀ ਰੂਪ ਵਿਚ ਮੌਜੂਦ ਹੈ।



ਮੇਰੀ ਗੁਫਾ ਇਕ ਕੁਦਰਤੀ ਗੁਫਾ ਹੈ। ਇਸਦੇ ਕਈ ਭਾਗ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਕਈ ਸਾਲਾਂ ਤੋਂ ਪਹਾੜਾਂ ਨੂੰ ਕੱਟ-ਕੱਟ ਕੇ ਇਸਨੂੰ ਵੱਡਾ ਕੀਤਾ ਗਿਆ ਹੈ ਤਾਂ ਜੋ ਕਈ ਸਾਧਕ ਇਸ ਵਿਚ ਰਹਿ ਸਕਣ। ਇਥੇ ਜਿੰਨੀਆਂ ਵੀ ਪੀੜ੍ਹੀਆਂ ਰਹਿ ਕੇ ਗਈਆਂ ਹਨ, ਉਨ੍ਹਾਂ ਨੇ ਇਸ ਨੂੰ ਆਰਾਮਦਾਇਕ ਤੇ ਸ਼ਾਤਮਈ ਬਣਾਇਆ ਹੈ ਪਰ ਇਹ ਕਿਸੇ ਪੱਖੋਂ ਵੀ ਆਧੁਨਿਕ ਨਹੀਂ ਹਨ। ਇਨ੍ਹਾਂ ਵਿਚ ਰਸੋਈ, ਗੁਸਲਖਾਨਾ ਤੇ ਇਹੋ ਜਿਹੀਆਂ ਹੋਰ ਸਹੂਲਤਾਂ ਨਹੀਂ ਹਨ, ਤਾਂ ਵੀ ਮੱਠ ਬੜੀ ਸੁਚੱਜੀ ਤਰ੍ਹਾਂ ਚਲ ਰਹੇ ਹਨ।

ਗੁਫਾ ਦੇ ਅੰਦਰ ਰੌਸ਼ਨੀ ਲਈ ਜੜੀਆਂ-ਬੂਟੀਆਂ ਤੋਂ ਬਣੇ ਧੂਪ ਦੀ ਵਰਤੋਂ ਕੀਤੀ ਜਾਂਦੀ ਹੈ। ਜਦੋਂ ਰੌਸ਼ਨੀ ਦੀ ਲੋੜ ਹੋਵੇ ਉਸਨੂੰ ਜਲਣ ਦਿਤਾ ਜਾਂਦਾ ਹੈ ਤੇ ਜਦੋਂ ਬੁਝਾ ਦਿਉ ਤਾਂ ਉਸ ਦੀ ਖੁਸ਼ਬੂ ਆਉਂਦੀ ਰਹਿੰਦੀ ਹੈ। ਸੋ ਰੌਸ਼ਨੀ ਤੇ ਖੁਸ਼ਬੂ ਦੋਨਾਂ ਲਈ ਇਸਨੂੰ ਵਰਤਿਆ ਜਾਂਦਾ ਹੈ। ਧੂਪ ਨੂੰ ਕੁਟ ਕੇ ਇਸ ਦੀ ਚਾਰ ਇੰਚ ਲੰਬੀ ਬੱਤੀ ਬਣਾ ਲਈ ਜਾਂਦੀ ਹੈ। ਇਹ ਬਹੁਤ ਅੱਛੀ ਜਲਦੀ ਹੈ ਤੇ ਇਸ ਦੀ ਰੌਸ਼ਨੀ ਵਿਚ ਬਹੁਤ ਚੰਗੀ ਤਰ੍ਹਾਂ ਪੜ੍ਹਿਆ ਜਾ ਸਕਦਾ ਹੈ। ਚੀੜ੍ਹ ਤੇ ਦੇਉਦਾਰ ਦੀ ਲਕੜੀ ਨੂੰ ਵੀ ਪ੍ਰਕਾਸ਼ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਦੋਨੋਂ ਦਰਖਤਾਂ ਵਿਚ ਕੁਦਰਤੀ ਤੌਰ ਤੇ ਗੋਂਦ ਹੋਣ ਕਰਕੇ ਇਹ ਬਹੁਤ ਆਸਾਨੀ ਨਾਲ ਜਲਦੀਆਂ ਹਨ। ਗੁਫਾਵਾਂ ਵਿਚ ਅਖੰਡ ਧੂਣੀ ਜਲਦੀ ਰਹਿੰਦੀ ਹੈ ਜਿਸ ਵਿਚ ਵੱਡੀਆਂ-ਵੱਡੀਆਂ ਲਕੜੀਆਂ ਲਾ ਦਿਤੀਆਂ ਜਾਂਦੀਆਂ ਹਨ। ਗਰਮੀਆਂ ਵਿਚ ਹੀ ਸਰਦੀਆਂ ਲਈ ਬਾਲਣ ਇਕੱਠਾ ਕੀਤਾ ਜਾਂਦਾ ਹੈ ਤੇ ਗਰਮੀਆਂ ਵਿਚ ਹੀ ਪਹਾੜੀ ਦਰਿਆਵਾਂ ਦੇ ਕੰਢੇ ਸਵਾਸਥ ਵਰਦਕ ਸਬਜ਼ੀਆਂ ਵੀ ਲਾ ਦਿਤੀਆਂ ਜਾਂਦੀਆਂ ਹਨ ਜਿਵੇਂ ਕਿ ਸ਼ਲਗਮ, ਲਿੰਗੋਰ, ਔਗਲ ਤੇ ਪਾਲਕ ਆਦਿ ਵਰਗੇ ਕਈ ਤਰ੍ਹਾਂ ਦੇ ਸਾਗ ਪੈਦਾ ਹੁੰਦੇ ਹਨ, ਕਈ ਪ੍ਰਕਾਰ ਦੇ ਕੰਦ-ਮੂਲ ਵੀ ਹੁੰਦੇ ਹਨ ਜਿਵੇਂ ਕਿ ਤਰੂਰ ਤੇ ਗੇਨਥੀ। ਗੁਫਾ ਵਿਚ ਸਾਧਕ ਜੌਂ, ਆਲੂ, ਕਣਕ, ਛੋਲੇ ਤੇ ਮੱਕੀ ਤੇ ਗੁਜ਼ਾਰਾ ਕਰਦੇ ਹਨ। ਇਹ ਚੀਜ਼ਾਂ ਲਗਭਗ 6500 ਤੋਂ 7000 ਫੁੱਟ ਤੇ ਵਸੇ ਹੋਏ ਪਿੰਡਾਂ ਤੋਂ ਪ੍ਰਾਪਤ ਹੁੰਦੀਆਂ ਹਨ। ਹਰ ਪਿੰਡ ਵਿਚ ਕੰਬਲ, ਦਰੀ, ਗਲੀਚੇ ਤੇ ਗਰਮ ਕੱਪੜੇ ਬੁਣਨ ਦਾ ਕੰਮ ਕੀਤਾ ਜਾਂਦਾ ਹੈ। ਗੁਫਾ ਦੇ ਨਾਲ ਹੀ ਸਥਾਈ ਨਦੀ ਵਹਿੰਦੀ ਹੈ। ਨਵੰਬਰ ਦਿਸੰਬਰ ਵਿਚ ਜਦੋਂ ਪਾਣੀ ਜੰਮ ਜਾਂਦਾ ਹੈ, ਅਸੀਂ ਬਰਫ ਨੂੰ ਪੰਘਾਰ ਕੇ ਉਸ ਨੂੰ ਪੀਣ ਦੇ ਕੰਮ ਲਿਆਉਂਦੇ ਹਾਂ। ਮਨਾਲੀ ਦੀਆਂ ਗੁਫਾਵਾਂ ਵਿਚ ਤਾਜ਼ਾ ਪਾਣੀ ਉਪਲਬਧ ਨਹੀਂ ਹੈ। ਸਾਨੂੰ ਚਾਰ ਪੰਜ ਮੀਲ ਤੋਂ ਪਾਣੀ ਲਿਆਉਣਾ ਪੈਂਦਾ ਹੈ।

ਕੁਛ ਸਥਾਨ ਐਸੇ ਵੀ ਹਨ ਜਿਥੇ ਹਾਲੇ ਵੀ ਪੁਰਾਣੇ ਤਰੀਕੇ ਨਾਲ ਪੜ੍ਹਾਇਆ ਜਾਂਦਾ ਹੈ। ਉਥੇ ਅਧਿਆਪਕ ਕੁਦਰਤੀ ਗੁਫਾ ਵਿਚ ਰਹਿੰਦਾ ਹੈ ਤੇ ਜਗਿਆਸੂ ਅਨੇਕ ਥਾਵਾਂ ਤੋਂ ਆ ਕੇ ਸਾਧਨਾ ਵਿਚ ਜੁਟ ਜਾਂਦੇ ਹਨ। ਉਥੋਂ ਦੇ ਵਾਤਾਵਰਣ ਵਿਚ ਉਹ ਹੀ ਰਹਿ ਸਕਦੇ ਹਨ ਜਿਨ੍ਹਾਂ ਨੇ ਆਪਣੀਆਂ ਵਾਸ਼ਨਾਵਾਂ ਅਤੇ ਤ੍ਰਿਸ਼ਨਾਵਾਂ ਤੇ ਕਾਬੂ ਪਾ ਲਿਆ ਹੋਵੇ। ਸਾਰੇ ਜਗਿਆਸੂ ਇਥੇ ਤਕ ਨਹੀਂ ਪਹੁੰਚ ਸਕਦੇ ਕਿਉਂਕਿ ਇਹ ਸਥਾਨ ਭੌਤਿਕ ਰੂਪ ਵਿਚ ਆਕਰਸ਼ਕ ਨਹੀਂ ਹਨ। ਜੇ ਕੋਈ ਘਰੋਂ ਰੁੱਸ ਕੇ ਜਾਂ ਦੁਨੀਆਂ ਤੋਂ ਨਿਰਾਸ਼ ਹੋ ਕੇ ਕਿਸੇ ਸਿੱਧ ਪੁਰਸ਼ ਦੀ ਢੂੰਡ ਵਿਚ ਨਿਕਲਦਾ ਹੈ, ਉਹ ਕਦੇ ਵੀ ਇਨ੍ਹਾਂ ਗੁਫਾਵਾਂ ਤਕ ਨਹੀਂ ਪਹੁੰਚ ਸਕਦਾ। ਸੱਚਾ ਤੇ ਪੱਕਾ ਸ਼ਰਧਾਲੂ ਹੀ ਇਨ੍ਹਾਂ ਗੁਫਾਵਾਂ ਤਕ ਪਹੁੰਚ ਸਕਦਾ ਹੈ।

ਏਥੇ ਸਿਖਿਆ practically ਦਿਤੀ ਜਾਂਦੀ ਹੈ ਤੇ ਨਿਸ਼ਚਿਤ ਸਮੇਂ ਤੇ ਹੀ ਦਿਤੀ ਜਾਂਦੀ ਹੈ। ਸਮੇਂ-ਸਮੇਂ ਸਾਧਕਾਂ ਨੂੰ ਆਪਣੀ ਸਫਲਤਾ ਦਾ ਸਬੂਤ ਵੀ ਦੇਣਾ ਪੈਂਦਾ ਹੈ। ਇਕ ਵਕਤ ਇਸ ਤਰ੍ਹਾਂ ਦਾ ਵੀ ਆਉਂਦਾ ਹੈ ਕਿ ਗੁਰੂ, ਬਿਨਾਂ ਬੋਲੇ ਹੀ ਆਦੇਸ਼ ਦਿੰਦਾ ਹੈ। ਜਦੋਂ ਸਾਧਕ ਇਕ ਸਤੱਰ ਤਕ ਪਹੁੰਚ ਜਾਂਦਾ ਹੈ, ਉਸ ਨੂੰ ਸ਼ਹਿਰਾਂ ਤੇ ਪਿੰਡਾਂ ਵਿਚ ਲੋਕ ਕਲਿਆਣ ਵਾਸਤੇ ਭੇਜਿਆ ਜਾਂਦਾ ਹੈ ਤੇ

ਇਨ੍ਹਾਂ ਵਿਚੋਂ ਹੀ ਕੁਝ ਉਚ ਕੋਟੀ ਦੇ ਸਾਧਕ ਕਦੀ ਕਦੀ ਅਜ ਦੇ ਸਮੇਂ ਵਿਚ ਪੀੜਤ ਸੰਸਾਰ ਦਾ ਮਾਰਗ ਦਰਸ਼ਨ ਕਰਾਉਣ ਆਉਂਦੇ ਹਨ।

ਇਹ ਬਹੁਤ ਹੀ ਜ਼ਰੂਰੀ ਹੈ ਕਿ ਆਪਣਾ ਜੀਵਨ ਸਿਰਜਨਾਤਮਕ ਹੋਵੇ ਤੇ ਸਦਾ ਦੂਸਰਿਆਂ ਦੇ ਹਿਤ ਵਿਚ ਹੋਵੇ ਤੇ ਸਹਾਇਤਾ ਕਰਨ ਵਾਲਾ ਹੋਵੇ। ਇਹ ਸਭ ਕੁਝ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਾਧਕ ਆਪਣੇ ਆਪ ਨੂੰ ਅਧਿਆਤਮਕ ਅਨੁਸ਼ਾਸ਼ਨ ਵਿਚ ਰਖੇ, ਆਪਣੀ ਸੋਚ, ਕਥਨੀ ਤੇ ਕਰਨੀ ਤੇ ਪੂਰਾ ਕਾਬੂ ਪਾ ਲਵੇ। ਜਿਸ ਤਰ੍ਹਾਂ ਦਾ ਅਨੁਸ਼ਾਸ਼ਨ ਗੁਫਾਵਾਂ ਵਿਚ ਸਿਖਾਇਆ ਜਾਂਦਾ ਹੈ, ਜੇ ਉਸ ਤਰ੍ਹਾਂ ਦਾ ਅਨੁਸ਼ਾਸ਼ਨ ਸੰਸਾਰਕ ਜੀਵਨ ਵਿਚ ਰੱਖਿਆ ਜਾਵੇ, ਜੀਵਨ ਇਕ ਫੁੱਲ ਦੀ ਤਰ੍ਹਾਂ ਖੇੜੇ ਵਿਚ ਆ ਜਾਂਦਾ ਹੈ। ਜੋ ਵੀ ਆਪਣੇ ਸਰੀਰਕ ਤੇ ਮਾਨਸਿਕ ਰੂਪੀ ਘੋੜੇ ਦੀਆਂ ਲਗਾਮਾਂ ਖਿੱਚ ਕੇ ਫੜ ਲੈਂਦਾ ਹੈ, ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਅਣਭਿੱਜ ਤੇ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

### ਗੁਰੂਦੇਵ ਤੋਂ ਪ੍ਰਾਪਤ ਸਿਖਿਆ

ਕਿਸ਼ੋਰ ਅਵਸਥਾ ਹੀ ਵਾਸਤਵ ਵਿਚ ਉਹ ਅਵਸਥਾ ਹੈ ਜੋ ਜੀਵਨ ਨੂੰ ਸਦਾ ਲਈ ਖੇੜੇ ਵਿਚ ਲਿਆ ਸਕਦੀ ਹੈ। ਲੋੜ ਹੈ ਇਸ ਅਵਸਥਾ ਨੂੰ ਬਾਹਰ ਦੇ ਵਿਰੋਧ ਸਤੱਰ ਤੇ ਉਲਝਣਾਂ ਤੋਂ ਬਚਾ ਕੇ ਰੱਖਣ ਦੀ। ਬਾਲ ਅਵਸਥਾ ਵਿਚ ਮਨ ਨੂੰ ਕਿਸੇ ਦਿਸ਼ਾ ਵਿਚ ਵੀ ਮੋੜਿਆ ਜਾ ਸਕਦਾ ਹੈ। ਪਿਆਰ ਭਰਿਆ ਮਾਰਗ ਦਰਸ਼ਨ ਤੇ ਸੁਲਝੀ ਹੋਈ ਗਲਬਾਤ ਇਸ ਸਮੇਂ ਦੀ ਸਭ ਤੋਂ ਉਤਮ ਲੋੜ ਹੈ। ਜੋ ਮਾਤਾ ਪਿਤਾ ਆਪਣੇਂ ਬੱਚਿਆਂ ਨੂੰ ਪੂਰਾ ਧਿਆਨ ਦਿੰਦੇ ਹਨ, ਉਹ ਬੱਚਿਆਂ ਦੀ ਕਿਸ਼ੋਰ ਅਵਸਥਾ ਬੜੀ ਸੌਖੀ ਬਣਾ ਲੈਂਦੇ ਹਨ। ਇਹ ਉਹ ਅਵਸਥਾ ਹੈ ਜਦੋਂ ਮਨ ਤੇ ਵਿਚਾਰਾਂ ਨੂੰ ਸੇਧ ਦਿਤੀ ਜਾਂਦੀ ਹੈ।

### ਸਮਰਪਣ ਯੋਗ –

ਲਗਭਗ ਸਾਰੇ ਬੱਚੇ ਹੀ ਮੁਢ ਤੋਂ ਸੁਆਰਥੀ ਹੁੰਦੇ ਹਨ। ਉਹ ਕੋਈ ਵੀ ਵਸਤੂ ਦੇਣਾ ਨਹੀਂ ਚਾਹੁੰਦੇ। ਮੈਨੂੰ ਸ਼ੁਰੂ ਤੋਂ ਹੀ ਏਸ ਆਦਤ ਦੇ ਵਿਪਰੀਤ ਸਿਖਿਆ ਦਿਤੀ ਗਈ।

ਪਹਾੜਾਂ ਵਿਚ ਰਹਿੰਦਿਆਂ ਮੈਂ ਇਕ ਵਕਤ ਹੀ ਪ੍ਰਸ਼ਾਦਾ ਛਕਦਾ ਸੀ। ਇਕ ਰੋਟੀ, ਕੁਛ ਸਬਜ਼ੀ ਤੇ ਇਕ ਗਲਾਸ ਦੁਧ ਦਾ ਪੀਂਦਾ ਸੀ। ਇਕ ਦਿਨ ਤਕਰੀਬਨ ਇਕ ਵਜੇ ਮੈਂ ਹੱਥ ਪੈਰ ਧੋ ਕੇ ਬੈਠਾ, ਮੈਂ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਪ੍ਰਸ਼ਾਦਾ ਛਕਣ ਲਗਾ। ਠੀਕ ਉਸ ਵਕਤ ਮੇਰੇ ਗੁਰੂ ਦੇਵ ਅੰਦਰ ਆਏ ਤੇ ਕਹਿਣ ਲੱਗੇ, "ਠਹਿਰੋ।" ਮੈਂ ਕਿਹਾ, "ਕੀ ਗੱਲ ਹੈ?"

ਉਨ੍ਹਾਂ ਨੇ ਜਵਾਬ ਦਿਤਾ, "ਇਕ ਬਿਰਧ ਆਏ ਹਨ। ਉਹ ਭੁੱਖੇ ਹਨ ਤੇ ਤੂੰ ਆਪਣਾ ਪ੍ਰਸ਼ਾਦਾ ਉਨ੍ਹਾਂ ਨੂੰ ਦੇਹ।"

ਮੈਂ ਕਿੰਤੂ ਕਰਦਿਆਂ ਕਿਹਾ, "ਮੈਂ ਆਪਣਾ ਪ੍ਰਸ਼ਾਦਾ ਬਿਲਕੁਲ ਵੀ ਉਨ੍ਹਾਂ ਨੂੰ ਨਹੀਂ ਦਿਆਂਗਾ; ਜੇ ਉਹ ਸਵਾਮੀ ਵੀ ਹਨ ਤਾਂ ਵੀ ਨਹੀਂ ਕਿਉਂਜੋ ਮੈਂ ਵੀ ਭੁੱਖਾ ਹਾਂ ਤੇ ਮੈਨੂੰ ਕੱਲ ਇਸ ਸਮੇਂ ਤਕ ਪ੍ਰਸ਼ਾਦਾ ਨਹੀਂ ਮਿਲੇਗਾ।

ਉਨ੍ਹਾਂ ਨੇ ਕਿਹਾ, "ਤੂੰ ਮਰ ਨਹੀਂ ਜਾਏਂਗਾ, ਤੂੰ ਆਪਣਾ ਪ੍ਰਸ਼ਾਦਾ ਉਨ੍ਹਾਂ ਨੂੰ ਦੇ ਦੇ। ਕੇਵਲ ਇਸ ਕਰਕੇ ਨਹੀਂ ਕਿ ਮੈਂ ਕਹਿ ਰਿਹਾ ਹਾਂ ਪਰ ਅਤਿ ਪ੍ਰੇਮ ਸਹਿਤ ਤੂੰ ਆਪਣਾ ਪ੍ਰਸ਼ਾਦਾ ਉਨ੍ਹਾਂ ਦੀ ਭੇਟਾ ਕਰ।"

ਮੈਂ ਕਿਹਾ, "ਮੈਂ ਭੁੱਖਾ ਹਾਂ ਤੇ ਜਿਸ ਨੂੰ ਮੈਂ ਆਪਣਾ ਪ੍ਰਸ਼ਾਦਾ ਦੇ ਰਿਹਾ ਹਾਂ, ਪਿਆਰ ਨਾਲ ਕਿਸ ਤਰ੍ਹਾਂ ਦੇ ਸਕਦਾ ਹਾਂ?"

ਜਦੋਂ ਗੁਰੂ ਦੇਵ ਨੇ ਦੇਖਿਆ ਕਿ ਮੈਂ ਕਿਸੇ ਤਰ੍ਹਾਂ ਵੀ ਨਹੀਂ ਮੰਨ ਰਿਹਾ, ਉਨ੍ਹਾਂ ਨੇ ਮੈਨੂੰ ਹੁਕਮ ਕੀਤਾ ਕਿ ਮੈਂ ਪ੍ਰਸ਼ਾਦਾ ਦੇ ਦਿਆਂ।

ਇੰਨੇ ਵਿਚ ਹੀ ਉਹ ਸਵਾਮੀ ਅੰਦਰ ਆ ਗਏ। ਉਹ ਇਕ ਬਿਰਦ ਸਨ ਤੇ ਉਨ੍ਹਾਂ ਦੀ ਦਾੜ੍ਹੀ ਬਿਲਕੁਲ ਚਿੱਟੀ ਸੀ। ਉਨ੍ਹਾਂ ਕੋਲ ਸਿਰਫ ਇਕ ਕੰਬਲ ਸੀ, ਇਕ ਸੋਟੀ ਤੇ ਉਹ ਇਕੱਲੇ ਹੀ ਪਹਾੜਾਂ ਤੇ ਘੁੰਮਦੇ ਸੀ।

ਮੇਰੇ ਗੁਰੂਦੇਵ ਕਹਿਣ ਲਗੇ, "ਮੈਨੂੰ ਬੜੀ ਖੁਸ਼ੀ ਹੈ ਕਿ ਤੁਸੀਂ ਏਥੇ ਆਏ ਹੋ। ਕ੍ਰਿਪਾ ਕਰਕੇ ਇਸ ਬੱਚੇ ਨੂੰ ਅਸ਼ੀਰਵਾਦ ਦਿਓ।"

ਮੈਂ ਕਿਹਾ, "ਮੈਨੂੰ ਤੁਹਾਡੇ ਅਸ਼ੀਰਵਾਦ ਦੀ ਲੋੜ ਨਹੀਂ, ਮੈਨੂੰ ਪ੍ਰਸ਼ਾਦਾ ਚਾਹੀਦਾ ਹੈ, ਮੈਨੂੰ ਭੁੱਖ ਲਗੀ ਹੋਈ ਹੈ।"

ਗੁਰੂਦੇਵ ਬੋਲੇ, ਜੇ ਤੂੰ ਇਸ ਸਮੇਂ ਆਪਣਾ ਸੰਤੁਲਨ ਨਾ ਰਖ ਸਕਿਆ, ਤੂੰ ਜੀਵਨ ਵਿਚ ਕਦੀ ਵੀ ਕਾਮਯਾਬ ਨਹੀਂ ਹੋ ਸਕੇਂਗਾ। ਆਪਣਾ ਪ੍ਰਸ਼ਾਦਾ ਸਵਾਮੀ ਜੀ ਨੂੰ ਦੇ ਦਿਉ ਤੇ ਇਸ ਤੋਂ ਪਹਿਲਾਂ ਇਨ੍ਹਾਂ ਨੂੰ ਜਲ ਦਿਉ, ਇਨ੍ਹਾਂ ਦੇ ਚਰਨ ਧੋਵੋ।" ਜੋ ਗੁਰੂਦੇਵ ਦੀ ਆਗਿਆ, ਮੈਂ ਉਸੇ ਤਰ੍ਹਾਂ ਹੀ ਕੀਤਾ, ਪਰ ਨਾ ਤਾਂ ਇਹ ਮੈਨੂੰ ਠੀਕ ਹੀ ਲਗਿਆ ਤੇ ਨਾ ਹੀ ਮੈਂ ਇਸ ਦਾ ਮੰਤਵ ਸਮਝ ਸਕਿਆ। ਬਾਦ ਵਿਚ ਮੈਨੂੰ ਪਤਾ ਲਗਾ ਕਿ ਉਹ ਸਵਾਮੀ ਜੀ ਚਾਰ ਦਿਨ ਤੋਂ ਭੁੱਖੇ ਸਨ। ਉਨ੍ਹਾਂ ਨੇ ਪ੍ਰਸ਼ਾਦਾ ਛਕਿਆ ਤੇ ਕਹਿਣ ਲੱਗੇ, "ਵਾਹਿਗੁਰੂ ਤੈਨੂੰ ਸਦਾ ਖੁਸ਼ ਰੱਖੇ; ਤੈਨੂੰ ਕਦੇ ਵੀ ਭੁੱਖ ਨਹੀਂ ਸਤਾਏਗੀ ਜਦੋਂ ਤੱਕ ਪ੍ਰਸ਼ਾਦਾ ਸਾਮ੍ਹਣੇ ਨਹੀਂ ਆਏਗਾ। ਇਹ ਤੈਨੂੰ ਮੇਰਾ ਅਸ਼ੀਰਵਾਦ ਹੈ।"

ਉਨ੍ਹਾਂ ਦੇ ਇਹ ਸ਼ਬਦ ਹਾਲੇ ਵੀ ਮੇਰੇ ਕੰਨਾਂ ਵਿਚ ਗੂੰਜਦੇ ਹਨ। ਉਸ ਦਿਨ ਤੋਂ ਬਾਦ ਮੈਨੂੰ ਭੁੱਖ ਨੇ ਕਦੇ ਨਹੀਂ ਸਤਾਇਆ, ਜੋ ਕਿ ਬਹੁਤ ਵਾਰੀ ਮੈਨੂੰ ਹੋਛਾ ਬਣਾ ਦੇਂਦੀ ਸੀ। ਸਵਾਰਥ ਤੇ ਨਿਸਵਾਰਥ ਵਿਚ, ਪਿਆਰ ਤੇ ਘ੍ਰਿਣਾ ਵਿਚ ਇਕ ਬਹੁਤ ਹੀ ਬਾਰੀਕ ਪਰਦਾ ਹੈ। ਉਸ ਨੂੰ ਪਾਰ ਕਰ ਜਾਣ ਦੇ ਬਾਦ ਹੀ ਬੰਦਾ ਜੋ ਵੀ ਕੁਝ ਦੂਸਰਿਆਂ ਲਈ ਕਰਦਾ ਹੈ, ਉਸ ਨੂੰ ਮਾਣ ਸਕਦਾ ਹੈ, ਕਿਉਂਜੋ ਉਹ ਉਸ ਦੇ ਬਦਲੇ ਕੁਝ ਵੀ ਨਹੀਂ ਇੱਛਾ ਕਰ ਰਿਹਾ। ਇਹ ਸਭ ਤੋਂ ਵੱਡੀ ਖੁਸ਼ੀ ਹੈ ਤੇ ਆਤਮ ਮਾਰਗ ਤੇ ਚਲਣ ਲਈ ਬੜੀ ਜ਼ਰੂਰੀ ਹੈ। ਸਵਾਰਥੀ ਮਨੁੱਖ ਇਸਨੂੰ ਕਦੇ ਵੀ ਅਨੁਭਵ ਨਹੀਂ ਕਰ ਸਕਦਾ ਕਿਉਂ ਜੋ ਆਪਣੀ ਹਉਮੈ ਦੀ ਸੀਮਾਂ ਵਿਚ ਹੀ ਵਿਚਰਦਾ ਹੈ। ਨਿਸਵਾਰਥ ਉਹ ਅਵਸਥਾ ਹੈ ਜੋ ਅਸੀਂ ਦੁਨੀਆਂ ਦੇ ਵੱਡੇ-ਵੱਡੇ ਮਨੁੱਖਾਂ ਵਿਚ ਦੇਖਦੇ ਹਾਂ। ਸਵਾਰਥ ਰਹਿਤ ਮਨੁੱਖ ਆਪਣੀ ਹਉਮੈ ਤੇ ਕਾਬੂ ਕਰਕੇ ਉਚੀ ਤੋਂ ਉਚੀ ਅਵਸਥਾ ਮਾਣਦਾ ਹੈ। ਨਿਸਵਾਰਥ ਗ੍ਰਹਿਣ ਕੀਤੇ ਬਿਨਾਂ ਹੋਰ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਸਾਰੇ ਕੰਮ, ਗਿਆਨ ਸਭ ਕੁਝ ਵਿਅਰਥ ਹੈ ਜਦੋਂ ਤਕ ਮਨੁੱਖ ਸੁਆਰਥ ਤੋਂ ਉਤੇ ਨਹੀਂ ਉਠਦਾ।

✻ ✻ ✻ ✻ ✻

'ਚਲਦਾ'

(ਪੰਨਾ 47 ਦੀ ਬਾਕੀ)

ਗੁਰੂ ਜੀ ਦਸਦੇ ਹਨ ਕਿ ਉਥੇ ਦੇ ਮਾਹੌਲ ਬਾਰੇ ਕੁਝ ਕਹਿਣਾ ਅਤਿ ਮੁਸ਼ਕਲ ਹੈ, ਬੇਅੰਤ ਪੀਰ, ਪੈਗੰਬਰ, ਅਉਲੀਏ ਹੱਥ ਜੋੜੀਂ ਖੜ੍ਹੇ ਹਨ ਅਤੇ ਉਸ ਅਬਿਨਾਸੀ, ਅਗਮ-ਅਗੋਚਰ ਪਾਰਬ੍ਰਹਮ ਦੇ ਹੁਕਮ ਦਾ ਇੰਤਜ਼ਾਰ ਕਰ ਰਹੇ ਹਨ।

*ਜਿਤੁ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ॥*
*ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ॥*
*ਲਖ ਲਖ ਓਥੈ ਗੋਰਖਾ ਲਖ ਲਖ ਨਾਥਾ ਨਾਥ॥*
*ਲਖ ਲਖ ਓਥੈ ਆਸਣਾ ਗੁਰ ਚੇਲੇ ਰਹਿਰਾਸ॥*
*ਲਖ ਲਖ ਦੇਵੀ ਦੇਵਤੇ ਲਖ ਦਾਨੋ ਲਖ ਨਿਵਾਸ॥*
*ਲਖ ਪੀਰ ਪੈਗੰਬਰ ਅਉਲੀਏ ਲਖ ਕਾਜ਼ੀ ਮੁਲਾ ਸੇਖ॥*
*ਕਿਸ ਹੀ ਸਾਂਤਿ ਨ ਆਈਆ ਬਿਨੁ ਸਤਿਗੁਰ ਕੇ ਉਪਦੇਸ॥*
*ਸਾਧਕ ਸਿਧ ਅਗਨਤ ਹੈ ਕੇਤੇ ਲਖ ਅਪਾਰ॥*
*ਏਤੜਿਆ ਅਪਵਿਤ ਹੈ ਬਿਨ ਸਤਿਗੁਰ ਕੇ ਸਬਦ ਬੀਚਾਰ॥*
*ਸਿਰ ਨਾਥਾ ਕੈ ਇਕ ਨਾਥ ਸਤਿਨਾਮ ਕਰਤਾਰ॥*
*ਨਾਨਕ ਤਾਕੀ ਕੀਮਤ ਨ ਪਵੈ ਬੇਅੰਤ ਬੇਸੁਮਾਰ॥*

ਸੰਤ ਜੋ ਵੀ ਬਚਨ ਕਹਿੰਦੇ ਹਨ, ਉਹ ਨਾ ਹੀ ਕਿਤੋਂ ਪੜ੍ਹ ਕੇ ਕਹਿੰਦੇ ਹਨ, ਨਾ ਹੀ ਕਿਤੋਂ ਸੁਣ ਕੇ; ਉਹ ਤਾਂ ਪ੍ਰਤੱਖ ਸਾਰੇ ਦ੍ਰਿਸ਼ ਦੇਖ ਕੇ, ਦੁਨੀਆਂ ਦੇ ਉਧਾਰ ਲਈ, ਆਪਣੇ ਤਜਰਬੇ ਅਨੁਸਾਰ ਬੋਲਿਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥* *ਪੰਨਾ - 894*

ਸੰਤ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਸ ਅਵਸਥਾ ਨੂੰ ਪ੍ਰਾਪਤ ਕਰਕੇ ਸਾਰੇ ਸੰਤ ਚੁੱਪ ਹੋ ਗਏ ਅਤੇ ਮੈਂ ਵੀ ਚੁਪ ਹੋ ਰਿਹਾ ਹਾਂ ਕਿਉਂਕਿ ਐਨੀ ਵੱਡੀ ਗਤੀ ਸੰਤ ਅਤੇ ਫਕੀਰ, ਦਰਵੇਸ਼ ਦੀ ਹੈ, ਸਾਧੂ ਦੀ ਹੈ, ਬ੍ਰਹਮਗਿਆਨੀ ਦੀ ਹੈ ਅਤੇ ਇਸਦੀ ਮਹਿਮਾਂ ਨੂੰ ਵੇਦ ਵੀ ਨਹੀਂ ਜਾਣਦੇ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥* *ਪੰਨਾ - 272*

ਐਸੀਆਂ ਅਵਸਥਾਵਾਂ ਸੰਤਾਂ ਅਤੇ ਪੂਰਨ ਫਕੀਰਾਂ, ਸਾਧੂਆਂ, ਆਰਫਾਂ, ਤੱਤ ਬੇਤਿਆਂ ਬ੍ਰਹਮਗਿਆਨੀਆਂ ਦੀ ਕ੍ਰਿਪਾ ਨਾਲ ਹੀ ਪੂਰਨ ਵਿਸ਼ਵਾਸ਼ ਵਾਲੇ ਜਗਿਆਸੂਆਂ ਨੂੰ ਪ੍ਰਾਪਤ ਹੋਇਆ ਕਰਦੀਆਂ ਹਨ। ਇਨ੍ਹਾਂ ਬਚਨਾਂ ਉਪਰ ਭਾਗਹੀਣੇ ਵਿਸ਼ਵਾਸ਼ ਕਰ ਹੀ ਨਹੀਂ ਸਕਦੇ ਕਿਉਂਕਿ ਉਨ੍ਹਾਂ ਦੇ ਭਾਗਾਂ ਵਿਚ ਅਜਿਹਾ ਕਰਨਾ ਪ੍ਰਾਪਤ ਨਹੀਂ ਹੈ। ਇਹ ਬਚਨ ਅਸੀਂ ਆਪ ਦੀ ਸ਼ਰਧਾ ਦੇਖ ਕੇ ਕਰ ਦਿਤੇ ਹਨ, ਤੁਸੀਂ ਚਾਹੇ ਕਿਸੇ ਵੀ ਸੰਪਰਦਾ ਨਾਲ ਸਬੰਧ ਰਖਦੇ ਹੋ, ਇਹ ਬਚਨ ਸਾਰੇ ਮਹਾਂਪੁਰਸ਼ਾਂ ਦੇ ਤੱਤ ਬਚਨ ਹੋਇਆ ਕਰਦੇ ਹਨ। ਜੋ ਵੀ ਇਨ੍ਹਾਂ ਬਚਨਾਂ ਦੇ ਉਤੇ ਅਮਲ ਕਰੇਗਾ, ਉਹੀ ਜੀਵਨ ਮੁਕਤ ਦੀ ਅਵਸਥਾ ਨੂੰ ਪ੍ਰਾਪਤ ਹੋ ਜਾਵੇਗਾ।

ਖਰਫ਼ ਗਿਆਨੀ ਯਾਨਿ ਕਿ ਮੁਖ ਗਿਆਨੀ ਇਸਦੇ ਭਾਵਾਂ ਨੂੰ ਕਿਸੇ ਤਰ੍ਹਾਂ ਵੀ ਅਨੁਭਵ ਨਹੀਂ ਕਰ ਸਕਦਾ। ਉਹ ਕੇਵਲ ਸੁਣੀਆਂ-ਸੁਣਾਈਆਂ ਗੱਲਾਂ ਨੂੰ ਕੰਠ ਕਰਕੇ ਲੋਕਾਂ ਨੂੰ ਸੁਣਾ ਕੇ ਆਪਣੀ ਉਪਜੀਵਕਾ ਦੀ ਪ੍ਰਾਪਤੀ ਹੀ ਕਰੇਗਾ। ਸੋ ਐਸੇ ਬਚਨ ਕਰਨ ਤੋਂ ਬਾਦ ਮਹਾਂਪੁਰਸ਼ਾਂ ਨੇ ਫਤ੍ਹੇ ਬੁਲਾਂਦਿਆਂ ਕਿਹਾ - *'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ।'* ਸਾਰੀ ਸੰਗਤਾਂ ਨੇ ਸ਼ਰਧਾ ਵਿਚ ਆ ਕੇ ਸ਼ਰਧਾ ਵਜੋਂ ਨਮਸਕਾਰ ਕਰਕੇ ਮਹਾਂਪੁਰਸ਼ਾਂ ਦਾ ਅਤੀ ਧੰਨਵਾਦ ਕੀਤਾ ਅਤੇ ਬਿਨਾਂ ਇਕ ਦੂਜੇ ਨਾਲ ਗੱਲਬਾਤ ਕੀਤੇ ਸਾਰੇ ਇਸ ਮਹਾਨ ਰਸ ਭਰੇ ਵਾਤਾਵਰਨ ਵਿਚੋਂ ਆਪੋ ਆਪਣੇ ਕਾਰਜਾਂ ਲਈ ਚਲੇ ਗਏ।

***(ਇਹ ਬਚਨ advanced ਜਗਿਆਸੂਆਂ ਲਈ ਹਨ, ਉਹ ਇਹਨਾਂ ਦਾ ਬਾਰ-ਬਾਰ ਅਧਿਐਨ ਕਰਕੇ ਪ੍ਰੇਰਨਾ ਲੈਣ ਦੀ ਖੇਚਲ ਕਰਦੇ ਰਹਿਣ।) (ਸੰਚਾਲਕ)***


With Best Compliments from :

**TALWAR BROTHERS**

*Dealers in :-*

***Fresh Dairy Products and Sweets***

SCF No. 68, Sector 15-D, Chandigarh

Telephones :

41490 & 41467

# ਬਲੈਕ ਹੋਲ

## (BLACK HOLE)

*ਡਾ. ਆਰ.ਐਸ.ਚੋਪੜਾ (ਪੀ.ਐਚ.ਡੀ)*
*ਅਨੁਵਾਦਕ - ਈਸ਼ਵਰਦੀਪ ਕੌਰ (ਐਮ.ਐਸ. ਸੀ.)*

*ਤੇਰੀ ਕੁਦਰਤਿ ਤੂੰ ਹੈ ਜਾਣਹਿ ਅਉਰ ਨ ਦੂਜਾ ਜਾਣੈ॥*
*ਜਿਸਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ॥*
*ਪੰਨਾ - 1189 (ਸਰਪ੍ਰਸਤ)*

1967 ਵਿਚ ਜਾਹਨ ਵੀਲਰ (ਇਕ ਅਮਰੀਕੀ ਭੌਤਿਕ ਵਿਗਿਆਨੀ) ਨੇ ਇਕ ਐਸੇ ਤਾਰੇ ਨੂੰ, ਜਿਸਦੀ ਸਤਹ ਤੋਂ ਪ੍ਰਕਾਸ਼ ਨਹੀਂ ਨਿਕਲ ਸਕਦਾ, ਉਸਨੂੰ ਬਲੈਕ ਹੋਲ ਦਾ ਨਾਂ ਦਿਤਾ। ਇਹ ਸਿਤਾਰਾ ਸਾਨੂੰ ਨਹੀਂ ਦਿਖ ਸਕਦਾ, ਪਰੰਤੂ ਇਨ੍ਹਾਂ ਸਿਤਾਰਿਆਂ ਦੀ ਹੋਂਦ ਦਾ ਅੰਦਾਜ਼ਾ ਦੂਸਰੇ ਹੋਰ ਤਰੀਕਿਆਂ ਨਾਲ ਲਗਾ ਸਕਦੇ ਹਾਂ। ਮਿਸਾਲ ਦੇ ਤੌਰ ਤੇ ਅਗਰ ਅਸੀਂ ਕਿਸੇ ਤਾਰੇ ਨੂੰ ਚੱਕਰ ਵਿਚ ਘੁੰਮਦਾ ਦੇਖਦੇ ਹਾਂ ਅਤੇ ਉਸਦੇ ਅੰਦਰ ਹੋਰ ਕੋਈ ਸਿਤਾਰਾ ਨਹੀਂ ਹੁੰਦਾ, ਅਸੀਂ ਅੰਦਾਜ਼ਾਂ ਲਾ ਸਕਦੇ ਹਾਂ ਕਿ ਇਸ ਵਿਚ ਬਲੈਕ ਹੋਲ ਹੋਵੇਗਾ। ਇਕ ਇਸ ਤਰ੍ਹਾਂ ਦੀ ਬਲੈਕ ਹੋਲ ਦੀ ਮੁੰਮਕਿਨ ਮੌਜੂਦਗੀ (location) ਸਿਗਨਸ X-I ਹੈ ਜੋ ਕਿ ਸੂਰਜ ਤੋਂ 6 ਗੁਣਾਂ ਵੱਧ ਫੈਲਾਵ ਰੱਖਦਾ ਹੈ।

ਹੁਣ ਅਸੀਂ ਇਹ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਬਲੈਕ ਹੋਲ ਕਿਸ ਤਰ੍ਹਾਂ ਬਣਦਾ ਹੈ? ਜਦੋਂ ਕੋਈ ਤਾਰਾ ਬਹੁਤ ਭਾਰੀ ਅਤੇ ਵੱਡਾ ਹੁੰਦਾ ਹੈ ਜਿਵੇਂ ਕਿ ਸੂਰਜ ਨਾਲੋਂ ਦੱਸ ਗੁਣਾਂ ਭਾਰੀ, ਤਾਂ ਇਸ ਤਾਰੇ ਦੇ ਵਿਚਕਾਰ ਹਾਈਡਰੋਜਨ ਤੋਂ ਹੀਲੀਅਮ (Helium) ਬਣਨ ਕਰਕੇ ਬਹੁਤ ਸਾਰੀ ਊਰਜਾ (energy) ਗਰਮੀ ਦੇ ਰੂਪ ਵਿਚ ਨਿਕਲਦੀ ਹੈ। ਇਹ ਗਰਮੀ ਰੂਪਕ ਊਰਜਾ (Heat energy) ਸਿਤਾਰੇ ਵਿਚ ਬਾਹਰ ਦੀ ਤਰਫ ਦਬਾਉ (pressure) ਬਣਾਉਂਦੀ ਹੈ ਜਿਹੜਾ ਕਿ ਤਾਰੇ ਨੂੰ ਆਪਣੀ ਗੁਰੂਤਾ ਖਿੱਚ (gravitational attraction) ਦੇ ਵਿਰੁੱਧ ਟਿਕਾ ਕੇ ਰਖਦਾ ਹੈ, ਲੇਕਿਨ ਜਦੋਂ ਤਾਰੇ ਦਾ ਕੇਂਦ੍ਰੀ ਇੰਦਨ (nuclear fuel) ਖਤਮ ਹੋਣ ਲਗਦਾ ਹੈ ਤਾਂ ਗਰਮੀ ਰੂਪਕ ਊਰਜਾ ਨਿਕਲਣੀ ਘਟ ਹੋ ਜਾਂਦੀ ਹੈ, ਜਿਸ ਕਰਕੇ ਬਾਹਰੀ ਦਬਾਉ ਬਣਾ ਕੇ ਰੱਖਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਪਰਿਨਾਮ ਇਹ ਹੁੰਦਾ ਹੈ ਕਿ ਹੌਲੀ-ਹੌਲੀ ਸਿਤਾਰੇ ਦੀ ਗੁਰੂਤਾ ਖਿੱਚ ਬਾਹਰੀ ਦਬਾਉ ਨਾਲੋਂ ਜ਼ਿਆਦਾ ਹੋ ਜਾਂਦੀ ਹੈ ਅਤੇ ਸਿਤਾਰਾ ਸੁੰਗੜ ਜਾਂਦਾ ਹੈ। ਜਿਵੇਂ-ਜਿਵੇਂ ਸਿਤਾਰਾ ਜ਼ਿਆਦਾ ਸੁੰਗੜਦਾ ਹੈ, ਉਸਦੀ ਗੁਰੂਤਾ ਖਿੱਚ ਉਤਨੀ ਹੀ ਵੱਧ ਜਾਂਦੀ ਹੈ ਅਤੇ ਫਿਰ ਸਿਤਾਰੇ ਦੀ ਰੌਸ਼ਨੀ ਨੂੰ ਸਿਤਾਰੇ ਤੋਂ ਬਾਹਰ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਦੂਸਰੇ ਅੱਖਰਾਂ ਵਿਚ ਸਿਤਾਰੇ ਦੀ ਰੌਸ਼ਨੀ ਮੱਧਮ ਅਤੇ ਲਾਲ ਰੰਗ ਦੀ ਹੁੰਦੀ ਚਲੀ ਜਾਂਦੀ ਹੈ। ਅਖੀਰ ਵਿਚ ਜਦੋਂ ਸਿਤਾਰਾ ਇਕ ਮਿੱਥੇ ਹੋਏ ਅਕਾਰ ਤੱਕ ਸੁੰਗੜ ਜਾਂਦਾ ਹੈ ਤਾਂ ਇਸਦੀ ਗੁਰੂਤਾ ਖਿੱਚ ਇਤਨੀ ਮਜ਼ਬੂਤ ਹੋ ਜਾਂਦੀ ਹੈ ਕਿ ਰੋਸ਼ਨੀ ਸਿਤਾਰੇ ਵਿਚੋਂ ਬਿਲਕੁਲ ਵੀ ਬਾਹਰ ਨਹੀਂ ਨਿਕਲ ਸਕਦੀ ਤਾਂ ਇਸ ਸਿਤਾਰੇ ਨੂੰ ਬਲੈਕ ਹੋਲ ਕਿਹਾ ਜਾਂਦਾ ਹੈ। ਜਿਵੇਂ ਕਿ ਅਗਰ ਕੋਈ ਪੁਲਾੜ-ਯਾਤਰੀ ਆਪਣੇ ਉਡਣ-ਖਟੋਲੇ (spaceship) ਵਿਚ ਬੈਠਾ ਹੋਇਆ ਇਸ ਸੁੰਗੜੇ ਹੋਏ ਸਿਤਾਰੇ ਨੂੰ ਦੇਖੇ ਤਾਂ ਉਹ ਦੇਖੇਗਾ ਕਿ ਸਿਤਾਰੇ ਦੀ ਰੋਸ਼ਨੀ ਪਹਿਲਾਂ ਲਾਲ-ਲਾਲ ਅਤੇ ਫਿਰ ਫਿੱਕੀ-ਫਿੱਕੀ ਪੈਂਦੀ ਜਾਂਦੀ ਹੈ ਅਤੇ ਅਖੀਰ ਵਿਚ ਸਿਤਾਰਾ ਇਤਨਾ ਮੱਧਮ ਪੈ ਜਾਂਦਾ ਹੈ ਕਿ ਉਹ ਉਡਣ-ਖਟੋਲੇ ਵਿਚੋਂ ਨਜ਼ਰ ਨਹੀਂ ਆਉਂਦਾ ਅਤੇ ਜੋ ਕੁਝ ਵੀ ਉਸ ਥਾਂ ਉਤੇ ਰਹਿ ਜਾਏਗਾ, ਉਹ ਬਲੈਕ ਹੋਲ ਹੈ। ਕਿਉਂਕਿ ਅਸੀਂ ਬਲੈਕ ਹੋਲ ਨੂੰ ਦੇਖ ਨਹੀਂ ਸਕਦੇ, ਇਸ ਲਈ ਅਸੀਂ ਤੱਤ (matter) ਦੇ ਬਣੇ ਬਲੈਕ ਹੋਲ ਅਤੇ ਬਿਨਾਂ ਤੱਤ ਤੋਂ ਬਣੇ ਬਲੈਕ ਹੋਲ ਵਿਚ ਅੰਤਰ ਨਹੀਂ ਕਰ ਸਕਦੇ। ਬਲੈਕ ਹੋਲ ਦੀ ਸਤਹ ਦੇ ਆਕਾਰ ਨੂੰ ਛੱਡ ਕੇ ਅਸੀਂ ਬਲੈਕ ਹੋਲ ਦਾ ਕੋਈ ਹਿਸਾ ਨਹੀਂ ਦੇਖ ਸਕਦੇ। ਅਸੀਂ ਇਹ ਸਿੱਟਾ ਕੱਢਦੇ ਹਾਂ ਕਿ ਬਲੈਕ ਹੋਲ ਗੁਰੂਤਾ (gravity) ਦੇ ਕਾਰਣ ਸੁੰਗੜਨ ਨਾਲ ਬਣਦਾ ਹੈ।

ਇਹ ਅਨੁਮਾਨ ਲਗਾਇਆ ਗਿਆ ਹੈ ਕਿ ਬਹੁਤ ਸਿਤਾਰਿਆਂ ਦੇ ਕੇਂਦਰੀ ਇੰਦਨ (Nuclear fuel) ਖਤਮ ਹੋਣ ਤੋਂ ਉਪਰੰਤ ਸੁੰਗੜਣ ਕਰਕੇ ਬਲੈਕ ਹੋਲ ਬਣੇ ਹੋਣਗੇ। ਵਾਸਤਵ ਵਿਚ, ਬਲੈਕ ਹੋਲਜ਼ ਦੀ ਗਿਣਤੀ ਸਾਨੂੰ ਦਿਖਣ ਵਾਲੇ ਸਿਤਾਰਿਆਂ ਨਾਲੋਂ ਕਿਤੇ ਜ਼ਿਆਦਾ ਹੈ। ਕਈ ਪ੍ਰਮਾਣਾਂ ਤੋਂ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਇਕ ਐਸਾ ਬਲੈਕ ਹੋਲ ਹੈ ਜਿਸਦਾ ਭਾਰ ਸੂਰਜ ਨਾਲੋਂ ਲੱਖਾਂ ਗੁਣਾਂ ਜ਼ਿਆਦਾ ਹੈ। ਇਸ ਤਰ੍ਹਾਂ ਦਾ ਬਲੈਕ ਹੋਲ ਸਾਡੀ ਅਕਾਸ਼-ਗੰਗਾ (galaxy) ਦੇ ਵਿਚਕਾਰ ਬਣਿਆ ਹੋਇਆ ਹੈ। ਜਿਹੜਾ ਵੀ ਸਿਤਾਰਾ ਇਸ ਭਾਰੇ ਅਤੇ ਵੱਡੇ ਬਲੈਕ ਹੋਲ ਦੇ ਨਜ਼ਦੀਕ ਆਏਗਾ, ਉਹ ਦੂਰੀ ਅਤੇ ਨਜ਼ਦੀਕੀ ਹਿਸਿਆਂ ਦੀ ਗੁਰੂਤਾ-ਖਿੱਚ ਦੇ ਅੰਤਰ ਕਰਕੇ ਟੁਕੜੇ-ਟੁਕੜੇ ਹੋ ਜਾਏਗਾ। ਸਿਤਾਰੇ ਦੇ ਟੁਕੜੇ ਅਤੇ ਨਿਕਲੀਆਂ ਹੋਈਆਂ ਗੈਸਾਂ, ਵੱਡੇ-ਭਾਰੀ ਬਲੈਕ ਹੋਲ ਦੇ ਵੱਲ ਖਿਚੀਆਂ ਜਾਣਗੀਆਂ। ਕੁਝ ਵਿਗਿਆਨੀ ਵਿਸ਼ਵਾਸ਼ ਕਰਦੇ ਹਨ ਕਿ ਇਸ ਤੋਂ ਵੀ ਵੱਡੇ ਅਤੇ ਭਾਰੇ ਬਲੈਕ ਹੋਲ ਜਿਨ੍ਹਾਂ ਦਾ ਭਾਰ ਸੂਰਜ ਨਾਲੋਂ ਕਰੋੜਾਂ ਗੁਣਾਂ ਜ਼ਿਆਦਾ 'ਕੁਆਸਰ' (Quasars) ਦੇ ਵਿਚਕਾਰ ਮੌਜੂਦ ਹਨ। Quasar ਸਿਤਾਰੇ ਵਰਗੀ ਚੀਜ਼ ਹੁੰਦੀ ਹੈ ਪਰ ਇਸਦੀ ਰੋਸ਼ਨੀ ਸਾਰੀਆਂ ਆਕਾਸ਼-ਗੰਗਾਵਾਂ (glaxies) ਨਾਲੋਂ ਕਈ ਗੁਣਾਂ ਜ਼ਿਆਦਾ ਚਮਕਦਾਰ ਹੁੰਦੀ ਹੈ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਕਈ ਬਲੈਕ ਹੋਲ ਇਸ ਤਰ੍ਹਾਂ ਦੇ ਵੀ ਮੌਜੂਦ ਹੋਣਗੇ ਜਿਨ੍ਹਾਂ ਦਾ ਭਾਰ ਸੂਰਜ ਨਾਲੋਂ ਕਾਫੀ ਘੱਟ ਹੋਏਗਾ। ਇਸ ਪ੍ਰਕਾਰ ਦੇ ਬਲੈਕ ਹੋਲ ਗੁਰੂਤਾ-ਖਿੱਚ ਕਾਰਣ ਸੁੰਗੜ ਕੇ ਨਹੀਂ ਬਣਦੇ ਬਲਕਿ ਬਾਹਰੀ ਦਬਾਉ ਕਾਰਣ ਤੱਤ (matter) ਦੇ ਛੋਟੇ ਅਤੇ ਬਹੁਤ ਸੰਘਣੇ ਹੋਣ ਕਰਕੇ ਬਣਦੇ ਹਨ।

ਬਲੈਕ ਹੋਲ ਦੀ ਹੱਦ ਨੂੰ Event horizon (ਈਵੇਂਟ ਹਾਰੀਜਨ) ਕਹਿੰਦੇ ਹਨ। ਜਦੋਂ ਕੋਈ ਵੀ ਤੱਤ ਜਾਂ ਕਿਰਨਾਂ ਬਲੈਕ ਹੋਲ ਵਿਚ ਜਾਂਦੀਆਂ ਹਨ ਤਾਂ ਉਸਦੀ ਹੱਦ ਦਾ ਬਾਹਰੀ ਸਤੱਹ ਖੇਤਰਫਲ (surface area) ਵਧਦਾ ਜਾਂਦਾ ਹੈ। ਜਦੋਂ ਦੋ ਬਲੈਕ

ਹੋਲ ਆਪਸ ਵਿਚ ਟੱਕਰਾ ਜਾਣ ਅਤੇ ਇਕ ਬਣ ਜਾਣ ਤਾਂ ਨਵੇਂ ਬਣੇ ਬਲੈਕ ਹੋਲ ਦੀ ਹੱਦ (Event horizon) ਦੋਨੋਂ ਇਕੱਲੇ ਬਲੈਕ ਹੋਲਾਂ ਦੇ ਜੋੜ ਨਾਲੋਂ ਹਮੇਸ਼ਾ ਵੱਧ ਹੁੰਦੀ ਹੈ।

ਕੁੱਝ ਬਲੈਕ ਹੋਲ ਘੁੰਮਦੇ ਹਨ ਅਤੇ ਕੁਝ ਨਹੀਂ ਘੁੰਮਦੇ। ਗੁਰੂਤਾ-ਖਿੱਚ ਕਾਰਣ ਸੁੰਗੜ ਕੇ ਬਣਿਆ ਬਲੈਕ ਹੋਲ ਇਕ ਦਮ ਸਥਿਰ ਅਵਸਥਾ ਵਿਚ ਆ ਜਾਂਦਾ ਹੈ ਜਿਸਦੇ ਲੱਛਣ ਹਨ ਬਲੈਕ ਹੋਲ ਦਾ ਭਾਰ, ਉਸਦੀ Angular momentum (ਐਂਗੂਲਰ ਮੋਮੈਂਟਮ) ਅਤੇ ਉਸ ਉਤੇ ਬਿਜਲੀ ਦਾ ਚਾਰਜ। ਜਦੋਂ ਬਲੈਕ ਹੋਲ ਗੁਰੂਤਾ ਖਿੱਚ ਤਨਾਵ ਕਾਰਣ ਬਣਦਾ ਹੈ ਤਾਂ ਅਸੀਂ ਉਸਦੀ ਪਹਿਲੀ ਹਾਲਤ ਬਾਰੇ ਕੁੱਝ ਨਹੀਂ ਜਾਣ ਸਕਦੇ ਕਿ ਉਹ ਕਿਸੀ ਗੋਲ ਚੀਜ਼ ਤੋਂ ਬਣਿਆ ਸੀ ਕਿ ਟੇਢੀ ਤੋਂ ਜਾਂ ਕਿ ਉਹ ਤੱਤ ਵਸਤੂ ਤੋਂ ਬਣਿਆ ਸੀ ਕਿ ਬਿਨਾਂ ਤੱਤ ਵਸਤੂ ਤੋਂ। ਘੁੰਮਣ ਵਾਲਾ ਬਲੈਕ ਹੋਲ ਉਦੋਂ ਬਣਦਾ ਹੈ ਜੇਕਰ ਸੁੰਗੜਨ ਵਾਲੇ ਤੱਤ ਦੀ ਕੁਝ Angular momentum ਹੋਵੇ। ਇਸ ਤਰ੍ਹਾਂ ਦਾ ਬਲੈਕ ਹੋਲ ਆਪਣੇ ਵਿਚੋਂ ਕਈ ਕਣ ਬਾਹਰ ਵਲ ਸਿੱਟਦਾ ਹੈ ਜਿਸ ਨਾਲ ਇਸਦੀ Angular momentum ਵੀ ਘਟਦੀ ਜਾਂਦੀ ਹੈ। ਅਗਰ ਕੋਈ ਘੁੰਮਦੇ ਹੋਏ ਬਲੈਕ ਹੋਲ ਦੀ ਇਕ ਛੋਟੀ ਜਿਹੀ ਮੋਰੀ ਵਿਚੋਂ ਨਿਕਲ ਜਾਏ ਤਾਂ ਉਹ ਬ੍ਰਹਿਮੰਡ ਦੇ ਦੂਸਰੇ ਹਿੱਸੇ ਵਿਚ ਪਹੁੰਚ ਜਾਏਗਾ। ਇਸ ਥਾਂ ਉਤੇ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਬਲੈਕ ਹੋਲ ਬਾਰੇ ਸਾਡੇ ਵੀਚਾਰਾਂ ਨੂੰ ਸਿੱਧ ਕਰਨਾ ਬਹੁਤ ਮੁਸ਼ਕਿਲ ਹੈ। ਇਹ ਇਸ ਕਰਕੇ ਕਿਉਂਕਿ ਧਰਤੀ ਦਾ ਸਭ ਤੋਂ ਨੇੜੇ ਮੰਨਿਆ ਜਾਣ ਵਾਲਾ ਬਲੈਕ ਹੋਲ ਵੀ, ਪਲੂਟੋ ਗ੍ਰਹਿ ਜਿੰਨਾਂ ਦੂਰ ਹੈ। ਬਲੈਕ ਹੋਲ ਦੇ ਆਸ-ਪਾਸ ਗੁਰੂਤਾ ਖਿੱਚ ਦਾ ਦਾਇਰਾ ਜ਼ਿਆਦਾ ਹੋਣ ਕਰਕੇ ਕਣ (particles) ਅਤੇ ਵਿਪਰੀਤਕਣ (anti-particles) ਪੈਦਾ ਹੁੰਦੇ ਹਨ, ਜਿਹਨਾਂ ਵਿਚੋਂ ਇਕ ਤਾਂ ਬਲੈਕ ਹੋਲ ਦੇ ਅੰਦਰ ਦੀ ਤਰਫ ਜਾਂਦੇ ਹਨ ਅਤੇ ਦੂਸਰੇ ਬਾਹਰ ਦੀ ਤਰਫ ਅਨੰਤ (infinity) ਵਿਚ ਚਲੇ ਜਾਂਦੇ ਹਨ। ਜਿਹੜੇ ਕਣ ਅਨੰਤ ਵਿਚ ਚਲੇ ਜਾਂਦੇ ਹਨ, ਉਹ ਬਲੈਕ ਹੋਲ ਦੇ ਵਿਚੋਂ ਨਿਕਲੇ ਜਾਪਦੇ ਹਨ। ਇਸ ਤੋਂ ਸਾਇੰਸਦਾਨ ਸਟੀਫਨ ਹਾਕੀਨਸ ਨੇ ਇਹ ਅਨੁਮਾਨ ਲਗਾਇਆ ਕਿ ਬਲੈਕ ਹੋਲ ਬਿਲਕੁਲ ਕਾਲੇ ਨਹੀਂ ਹੁੰਦੇ। ਇਸ ਬਲੈਕ ਹੋਲ ਵਿਚੋਂ ਕਣਾਂ ਅਤੇ ਕਿਰਨਾਂ ਦਾ ਇਕਸਾਰ ਗਤੀ (steady rate) ਤੇ ਬਾਹਰ ਨਿਕਲਣਾ ਸੰਭਵ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਕਣ, ਰੋਸ਼ਨੀ ਦੀ ਗਤੀ (speed) ਨਾਲੋਂ ਤੇਜ਼, ਬਲੈਕ ਹੋਲ ਤੋਂ ਬਾਹਰ ਨਿਕਲੇ ਅਤੇ ਫਿਰ ਰੋਸ਼ਨੀ ਨਾਲੋਂ ਹੌਲੀ ਹੋ ਜਾਵੇ। ਜੇਕਰ ਬਲੈਕ ਹੋਲ ਛੋਟਾ ਹੋਏਗਾ ਤਾਂ ਉਸਦੀ ਉਸ ਵਿਚੋਂ ਬਾਹਰ ਨਿਕਲਣ ਵਾਲੇ ਕਣ ਉਤੇ ਗੁਰੂਤਾ ਖਿੱਚ ਵੀ ਘਟ ਹੋਏਗੀ। ਇਸ ਕਰਕੇ ਕਣ ਵੱਡੇ ਬਲੈਕ ਹੋਲ ਨਾਲੋਂ ਛੋਟੇ ਬਲੈਕ ਹੋਲ ਵਿਚੋਂ ਛੇਤੀ ਬਾਹਰ ਨਿਕਲ ਆਉਂਦੇ ਹਨ।

ਹੁਣ ਅਸੀਂ ਇਹ ਪਤਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਜੇਕਰ ਕੋਈ ਬਲੈਕ ਹੋਲ ਦੇ ਵਿਚ ਗਿਰ ਜਾਵੇ ਤਾਂ ਉਸਨੂੰ ਕੀ ਹੋਵੇਗਾ? ਅਸੀਂ ਮੰਨ ਲੈਂਦੇ ਹਾਂ ਕਿ ਕੋਈ ਪੁਲਾੜ ਯਾਤਰੀ (Astronant) ਇਕ ਬਲੈਕ ਹੋਲ ਵਿਚ ਗਿਰ ਜਾਂਦਾ ਹੈ। ਉਹ ਗੁਰੂਤਾ-ਖਿੱਚ ਕਾਰਣ ਬਲੈਕ ਹੋਲ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਸਿਰਫ ਉਹ ਹੀ ਵਸਤੂ ਬਲੈਕ ਹੋਲ ਵਿਚੋਂ ਬਾਹਰ ਨਿਕਲ ਸਕਦੀ ਹੈ ਜਿਸਦੀ ਗਤੀ ਰੋਸ਼ਨੀ ਨਾਲੋਂ ਜ਼ਿਆਦਾ ਹੋਵੇ ਕਿਉਂਕਿ ਪੁਲਾੜ ਯਾਤਰੀ ਰੋਸ਼ਨੀ ਦੀ ਗਤੀ ਨਾਲੋਂ ਤੇਜ਼ ਨਹੀਂ ਚਲ ਸਕਦਾ, ਇਸ ਕਰਕੇ ਉਹ ਬਲੈਕ ਹੋਲ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਪੁਲਾੜ ਯਾਤਰੀ ਦੇ ਸਰੀਰ ਦੇ ਟੁਕੜੇ-ਟੁਕੜੇ ਹੋ ਜਾਣਗੇ। ਇਹ ਟੁਕੜੇ ਜਾਂ ਕਣ ਛੇਤੀ ਹੀ ਅਨੰਤ ਸੰਘਣਤਾ (infinite density) ਦੇ ਖੇਤਰ ਵਿਚ ਪਹੁੰਚ ਜਾਣਗੇ ਅਤੇ ਨਾਸ਼ ਹੋ ਜਾਣਗੇ ਅਤੇ ਅਖੀਰ ਵਿਚ ਅਲੋਪ ਹੋ ਜਾਣਗੇ। ਕਈ ਵਿਗਿਆਨੀ ਇਹ ਮੰਨਦੇ ਹਨ ਕਿ ਪੁਲਾੜ ਯਾਤਰੀ ਦਾ ਭਾਰ ਬਲੈਕ ਹੋਲ ਵਿਚ ਵੱਧ ਜਾਏਗਾ। ਅਖੀਰ ਵਿਚ, ਵੱਧੇ ਹੋਏ ਭਾਰ ਦੇ ਬਰਾਬਰ ਊਰਜਾ ਬ੍ਰਹਿਮੰਡ ਵਿਚ ਕਿਰਨਾਂ ਦੇ ਰੂਪ ਵਿਚ ਵਾਪਿਸ ਚਲੀ ਜਾਏਗੀ ਅਤੇ ਪੁਲਾੜ ਯਾਤਰੀ ਬ੍ਰਹਿਮੰਡ ਦੇ ਦੂਸਰੇ ਹਿੱਸੇ ਵਿਚ ਪਹੁੰਚ ਜਾਏਗਾ ਕਿਉਂਕਿ ਭੌਤਿਕ-ਵਿਗਿਆਨ ਦੇ ਸਿਧਾਂਤ ਟਾਇਮ ਸਾਈਮਿਟ੍ਰਕ (Time symmetric) ਹਨ। ਇਸ ਲਈ ਬਲੈਕ ਹੋਲ ਦੇ ਨਾਲ-ਨਾਲ, ਇਸ ਤੋਂ ਉਲਟ white holes (ਵਾਈਟ ਹੋਲ) ਵੀ ਹੋਣੇ ਚਾਹੀਦੇ ਹਨ। ਬਲੈਕ ਹੋਲ ਵਿਚ ਚੀਜ਼ਾਂ ਗਿਰ ਸਕਦੀਆਂ ਹਨ ਪਰ ਬਾਹਰ ਨਹੀਂ ਆ ਸਕਦੀਆਂ ਲੇਕਿਨ white hole ਦੇ ਅੰਦਰ ਕੋਈ ਚੀਜ਼ ਨਹੀਂ ਜਾ ਸਕਦੀ ਪਰ ਬਾਹਰ ਆ ਸਕਦੀ ਹੈ। ਇਸ ਤਰ੍ਹਾਂ ਕੋਈ ਇਕ ਥਾਂ ਤੋਂ ਬਲੈਕ ਹੋਲ ਦੇ ਅੰਦਰ ਜਾ ਸਕਦਾ ਹੈ ਅਤੇ ਦੂਸਰੀ ਥਾਂ ਵਾਇਟ ਹੋਲ ਤੋਂ ਬਾਹਰ ਆ ਸਕਦਾ ਹੈ। ਇਹ ਪੁਲਾੜ ਵਿਚ ਲੰਬੀ ਯਾਤਰਾ ਕਰਨ ਦਾ ਕਲਪਿਤ ਤਰੀਕਾ ਹੈ।

ਇਕ ਤਾਪਮਾਨ ਵਾਲੀ ਗਰਮ ਵਸਤੂ ਦੀ ਤਰ੍ਹਾਂ ਸਾਰੇ ਬਲੈਕ ਹੋਲ ਭਾਵੇਂ ਉਹ ਘੁੰਮਣ ਵਾਲੇ ਹੋਣ ਜਾਂ ਸਥਿਰ ਰਹਿਣ ਵਾਲੇ, ਕਣ ਅਤੇ ਕਿਰਨਾਂ ਛੱਡਦੇ ਹਨ। ਬਲੈਕ ਹੋਲ ਦਾ ਤਾਪਮਾਨ ਉਸਦੇ ਭਾਰ ਉਤੇ ਨਿਰਭਰ ਕਰਦਾ ਹੈ। ਅਗਰ ਬਲੈਕ ਹੋਲ ਦਾ ਭਾਰ ਜ਼ਿਆਦਾ ਹੋਏਗਾ ਤਾਂ ਉਸਦਾ ਤਾਪਮਾਨ ਘਟ ਹੋਏਗਾ। ਬਲੈਕ ਹੋਲ ਤਕਰੀਬਨ ਆਪਣੀ ਸਾਰੀ ਜ਼ਿੰਦਗੀ 'ਗਾਮਾ ਕਿਰਨਾਂ' (Gamma rays) ਛਡਦੇ ਰਹਿੰਦੇ ਹਨ। ਇਸ ਲਈ ਅਸੀਂ ਬਲੈਕ ਹੋਲ ਦਾ, ਤਾਂ ਹੀ ਪਤਾ ਲਗਾ ਸਕਦੇ ਹਾਂ ਜੇ ਅਸੀਂ 'ਗਾਮਾਂ ਕਿਰਨਾਂ' ਦਾ ਪਤਾ ਲਗਾਉਣ ਵਾਲਾ ਯੰਤਰ ਪੁਲਾੜ ਵਿਚ ਵਾਯੂਮੰਡਲ ਤੋਂ ਉਪਰ ਲਗਾਇਆ ਹੋਵੇ ਕਿਉਂਕਿ ਗਾਮਾਂ ਕਿਰਨਾਂ ਵਾਯੂਮੰਡਲ ਦੇ ਅੰਦਰ ਨਹੀਂ ਦਾਖਲ ਹੋ ਸਕਦੀਆਂ। ਜਿਵੇਂ-ਜਿਵੇਂ ਬਲੈਕ ਹੋਲ ਵਿਚੋਂ ਕਣ ਅਤੇ ਕਿਰਨਾਂ ਇਕਸਾਰ ਗਤੀ ਤੇ ਬਾਹਰ ਨਿਕਲਦੀਆਂ ਰਹਿੰਦੀਆਂ ਹਨ, ਇਸਦਾ ਭਾਰ ਘਟਦਾ ਜਾਂਦਾ ਹੈ। ਹੌਲੀ-ਹੌਲੀ ਬਲੈਕ ਹੋਲ ਦਾ ਅਕਾਰ ਛੋਟਾ ਹੁੰਦਾ ਜਾਂਦਾ ਹੈ। ਜਿਸ ਤਰ੍ਹਾਂ ਇਸ ਦਾ ਆਕਾਰ ਛੋਟਾ ਹੁੰਦਾ ਹੈ, ਕਣ ਉਨੀ ਹੀ ਜ਼ਿਆਦਾ ਗਤੀ ਨਾਲ ਇਸ ਵਿਚੋਂ ਬਾਹਰ ਨਿਕਲਦੇ ਹਨ। ਜਦੋਂ ਬਲੈਕ ਹੋਲ ਖਤਮ ਹੋਣ ਵਾਲਾ ਹੁੰਦਾ ਹੈ, ਇਸਦੇ ਅਖੀਰਲੇ ਸਮੇਂ ਤੇ, ਇਸ ਵਿਚੋਂ ਕਣਾਂ ਦਾ ਨਿਕਲਣਾ ਇਤਨੀ ਰਫਤਾਰ ਨਾਲ ਸ਼ੁਰੂ ਹੋ ਜਾਂਦਾ ਹੈ ਕਿ ਇਹ ਇਕ ਬਹੁਤ ਵੱਡੇ ਧਮਾਕੇ ਵਿਚ ਖਤਮ ਹੁੰਦਾ ਹੈ ਜਿਹੜਾ ਕਿ ਖਰਬਾਂ Hydrogen bombs (ਹਾਈਡਰੋਜਨ ਬੰਬਾਂ) ਦੇ ਧਮਾਕਿਆਂ ਦੇ ਬਰਾਬਰ ਹੁੰਦਾ ਹੈ। ਬਲੈਕ ਹੋਲ ਦੇ ਧਮਾਕੇ ਨਾਲ ਬਹੁਤ ਜ਼ਿਆਦਾ ਊਰਜਾ ਵਾਲੀਆਂ ਗਾਮਾਂ ਕਿਰਨਾਂ ਉਤਪੰਨ ਹੁੰਦੀਆਂ ਹਨ ਜਿਹੜੀਆਂ ਕਿ ਸਾਡੇ ਵਾਯੂਮੰਡਲ ਦੇ ਪ੍ਰਮਾਣੂ (Atoms) ਨਾਲ ਟਕਰਾਉਂਦੀਆਂ ਹਨ ਅਤੇ ਬਿਜਲਾਣੂ (electron) ਅਤੇ Positrons (antielectron) ਬਣਦੇ ਹਨ ਜਿਹੜੇ ਕਿ ਹੋਰ ਪ੍ਰਮਾਣੂਆਂ ਨਾਲ ਟਕਰਾਉਂਦੇ ਹਨ ਅਤੇ ਹੋਰ

(ਬਾਕੀ ਪੰਨਾ 60 ਤੇ)

# ਮਨੁਖ, ਸਰੀਰ ਤੇ ਆਤਮਾ

ਡਾ. ਇਕਬਾਲ ਸਿੰਘ ਅਟਵਾਲ, ਕੈਨੇਡਾ
ਪੀ. ਐਚ. ਡੀ. ਆਈ. ਪੀ. ਐਸ
ਅਨੁਵਾਦਕ : ਪ੍ਰੋ. ਗੁਰਦੇਵ ਸਿੰਘ

ਮਨੁਖ ਨੂੰ ਉਸਦੇ ਭੂਤ ਭਵਿਖਤ ਨੂੰ ਜਾਨਣ ਲਈ ਤੀਬਰ ਇੱਛਾ ਲਗੀ ਰਹਿੰਦੀ ਹੈ। ਉਸ ਲਈ ਹਰ ਘਟਨਾ ਤੇ ਹਰ ਚੀਜ਼ ਲਈ ਇਹ ਤਿੰਨੇ ਸਵਾਲ ਬਣੇ ਰਹਿੰਦੇ ਹਨ; ਕਿਉਂ, ਕਦੋਂ ਤੇ ਕਿਵੇਂ? ਅੱਜ ਤੋਂ ਦਸ ਸਾਲ ਬਾਦ ਜੀਵਨ ਕਿਵੇਂ ਹੋਵੇਗਾ? ਇਹ ਚੀਜ਼ ਅਜ ਇਸ ਤਰ੍ਹਾਂ ਕਿਉਂ ਹੋ ਰਹੀ ਹੈ ਅਤੇ ਇਹ ਦਸ ਸਾਲ ਪਹਿਲਾਂ ਕਿਉਂ ਨਹੀਂ ਹੋ ਗੁਜਰੀ ਜਾਂ ਇਕ ਸਾਲ ਬਾਦ ਆ ਜਾਂਦੀ ਆਦਿ। ਬਹੁਤ ਸਾਰੇ ਕਿੱਤਿਆਂ ਦੇ ਮਾਹਰ ਅਤੇ ਉਹ ਵਿਗਿਆਨੀ ਜਿਹੜੇ ਨਿਪੁੰਨ ਨਹੀਂ ਹਨ, ਇਸ ਨੂੰ ਭੌਤਿਕ, ਰਸਾਇਣਿਕ ਜਾਂ ਜੀਵ ਵਿਗਿਆਨ ਕ੍ਰਿਆ ਨਾਲ ਸਬੰਧਤ ਦਸਦੇ ਹਨ। ਬਹੁਤਿਆਂ ਨੇ ਤਾਂ ਇਥੋਂ ਤਕ ਕਹਿ ਦਿਤਾ ਹੈ ਕਿ ਇਨਸਾਨ ਭੌਤਿਕ, ਰਸਾਇਣਿਕ ਅਤੇ ਜੀਵ ਵਿਗਿਆਨ ਦੀ ਮਿਲਵੀਂ ਕ੍ਰਿਆ ਦੀ ਬਣਤਰ ਹੈ। ਅਸਲੀ ਸਾਇੰਸਦਾਨਾਂ ਨੂੰ ਛੱਡ ਕੇ, ਇਸ ਤਰ੍ਹਾਂ ਦੇ ਹੋਰ ਦਾਅਵੇ ਮਿਥਿਆਵਾਦੀ ਵਿਗਿਆਨੀਆਂ ਨੇ ਵੀ ਕੀਤੇ ਹਨ (ਪਰ ਸਿਰਫ ਕੁਝ ਥੋੜੇ, ਖਾਸ ਕਰਕੇ ਭਾਰਤੀ ਸਮਾਜਿਕ ਢਾਂਚੇ ਨੂੰ ਨਜ਼ਰ ਵਿਚ ਰੱਖ ਕੇ)।

ਇਸ ਤੋਂ ਪਹਿਲਾਂ ਕਿ ਮੈਂ ਇਸ ਵਿਚਾਰ ਦੀ ਗਹਿਰਾਈ ਵਿਚ ਜਾਵਾਂ, ਆਪਾਂ ਸਾਇੰਸ ਦੇ ਮੂਲ ਆਧਾਰ, ਤਰੀਕਿਆਂ, ਅਤੇ ਖੋਜ ਦਾ ਮੁਲਾਂਕਣ ਕਰੀਏ, ਜਿਹੜੀਆਂ ਵੱਡੀਆਂ ਉਪਲਬਧੀਆਂ ਤੇ ਕਾਢਾਂ ਵੱਲ ਲਿਜਾਣ ਦਾ ਮਾਰਗ ਦਰਸ਼ਨ ਕਰਦੀਆਂ ਹਨ। ਕੁਦਰਤ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੇ ਸਿਲਸਿਲੇ ਵਾਰ ਜਾਨਣ ਦੇ ਸੰਗਠਤ ਅਧਿਐਨ ਨੂੰ ਸਾਇੰਸ ਕਹਿੰਦੇ ਹਨ। ਇਸ ਅਧਿਐਨ ਵਿਚ ਘਟਨਾਵਾਂ ਤੇ ਚਮਤਕਾਰ ਵਿਸ਼ਾਲ ਇੰਦਰ ਧਨੁਸ਼ ਦੀਆਂ ਹੱਦਾਂ ਅੰਦਰ ਵਾਪਰਦੀਆਂ ਹਨ। ਵਿਗਿਆਨਕ ਤਰੀਕੇਕਾਰੀ, ਵਾਤਾਵਰਣ ਸਿਲਸਿਲੇ ਦੀਆਂ ਹੱਦਾਂ, ਇਕੋ ਟਾਈਮ, ਇਕ ਹੋਣ ਕਰਕੇ ਇਸ ਦੇ ਅਸਰ/ਰਿਕਾਰਡ ਬਦਲਵੇਂ ਹੁੰਦੇ ਹਨ। ਇਸ ਤਰੀਕੇ ਨਾਲ ਜਾਣੂ ਹੋਈਆਂ ਹੱਦਾਂ (parameters) ਇਕ-ਇਕ ਕਰਕੇ ਛੋਟੀਆਂ ਪੌੜੀਆਂ ਵਾਂਗ ਬਦਲਦੀਆਂ ਹਨ ਅਤੇ ਸਾਰੀਆਂ ਹੱਦਾਂ ਦੇ ਸਮੂਹ ਨੂੰ ਇਕੱਠਾ ਕਰਕੇ ਕਿਉਂ, ਕਿਸ ਤਰ੍ਹਾਂ ਤੇ ਕਦੋਂ ਦਾ ਪਤਾ ਲਗਦਾ ਹੈ। ਪ੍ਰੰਤੂ ਅਸਲੀਅਤ ਉਸੇ ਤਰ੍ਹਾਂ ਰਹਿੰਦੀ ਹੈ ਕਿਉਂਕਿ ਚਮਤਕਾਰ ਪਹਿਲਾਂ ਵੀ ਸੀ ਤੇ ਬਾਦ ਵਿਚ ਵੀ ਕਾਇਮ ਰਹੇਗਾ। ਉਪਰੋਕਤ ਸਿਲਸਿਲੇ ਵਾਰ (systematic) ਅਧਿਐਨ ਦਾ ਮਕਸਦ ਕੁਦਰਤੀ ਪ੍ਰਕਿਰਿਆ ਬਾਰੇ ਵਾਕਫੀਅਤ ਹਾਸਲ ਕਰਨਾ ਹੈ ਤਾਂਕਿ ਕੁਝ ਹੱਦਾਂ ਨੂੰ ਫੇਰ ਬਦਲ ਕਰਕੇ ਚਮਤਕਾਰ ਨੂੰ ਵੱਖੋ-ਵੱਖਰੀਆਂ ਦਿਸ਼ਾਵਾਂ ਵਿਚ ਲੋੜ ਅਨੁਸਾਰ ਢਾਲ ਕੇ 'ਮਾਨਵਤਾ ਦੇ ਭਲੇ ਲਈ' ਇਸਤੇਮਾਲ ਕਰਨ ਹਿਤ ਭਲੇ ਦਾ ਦਾਅਵਾ ਕੀਤਾ ਜਾਵੇ। ਤਕਨੀਕੀ ਹੁਨਰ (engineering) ਦੀ ਜ਼ਿਮੇਂਦਾਰੀ ਬਦਲੀਆਂ ਹੱਦਾਂ ਨੂੰ ਬਹੁਤੀ ਤਾਦਾਦ ਵਿਚ ਪੈਦਾ ਕਰੇ ਤਾਂ ਕਿ ਉਪਜ ਜਾਂ ਪ੍ਰਯੋਗ ਵਿਚ ਵਾਧਾ ਹੋਵੇ।

ਪੈਨਸਲੀਨ (penicillin) ਅਤੇ ਇਸਨੂੰ ਬਣਾਉਣ ਵਾਲੀ ਉਲੀ (mold) ਕੁਦਰਤ ਵਿਚ ਮੌਜੂਦ ਸੀ। ਪ੍ਰੋਫੈਸਰ ਅਲੈਗਜ਼ੰਡਰ ਬੰਟਿੰਗ (Prof. Alexander Bunting) ਅਤੇ ਉਸਦੀ ਅਸਿਸਟੈਂਟ ਮੈਰੀ ਨੇ ਇਸ ਨੂੰ ਹਜ਼ਾਰਾਂ ਗੁਣਾ ਜ਼ਿਆਦਾ ਪੈਦਾਵਾਰ ਲਈ ਲਾਂਭੇ ਕੱਢ ਲਿਆ। ਚਿਤਰ ਲੈਣ ਵਾਲੀਆਂ ਕਿਰਨਾਂ (x-rays) ਪਹਿਲਾਂ ਵੀ ਮੌਜੂਦ ਸਨ। ਰੋਇੰਟਜਨ (Roentgen) ਨੇ ਦਾਅਵਾ ਕੀਤਾ ਸੀ ਕਿ ਭੌਤਿਕ-ਰਸਾਇਣਿਕ-ਜੀਵ-ਬਨਸਪਤੀ ਰਾਹੀਂ ਹਰ ਇਕ ਚੀਜ਼ ਪ੍ਰਾਪਤ ਹੋ ਸਕਦੀ ਹੈ।

ਕਲਪਤਿ ਵਿਚਾਰ ਅਤੇ ਸਿਧਾਂਤ ਬਹੁਤ ਮਿਹਨਤ ਉਪਰੰਤ ਕਸਵੱਟੀ ਤੇ ਪਰਖ ਕੇ ਲਿਖਤੀ ਰੂਪ ਵਿਚ ਲਿਆਏ ਜਾਂਦੇ ਹਨ ਅਤੇ ਇਹ ਸਿਧਾਂਤ ਸਮੇਂ ਦੀ ਲੋੜ ਅਨੁਸਾਰ ਸੋਧ ਕੇ ਨਵੇਂ ਵਿਕਾਸ ਵਿਚ ਲਾਗੂ ਕੀਤੇ ਜਾਂਦੇ ਹਨ ਅਤੇ ਜਾਂ ਸ਼ੰਕਿਆਂ ਨੂੰ ਰਹਿਤ ਕਰਨ ਤੇ ਊਣਤਾਈਆਂ ਨੂੰ ਠੀਕ ਕਰਨ ਹਿਤ ਵਰਤੇ ਜਾਂਦੇ ਹਨ। ਮਿਸਾਲ ਦੇ ਤੌਰ ਕੇ ਬ੍ਰਹਿਮੰਡ (universe) ਦੇ ਉਪਜਣ ਤੇ ਬਣਨ ਦਾ ਸਿਧਾਂਤ ਬਿਗਬੈਂਗ (Big-Bang) ਧਮਾਕਾ/ਸ਼ਬਦ ਤੋਂ ਅਮੂਰਤੀਕ੍ਰਿਤ ਹੈ ਜਿਸ ਤਰ੍ਹਾਂ (infinity) ਬੇਅੰਤਤਾ-ਅਨੰਤਤਾ-ਅਪਾਰਤਾ-ਅਸੀਮ ਸੰਖਿਆ। ਬ੍ਰਹਿਮੰਡੀ ਧਮਾਕੇ ਤੋਂ ਦੁਧ ਚਿੱਟੀ ਅਕਾਸ਼ ਗੰਗਾ ਵਾਂਗ ਬਹੁਤ ਵਿਸ਼ਾਲ ਸਮੂਹ (ਲਾਵਾ-ਚਾਨਣ-ਪਦਾਰਥ) ਨਿਕਲਣ ਦੇ ਨਤੀਜੇ ਵਜੋਂ ਗ੍ਰਹਿ ਬਣੇ ਜਿਵੇਂ ਸੂਰਜ, ਧਰਤੀ, ਮੰਗਲਤਾਰਾ, ਚੰਦਰਮਾ, ਪਲੂਟੋ ਆਦਿ। ਬਾਦ ਵਿਚ ਜਦੋਂ ਇਹ ਗ੍ਰਹਿ ਭੌਤਿਕ-ਰਸਾਇਣਿਕ ਤੇ ਜੀਵ ਬਨਸਪਤ ਕ੍ਰਿਆ ਕਰਕੇ ਠੰਢੇ ਹੋਏ ਤਾਂ ਸਿੱਟੇ ਵੱਜੋਂ ਬਨਸਪਤੀ ਪੈਦਾ ਹੋਈ। ਇਹ ਬਿਲਕੁਲ ਬਿਜਲਈ ਚੁੰਬਕੀ ਲਹਿਰਾਂ (electro magnetic radiation) ਦੇ ਖਿਲਰਨ ਵਾਂਗ ਹੁੰਦਾ ਹੈ ਜਿਹੜੀਆਂ ਕੇਂਦਰੀ ਮੂਲ (Nuclear) ਦੇ ਪ੍ਰਮਾਣੂ ਵਿਸਫੋਟ ਅਤੇ ਮਿਸ਼ਰਣ ਨਾਲ ਹੁੰਦਾ ਹੈ ਜਿਹੜਾ ਕੇਂਦਰੀ ਮੂਲ ਦੁਆਰਾ ਬੰਬਾਰੀ ਕਰਨ ਨਾਲ ਪੈਦਾ ਕੀਤਾ ਜਾ ਸਕਦਾ ਹੈ। ਕੇਂਦਰੀ ਮੂਲ, ਪ੍ਰਮਾਣੂ ਵਿਸਫੋਟ ਤੇ ਮਿਸ਼ਰਣ ਹਮੇਸ਼ਾ ਪਹਿਲਾਂ ਵੀ ਆਲੇ-ਦੁਆਲੇ ਵਿਚ ਮੌਜੂਦ ਸੀ। (Sir Otto Hahn) ਸਰ ਓਟੋ ਹ੍ਹਾਨ ਇਸ ਨੂੰ ਐਟਮ ਬੰਬ ਬਣਾਉਣ ਲਈ ਯੂਰੇਨੀਅਮ ਦੇ ਤੌਰ ਤੇ ਵਰਤ ਸਕਦਾ ਸੀ ਜਾਂ ਊਰਜਾ ਪੈਦਾ ਕਰਨ ਲਈ ਵੀ। ਸਿਲੀਕੋਨ (silicon) ਗੇਲੀਅਮ (Gallium) ਤੇ ਸੰਖੀਆ (Arsenic) ਵਰਗੇ ਰਸਾਇਣਿਕ ਤੱਤ ਵੀ ਪਹਿਲਾਂ ਹੀ ਮੌਜੂਦ ਸਨ ਜਦ ਕਿ ਮਾਈਕਰੋਚਿਪ (microchip) ਤੇ ਟਰਾਂਜਿਸਟਰ ਦੀ ਕਾਢ ਵੀ ਨਹੀਂ ਸੀ ਨਿਕਲੀ।

ਅਜੋਕੀ ਖੋਜ ਨੇ ਦਸ ਦਿਤਾ ਹੈ ਕਿ ਬ੍ਰਹਿਮੰਡੀ ਉਪਗ੍ਰਹਿ ਸਿਲਸਿਲਾ ਬਿਗਬੈਂਗ ਨਾਲ ਹੋਂਦ ਵਿਚ ਨਹੀਂ ਆਇਆ ਸਗੋਂ ਇਸ ਦੀ ਹੋਂਦ ਪਹਿਲਾਂ ਤੋਂ ਹੀ ਸੀ। ਇਹ ਸਿਧਾਂਤ ਹੁਣ ਲੋਕਾਂ ਵਿਚ ਵਧੇਰੇ ਮੰਨਿਆ ਜਾਂਦਾ ਹੈ। ਲੇਖਕ ਕਈ ਹਜ਼ਾਰ ਐਸੀਆਂ ਪ੍ਰਾਪਤੀਆਂ ਦੀਆਂ ਉਦਾਹਰਣਾਂ ਦੇ ਕੇ ਕਈ ਸਫੇ ਭਰ ਸਕਦਾ ਹੈ ਪ੍ਰੰਤੂ ਮੰਤਵ ਇਹ ਸਭ ਕੁਝ ਲਿਖਣ ਤੋਂ ਨਹੀਂ ਹੈ ਸਗੋਂ ਪਾਠਕਾਂ ਨੂੰ ਇਨ੍ਹਾਂ ਸਿਧਾਂਤਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦੀ ਸਤਰਕਤਾ (awareness) ਵਿਚ ਵਾਧਾ ਕਰ ਸਕਦਾ ਹੈ ਕਿ ਕੁਦਰਤ ਕਿਵੇਂ

ਬਣੀ ਅਤੇ ਸਾਇੰਸ ਤੇ ਮਨੁਖ ਦੀਆਂ ਕੀ ਊਣਤਾਈਆਂ ਹਨ।

ਉਪਰੋਕਤ ਦਲੀਲ ਵਿਚ ਇਹ ਦੱਸਣ ਦੀ ਇਕ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਗਈ ਹੈ ਕਿ 'ਕਰਤਾ' ਮਨੁੱਖ ਨਹੀਂ ਹੈ। ਇਨਸਾਨ ਜਿਥੋਂ ਤਕ ਕੁਝ ਕਰ ਸਕਦਾ ਹੈ, ਉਸ ਦੀ ਆਪਣੀ ਹੱਦ ਹੈ। ਅਜਕਲ ਦੀ ਪੜ੍ਹੀ ਲਿਖੀ ਸੁਸਾਇਟੀ ਇਸ ਨੂੰ ਕੁਦਰਤ (Nature) ਅਤੇ ਇਸਲਾਮ ਨੂੰ ਮੰਨਣ ਵਾਲੇ ਇਸਨੂੰ 'ਅੱਲਾ' ਅਤੇ ਯੂਰਪੀਅਨ ਇਸਨੂੰ ਗੌਡ (God) ਅਤੇ ਸਿੱਖ ਫਿਲਾਸਫੀ ਵਿਚ ਇਸਨੂੰ ਪਰਮ-ਆਤਮਾ ਜਾਂ ਵਾਹਿਗੁਰੂ ਕਹਿੰਦੇ ਹਨ। ਇਹ ਉਸੇ ਤਰ੍ਹਾਂ ਹੈ ਜਿਵੇਂ ਤੁਸੀਂ ਮੇਰੇ ਨਾਲ, ਕਿਸੇ ਤਰੀਕੇ ਨਾਲ, ਤੇ ਕਦੋਂ ਗੱਲ ਕਰਨਾ ਚਾਹੁੰਦੇ ਹੋ। ਕਦੀ ਮੇਰੇ ਵਿਦਿਆਰਥੀ ਮੈਨੂੰ 'ਇਕਬਾਲ' ਤੇ ਕਦੀ ਡਾਕਟਰ ਅਟਵਾਲ ਜਾਂ ਡਾਕਟਰ ਸਾਹਿਬ ਜਾਂ ਮੇਰੀਆਂ ਬੇਟੀਆਂ ਮੈਨੂੰ Dad ਕਹਿ ਕੇ ਬੁਲਾਉਂਦੀਆਂ ਹਨ। ਹਰ ਇਕ ਤਰੀਕੇ ਨਾਲ ਸਾਰੀਆਂ ਹਾਲਤਾਂ ਵਿਚ ਮੈਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਮੈਨੂੰ ਬੁਲਾ ਰਹੇ ਹਨ। ਬਿਲਕੁਲ ਇਸੇ ਤਰ੍ਹਾਂ ਤੁਸੀਂ ਭਾਵੇਂ ਉਸਨੂੰ OMNI CREATOR 'ਸਰਵ ਵਿਆਪਕ ਕਰਤਾ' ਕਹੋ ਜਾਂ ਕੁਝ ਹੋਰ, ਹਰ ਸਥਿਤੀ ਵਿਚ ਤੁਸੀਂ ਉਸਨੂੰ ਕਹਿਣਾ ਚਾਹੁੰਦੇ ਹੋ, ਉਹ ਜਾਣਦਾ ਹੈ।

ਉਤਰੀ ਅਮਰੀਕਾ ਜਾਂ ਯੂਰਪ ਵਿਚ, ਮੇਰੇ ਖਿਆਲ ਅਨੁਸਾਰ, ਮਜ਼ਬ (religion) ਨੂੰ ਕੋਈ ਖਾਸ ਮਹੱਤਤਾ ਨਹੀਂ ਦਿਤੀ ਜਾਂਦੀ। ਪ੍ਰੰਤੂ ਵਿਗਿਆਨਕਾਰਾਂ ਦਾ ਭਾਈਚਾਰਾ (Scientist community) ਮੌਤ ਦੀ ਪ੍ਰੀਕ੍ਰਿਆ ਨੂੰ ਆਪਣੀ ਖੋਜ ਦਾ ਹਿਸਾ ਬਣਾ ਕੇ ਜਾਨਣ ਦਾ ਜਤਨ ਕਰ ਰਹੇ ਹਨ ਕਿ ਜਦੋਂ ਮਨੁੱਖ ਮਰ ਰਿਹਾ ਹੁੰਦਾ ਹੈ, ਉਸ ਵੇਲੇ ਕੀ ਵਾਪਰਦਾ ਹੈ ਜਾਂ ਉਸ ਨਾਲ ਭੌਤਿਕ ਅਤੇ ਅਨਦ੍ਰਿਸ਼ਟਮਾਨ ਕੀ ਵਾਪਰ ਰਿਹਾ ਹੁੰਦਾ ਹੈ? ਸਭ ਤੋਂ ਪਹਿਲਾਂ ਦਿਲ ਦੀ ਧੜਕਣ ਬੰਦ ਹੋ ਜਾਂਦੀ ਅਤੇ ਇਸ ਨਾਲ ਖੂਨ ਨੂੰ ਹਵਾ ਦੀ ਸਪਲਾਈ ਬੰਦ ਹੋ ਜਾਂਦੀ ਹੈ ਜੋ ਕਿ ਹੈਮੋਗਲੋਬਿਨ (heamoglobin) ਨੂੰ ਔਕਸੀ-ਹੈਮੋਗਲੋਬਿਨ (oxyheamoglobin) ਬਣਾ ਕੇ ਸਾਰੇ ਸਰੀਰ ਵਿਚ ਘੁੰਮਾਉਂਦੀ ਹੈ। ਸਿੱਟੇ ਵਜੋਂ ਦਿਮਾਗ ਨੂੰ ਹਵਾ ਦੀ ਸਪਲਾਈ ਬੰਦ ਹੋ ਜਾਂਦੀ ਹੈ ਜਿਸ ਕਾਰਨ ਦਿਮਾਗ ਦੇ ਸੈਲ ਜਿਹੜੇ ਸਾਰੇ ਸਰੀਰ ਦੀ ਗਤੀ ਵਿਧੀ ਨੂੰ ਚਲਾਉਂਦੇ ਹਨ, ਕਾਬੂ (control) ਵਿਚ ਰੱਖਦੇ ਹਨ ਜਿਵੇਂ ਸਵਾਸ, ਅੱਖਾਂ ਦਾ ਝਮਕਣਾ ਅਤੇ ਅੱਖਾਂ ਦੀ ਰੌਸ਼ਨੀ ਆਦਿ, ਭੇਜਦੇ ਹਨ। ਦੂਜਾ, ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ ਹੈ ਤਾਂ ਮਨੁਖ ਪੂਰੇ ਤੌਰ ਤੇ ਮਰ ਜਾਂਦਾ ਹੈ। ਪਹਿਲੀ ਅਵਸਥਾ ਨੂੰ ਡਾਕਟਰੀ ਮੌਤ (clinical death) ਕਹਿੰਦੇ ਹਨ। (ਇਸ ਉਪਰੰਤ ਦਿਲ ਦੀ ਧੜਕਣ ਬੰਦ ਹੋ ਜਾਂਦੀ ਹੈ) ਜੇ ਕਿਸੇ ਮਨੁੱਖ ਨੂੰ ਦਿਲ ਦੇ ਪੰਪ ਨੂੰ ਬਨਾਵਟੀ ਸਾਹ ਲੈਣ ਵਾਲੇ ਸਿਸਟਮ (artificial heart pumping respiratory system) ਨਾਲ ਜੋੜ ਦਿਤਾ ਜਾਵੇ ਤਾਂ ਉਸਦੇ ਬਚਣ ਦੇ ਆਸਾਰ ਹੋ ਸਕਦੇ ਹਨ ਅਤੇ ਇਹੋ ਜਿਹੇ ਕਈ ਕੇਸ ਹਨ ਜਿਨ੍ਹਾਂ ਨੂੰ ਸਾਇੰਸਦਾਨ ਭਾਈਚਾਰਾ ਜਾਣਦਾ ਹੈ।

ਪਰੰਤੂ ਦਿਸਦੇ ਸੰਸਾਰ ਤੋਂ ਪਰ੍ਹੇ ਕੀ ਵਾਪਰਦਾ ਹੈ, ਇਸਦਾ ਤਜਰਬਾ ਨਹੀਂ ਕੀਤਾ ਜਾ ਸਕਦਾ। ਕੇਵਲ ਇਸਦਾ ਸੱਚਾ ਅਨੁਭਵ ਮੌਤ ਹੁੰਦੇ ਸਮੇਂ ਹੀ ਕੀਤਾ ਜਾ ਸਕਦਾ ਹੈ। ਸੋ ਇਹ ਅਨੁਭਵ ਕਿਸੇ ਨੂੰ ਹੋਵੇ ਭੀ ਤਾਂ ਉਹ ਮਨੁੱਖ ਦੱਸਣ ਲਈ ਜ਼ਿੰਦਾ ਜਾਂ ਮੌਜੂਦ ਨਹੀਂ ਹੁੰਦਾ। ਜੇਕਰ ਕੋਈ ਮਨੁੱਖ ਇਸ ਤੋਂ ਬਚ ਜਾਵੇ ਤਾਂ ਉਸ ਤੇ ਨਿਸਚੇਪੂਰਵਕ ਸ਼ੱਕ ਹੋ ਸਕਦਾ ਹੈ ਕਿ ਉਸਨੂੰ ਮੌਤ ਦਾ ਅਨੁਭਵ ਹੋਇਆ ਸੀ? ਤਦ ਇਹ ਦੁਚੱਲੀ ਔਕੜ ਵਾਲੀ ਸਥਿਤੀ ਬਣ ਜਾਂਦੀ ਹੈ ਕਿ ਪਹਿਲਾਂ ਮੁਰਗੀ ਹੋਈ ਜਾਂ ਅੰਡਾ ਜਾਂ ਇਹਦੇ ਉਲਟ? ਵਿਗਿਆਨਕ ਖੋਜ ਸਿਲਸਿਲੇ ਦੇ ਅਧਾਰ ਤੇ, ਜਿਵੇਂ ਅਸੀਂ ਲੋਕ ਖੋਜ ਕਰਦੇ ਹਾਂ, ਕਈ ਸਾਇੰਸਦਾਨ ਇਕੋ ਵਿਸ਼ੇ ਜਾਂ topic ਤੇ ਆਪਣੇ ਤਜਰਬੇ, ਆਪਣੇ-ਆਪਣੇ ਤਰੀਕਿਆਂ ਨਾਲ ਸੰਸਾਰ ਦੇ ਸਾਰੇ ਹਿਸਿਆਂ ਵਿਚ ਕਰਦੇ ਹਨ। ਉਨ੍ਹਾਂ ਨਤੀਜਿਆਂ ਵਿਚ ਥੋੜ੍ਹਾ ਬਹੁਤ ਫਰਕ ਹੁੰਦਾ ਹੈ। ਉਨ੍ਹਾਂ ਨਤੀਜਿਆਂ ਦੇ ਅਧਾਰ ਤੇ, ਜੇ ਉਹ ਇਕੋ ਜਿਹੇ ਮਿਲਦੇ ਜੁਲਦੇ ਹੋਣ ਤਾਂ ਇਕ ਸਿਧਾਂਤ (theory) ਬਣਦਾ ਹੈ ਜੋ ਕਿ ਸਭ ਨੂੰ ਮੰਨਣਯੋਗ ਹੁੰਦਾ ਹੈ।

ਕਈ ਵਿਗਿਆਨਕਾਂ ਨੇ ਮੌਤ ਦੀ ਪ੍ਰਕ੍ਰਿਆ ਜਾਨਣ ਵਿਚ ਕਾਫੀ ਦਿਲਚਸਪੀ ਵਿਖਾਈ ਹੈ। ਮੇਰੀ ਜਾਣਕਾਰੀ ਮੁਤਾਬਿਕ ਸਭ ਤੋਂ ਪਹਿਲੇ ਪ੍ਰੋਫੈਸਰ ਰੇਮੰਡ.ਏ.ਮੂਡੀ (Raymond A. Moody) ਹਨ। ਡਾਕਟਰ ਮੂਡੀ ਨੇ ਯੂਨੀਵਰਸਿਟੀ ਆਫ ਵਰਜੀਨੀਆ (ਅਮਰੀਕਾ) ਤੋਂ ਫਿਲਾਸਫੀ ਵਿਚ ਪੀ.ਐਚ.ਡੀ ਅਤੇ ਐਮ.ਡੀ. ਕੀਤੀ ਹੈ ਅਤ (Medicine and phychiatry) ਉਹ ਚਿਕਤਿਸਾ ਅਤੇ ਮਨੋਚਿਕਿਤਿਸਾ ਦੇ ਮਾਹਿਰ ਹਨ। ਇਨ੍ਹਾਂ ਨੂੰ ਮੌਤ ਦੀ ਪ੍ਰਕ੍ਰਿਆ ਵਿਚ ਦਿਲਚਸਪੀ ਹੋਣ ਕਰਕੇ, ਉਨ੍ਹਾਂ ਮਰੀਜ਼ਾਂ ਨੂੰ ਚੁਣਿਆ ਜਿਹੜੇ ਮੌਤ ਦੀ ਪਹਿਲੀ ਅਵਸਥਾ (Cardiac arrest ਦਿਲ ਦੀ ਧੜਕਣ ਬੰਦ ਹੋਣ ਕਰਕੇ) ਵਿਚੋਂ ਗੁਜ਼ਰ ਚੁਕੇ ਸਨ। ਇਨ੍ਹਾਂ ਨੂੰ ਬਣਾਉਟੀ ਦਿਲ ਧੜਕਣ ਤੇ ਸੁਆਸ ਕ੍ਰਿਆ ਰਾਹੀਂ ਦੂਸਰੀ ਅਵਸਥਾ ਵਿਚੋਂ ਗੁਜਰਨ ਤੋਂ ਬਚਾ ਲਿਆ ਅਤੇ ਮਰਨ ਦੀ ਥਾਂ ਆਪਣੇ ਅਨੁਭਵ ਦੱਸਣ ਲਈ ਜਿੰਦਾ ਬਚ ਗਏ। ਜਿਨ੍ਹਾਂ ਮਰੀਜ਼ਾਂ ਤੇ ਇਨ੍ਹਾਂ ਨੇ ਖੋਜ ਕੀਤੀ, ਉਨ੍ਹਾਂ ਵਿਚ ਦਿਲ ਦੀ ਧੜਕਣ ਬੰਦ ਹੋਣ ਵਾਲੇ; ਮੋਟਰ ਐਕਸੀਡੈਂਟ, ਪਾਣੀ ਵਿਚ ਡੁੱਬੇ, ਲੰਮੀ ਬੀਮਾਰੀ, ਅਧਰੰਗ ਦਾ ਦੌਰਾ, ਦਿਲ ਦਾ ਦੌਰਾ, ਸੜਨਾ ਅਤੇ ਗੰਭੀਰ ਚੀਰ ਫਾੜ ਵਰਗੇ ਮਰੀਜ਼ ਸ਼ਾਮਿਲ ਹਨ।

ਪੁਨਰ ਉਥਾਨ (revival) ਦੀ ਪ੍ਰੀਕ੍ਰਿਆ ਵਿਚ ਉਤੇਜਿਤ ਦਿਲ ਧੜਕਾਉਣਾ (stimulated heart pumping) ਅਤੇ ਬਨਾਵਟੀ ਜਾਂ ਸਹਾਇਕ ਸਵਾਸ ਕ੍ਰਿਆ (artificial or assisted respiration) ਸ਼ਾਮਿਲ ਹਨ। ਦਿਲ ਦੀ ਧੜਕਣ ਰੁਕਣ ਤੋਂ ਬਾਦ ਮਰੀਜ਼ਾਂ ਨੂੰ ਦਿਲ ਤੇ ਫੇਫੜਿਆਂ ਦੇ ਸਹਾਇਕ ਕ੍ਰਮ ਨਾਲ ਜੋੜ ਦਿਤਾ ਗਿਆ, ਕਈ ਤਾਂ ਮਰ ਗਏ ਅਤੇ ਕੁਝ ਵੀ ਦੱਸਣ ਵਾਸਤੇ ਜਿੰਦਾ ਨਾ ਰਹੇ ਅਤੇ ਜਿਹੜੇ ਬਚ ਗਏ, ਆਪਬੀਤੀ ਦੱਸਣ ਦੇ ਲਾਇਕ ਹੋ ਗਏ ਜਦੋਂ ਉਨ੍ਹਾਂ ਨੂੰ ਤੀਬਰ ਚਿਕਿਤਸਾ ਕ੍ਰਮ (Intensive care unit) ਹੇਠ ਰੱਖਿਆ ਗਿਆ। ਉਹਨਾਂ ਦੇ ਬਚਣ ਉਪਰੰਤ ਡਾਕਟਰ ਮੂਡੀ ਨੇ ਉਹਨਾਂ ਤੋਂ ਜਾਂਚ ਪੜਤਾਲ ਕਰਕੇ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਉਸ ਵਕਤ ਬਾਰੇ ਕੁਝ ਦਸ ਸਕਦੇ ਹਨ ਜਦੋਂ ਕਿ ਉਨ੍ਹਾਂ ਨੂੰ ਬਨਾਵਟੀ ਦਿਲ ਧੜਕਣ ਤੇ ਸਵਾਸ ਕ੍ਰਿਆ ਕ੍ਰਮ ਉਤੇ ਰੱਖਿਆ ਗਿਆ ਸੀ। ਜਦੋਂ ਉਨ੍ਹਾਂ ਵਲੋਂ ਦੱਸੀਆਂ ਗੱਲਾਂ ਨੂੰ ਗੁਪਤ ਰੱਖਣ ਦਾ ਵਾਇਦਾ ਕੀਤਾ ਗਿਆ ਤਾਂ ਕਈਆਂ ਨੇ ਤਾਂ ਨਾ-ਯਕੀਨ ਆਉਣ ਵਾਲੀਆਂ ਅਨੋਖੀਆਂ ਗੱਲਾਂ ਦੱਸੀਆਂ। ਖੋਜ ਦੇ ਕਈ ਪੱਖਾਂ ਉਤੇ ਸ਼ੱਕ ਹੋ ਸਕਦਾ ਹੈ ਪਰ ਡਾਕਟਰ ਮੂਡੀ ਦੇ ਖੋਜ

ਕਰਨ ਦਾ ਤਰੀਕਾ ਅਤੇ ਕਈਂ ਖੋਜ ਅਧੀਨ ਮਰੀਜ਼ਾਂ ਵਲੋਂ ਦੱਸੀਆਂ ਕਹਾਣੀਆਂ ਦੀ ਸ਼ੈਲੀ ਅਨੁਸਾਰ ਮੈਨੂੰ ਅਤੇ ਹੋਰ ਕਈਆਂ ਨੂੰ ਯਕੀਨ ਹੈ ਕਿ ਉਨ੍ਹਾਂ ਨੇ ਠੀਕ ਨਿਰਣਾ ਕੀਤਾ ਹੈ।

ਉਨ੍ਹਾਂ ਦੇ ਇਕ ਮਰੀਜ਼ ਅਨੁਸਾਰ – "ਮੈਂ ਹਸਪਤਾਲ ਵਿਚ ਸੀ ਅਤੇ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਮੇਰੇ ਵਿਚ ਕੀ ਖਰਾਬੀ ਹੈ। ਇਕ ਡਾਕਟਰ ਜੇਮਜ਼, ਜਿਹੜੇ ਮੇਰੇ ਡਾਕਟਰ ਸਨ, ਮੈਨੂੰ ਪੌੜੀਆਂ ਤੋਂ ਥੱਲੇ radiologist (ਰੇਡੀਓਲੋਜਿਸਟ) ਕੋਲ ਮੇਰੇ ਜਿਗਰ ਦਾ ਮੁਆਇਨਾ ਕਰਨ ਲਈ ਭੇਜਿਆ ਤਾਂ ਕਿ ਉਨ੍ਹਾਂ ਨੂੰ ਪਤਾ ਚਲ ਸਕੇ। ਮੈਨੂੰ ਦਵਾਈ ਦੇਣ ਲਈ ਉਨ੍ਹਾਂ ਨੇ ਮੇਰੀ ਬਾਂਹ ਤੇ ਟੈਸਟ ਕੀਤਾ ਕਿਉਂਕਿ ਮੈਨੂੰ ਕਾਫੀ ਦਵਾਈਆਂ ਤੋਂ ਐਲਰਜੀ ਸੀ, ਜਦੋਂ ਕੋਈ ਰੀ-ਐਕਸ਼ਨ (re-aciton) ਨਾ ਹੋਇਆ ਤਾਂ ਉਹ ਅੱਗੇ ਵਧੇ। ਜਦੋਂ ਉਹ ਰੇਡੀਓਲੋਜਿਸਟ ਮੇਰੀ ਜਾਂਚ ਕਰ ਰਿਹਾ ਸੀ, ਉਸਨੇ ਟੈਲੀਫੋਨ ਕੀਤਾ ਜੋ ਮੈਨੂੰ ਸਾਫ ਸੁਣਾਈ ਦੇ ਰਿਹਾ ਸੀ, ਉਸਨੇ ਕਿਹਾ, ਡਾਕਟਰ ਜੇਮਜ਼ ਤੁਹਾਡੀ ਮਰੀਜ਼ ਮਿਸਿਜ਼ ਮਾਰਟਿਨ ਮਰ ਗਈ ਹੈ' ਪਰ ਮੈਨੂੰ ਲਗ ਰਿਹਾ ਸੀ ਮੈਂ ਨਹੀਂ ਮਰੀ। ਮੈਂ ਹਿੱਲਣ ਦੀ ਕੋਸ਼ਿਸ਼ ਕੀਤੀ ਕਿ ਉਸਨੂੰ ਪਤਾ ਲਗ ਸਕੇ ਪਰ ਮੈਥੋਂ ਹਿਲਿਆ ਨਾ ਗਿਆ। ਜਦੋਂ ਉਹ ਮੈਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੇ ਸੀ ਤਾਂ ਮੈਂ ਉਨ੍ਹਾਂ ਨੂੰ ਗੱਲਾਂ ਕਰਦਿਆਂ ਸੁਣ ਰਹੀ ਸੀ ਕਿ ਕਿੰਨੀ ਮਾਤਰਾ ਵਿਚ ਦਵਾਈ ਦੇਣੀ ਹੈ ਪਰ ਟੀਕਾ ਮੇਰੇ ਸਰੀਰ ਵਿਚ ਖੁਭਦਾ ਮਹਿਸੂਸ ਨਹੀਂ ਹੋਇਆ ਅਤੇ ਜਦੋਂ ਉਹ ਮੈਨੂੰ ਛੂੰਹਦੇ ਸਨ ਤਾਂ ਮੈਂ ਵੀ ਮੈਨੂੰ ਪਤਾ ਜਾਂ ਮਹਿਸੂਸ ਨਹੀਂ ਸੀ ਹੁੰਦਾ। (ਡਾਕਟਰ ਰੇਮੰਡ ਮੂਡੀ ਦੀ ਪੁਸਤਕ LIFE AFTER LIFE ਵਿਚੋਂ) ਇਨ੍ਹਾਂ ਨੇ ਜਿੰਨੇ ਮਰੀਜ਼ਾਂ ਤੇ ਖੋਜ ਕੀਤੀ ਉਨ੍ਹਾਂ ਸਾਰਿਆਂ ਦੀ clinical death (ਡਾਕਟਰੀ ਮੌਤ) ਉਨ੍ਹਾਂ ਦੇ ਹਸਪਤਾਲ ਵਿਚ ਹੀ ਵਾਪਰੀ ਸੀ।

ਭਾਵੇਂ ਮੌਤ ਹੋਣ ਤੋਂ ਪਹਿਲਾਂ ਦੇ ਤਜਰਬੇ ਸਾਰਿਆਂ ਵਿਚ ਇਕੋ ਜਿਹੇ ਨਹੀਂ ਹੁੰਦੇ ਪਰੰਤੂ ਫੇਰ ਭੀ ਉਨ੍ਹਾਂ ਨੂੰ ਕਾਫੀ ਮਿਲਦੇ ਜੁਲਦੇ ਢਾਂਚੇ ਵਾਂਗ ਮੰਨਿਆ ਜਾਂਦਾ ਹੈ। ਇਕ ਹੋਰ ਕੇਸ ਵਿਚ ਇਕ ਸਰਜਨ ਨੇ ਦੱਸਿਆ – 'ਮੇਰੀ ਮਰੀਜ਼ ਇਕ ਇਸਤਰੀ ਸੀ ਜਿਸ ਦੀ ਦਿਲ ਦੀ ਧੜਕਣ ਬੰਦ ਹੋ ਚੁਕੀ ਸੀ, ਮੈਂ ਤੇ ਇਕ ਹੋਰ ਸਰਜਨ ਉਸਦਾ ਆਪਰੇਸ਼ਨ ਕਰਨ ਲੱਗੇ ਸੀ। ਮੈਂ ਵੇਖਿਆ ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਪੱਥਰਾ ਚੁਕੀਆਂ ਹਨ। (ਇਹ ਮੌਤ ਦੀ ਨਿਸ਼ਾਨੀ ਹੁੰਦੀ ਹੈ, ਕੋਈ ਵੀ ਡਾਕਟਰ ਮਰੀਜ਼ ਨੂੰ ਮੁਰਦਾ ਕਰਾਰ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਪਰਖ ਕਰਦਾ ਹੈ।) ਕੁਝ ਦੇਰ ਅਸੀਂ ਉਸਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਹ ਮਰ ਚੁਕੀ ਸੀ, ਸਾਨੂੰ ਕੋਈ ਸਫਲਤਾ ਨਹੀਂ ਮਿਲੀ। ਮੈਂ ਆਪਣੇ ਸਹਿਯੋਗੀ ਡਾਕਟਰ ਨੂੰ ਕਿਹਾ ਚਲੋ ਇਕ ਵੇਰਾਂ ਹੋਰ ਕੋਸ਼ਿਸ਼ ਕਰਕੇ ਵੇਖਦੇ ਹਾਂ, ਫੇਰ ਆਸ ਛੱਡ ਦਿਆਂਗੇ। ਇਸ ਵੇਰਾਂ ਉਸ ਦੀ ਦਿਲ ਦੀ ਧੜਕਣ ਵਾਪਸ ਆ ਗਈ ਤੇ ਜ਼ਿੰਦਾ ਹੋ ਗਈ। ਬਾਦ ਵਿਚ ਮੈਂ ਉਸਨੂੰ ਪੁੱਛਿਆ ਕਿ ਤੈਨੂੰ ਅਪਣੀ ਮੌਤ ਬਾਰੇ ਕੁਝ ਯਾਦ ਹੈ? ਉਹ ਕਹਿਣ ਲੱਗੀ ਜ਼ਿਆਦਾ ਤਾਂ ਨਹੀਂ ਕੇਵਲ ਐਨਾ ਸੁਣਿਐ, ਤੁਸੀਂ ਕਹਿ ਰਹੇ ਸੀ ਚਲੋ ਇਕ ਵੇਰਾਂ ਹੋਰ ਕੋਸ਼ਿਸ਼ ਕਰ ਕੇ ਵੇਖਦੇ ਹਾਂ ਫੇਰ ਆਸ ਛੱਡ ਦਿਆਂਗੇ।

ਡਾਕਟਰੀ ਮੌਤ ਉਪਰੰਤ ਜਿੰਦਾ ਹੋਣ ਵਾਲੇ ਮਰੀਜ਼ਾਂ ਵਲੋਂ ਦੱਸੀਆਂ ਅਨੇਕਾਂ ਘਟਨਾਵਾਂ ਵਿਚ ਸਭ ਨੇ ਵੱਖੋ-ਵੱਖਰੇ ਤਜਰਬੇ ਦੱਸੇ ਪਰੰਤੂ ਇਸ ਵਿਚ ਸਾਰੇ ਇਸ ਤਜਰਬੇ ਦੇ ਅਗਲੇ ਭਾਗ ਵਿਚ ਇਕ ਹਨ੍ਹੇਰੀ ਸੁਰੰਗ ਵਿਚੋਂ ਦੀ ਜਾਣ ਬਾਰੇ ਦਸਦੇ ਹਨ। ਜਿਵੇਂ ਕਿ ਇਕ ਹੋਰ ਮਰੀਜ਼ ਨੇ ਦੱਸਿਆ – "ਇਹ ਮੇਰੇ ਨਾਲ ਅਜ ਤੋਂ 27 ਸਾਲ ਪਹਿਲਾਂ ਵਾਪਰਿਆ ਤੇ ਉਸ ਵੇਲੇ ਮੈਂ 9 ਸਾਲ ਦਾ ਬੱਚਾ ਸੀ ਪਰੰਤੂ ਇਹ ਘਟਨਾ ਮੇਰੇ ਅੰਦਰ ਉਸੇ ਤਰ੍ਹਾਂ ਉਕਰੀ ਪਈ ਹੈ ਤੇ ਮੈਂ ਇਸ ਨੂੰ ਕਦੀ ਵੀ ਭੁਲਾ ਨਹੀਂ ਸਕਿਆ। ਇਕ ਦਿਨ ਦੀ ਗੱਲ ਹੈ ਕਿ ਮੈਂ ਦੁਪਹਿਰ ਬਾਦ ਬੀਮਾਰ ਹੋ ਗਿਆ ਤੇ ਘਰ ਵਾਲੇ ਮੈਨੂੰ ਨੇੜੇ ਦੇ ਹਸਪਤਾਲ ਲੈ ਗਏ। ਮੇਰੇ ਪਹੁੰਚਦੇ ਸਾਰ ਹੀ ਡਾਕਟਰਾਂ ਨੇ ਬੇਹੋਸ਼ ਕਰਨ ਦੀ ਦਵਾਈ ਦੇ ਕੇ ਸੁਆ ਦਿਤਾ ਕਿਉਂਕਿ ਮੈਂ ਬਹੁਤ ਛੋਟਾ ਸੀ। ਇਹ ਕੁਝ ਉਨ੍ਹਾਂ ਨੇ ਮੇਰੇ ਨੱਕ ਨੂੰ ਕੱਪੜੇ ਨਾਲ ਢੱਕ ਕੇ ਕੀਤਾ ਤੇ ਬਾਦ ਵਿਚ ਮੈਨੂੰ ਸੁਣਿਆ, ਉਹ ਕਹਿ ਰਹੇ ਸੀ ਕਿ ਇਸਦੇ ਦਿਲ ਦੀ ਧੜਕਣ ਬੰਦ ਹੋ ਗਈ ਹੈ। ਮੈਨੂੰ ਉਸ ਵੇਲੇ ਇਹ ਨਹੀਂ ਪਤਾ ਕਿ ਮੇਰੇ ਨਾਲ ਕੀ ਬੀਤੀ ਪਰੰਤੂ ਇਕ ਅਜੀਬ ਤਰ੍ਹਾਂ ਦਾ ਤਜਰਬਾ ਹੋਇਆ। ਮੈਂ ਤੁਹਾਨੂੰ ਦੱਸ ਰਿਹਾ ਹਾਂ, ਮੇਰੇ ਨਾਲ ਕੀ ਬੀਤਿਆ। ਮੈਨੂੰ ਬੜੀ ਸੁਰੀਲੀ ਘੰਟੀ ਦੀ ਅਵਾਜ਼ ਸੁਣੀ ਬਰਰਰਰੰਗ! ਬਰਰਰਰੰਗ! ਬਰਰਰਰੰਗ! ਫੇਰ ਮੈਂ ਇਕ ਹਨ੍ਹੇਰੀ ਥਾਂ ਤੇ ਬਹੁਤ ਤੇਜ਼ ਰਫਤਾਰ ਨਾਲ ਅੱਗੇ ਵੱਧ ਰਿਹਾ ਸੀ ਅਤੇ ਇਹ ਸੁਰੀਲੀ ਅਵਾਜ਼ ਮੇਰੇ ਨਾਲ-ਨਾਲ ਜਾ ਰਹੀ ਸੀ।"

ਇਕ ਹੋਰ ਮਰੀਜ਼ ਇਉਂ ਦਸਦਾ ਹੈ – "ਮੇਰੇ ਸਰੀਰ ਦੇ ਕਿਸੇ ਅੰਗ ਨੂੰ ਸੁੰਨ ਕਰਨ ਲੱਗੇ, ਮੈਨੂੰ ਬੇਹੋਸ਼ੀ ਦੇ ਟੀਕੇ ਤੋਂ re-action (ਰੀਐਕਸ਼ਨ) ਹੋ ਗਿਆ, ਮੇਰਾ ਸਾਹ ਬੰਦ ਹੋ ਗਿਆ ਅਤੇ ਮੇਰੇ ਸਾਹ ਲੈਣ ਵਾਲਾ ਸਿਲਸਿਲਾ (respiratory arrest) ਬੰਦ ਹੋ ਗਿਆ। ਉਸ ਵੇਲੇ ਮੈਂ ਜੋ ਪਹਿਲੀ ਚੀਜ਼ ਵੇਖੀ, ਮੈਂ ਹਨ੍ਹੇਰੇ ਘੁੱਪ ਵਿਚ ਦੀ ਬਹੁਤ ਤੇਜ਼ ਰਫਤਾਰ ਨਾਲ ਚਲਾ ਗਿਆ ਜੋ ਇਕ ਸੁਰੰਗ ਵਰਗੀ ਸ਼ਕਲ ਦਾ ਸੀ। ਮੈਂ ਅੰਦਾਜ਼ਾ ਲਾਉਂਦਾ ਹਾਂ ਕਿ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਮੈਂ ਵੇਲਣੇ ਵਰਗੀ ਸਮੁੰਦਰੀ ਤੱਟ ਦੇ ਚਲਣ ਵਾਲੀ ਰੇਲ ਗੱਡੀ ਉਤੇ ਦਿਲ ਪਰਚਾਵੇ (amusement) ਵਾਲੇ ਪਾਰਕ ਵਿਚ ਬਹੁਤ ਤੇਜ਼ ਰਫਤਾਰ ਤੇ ਜਾ ਰਿਹਾ ਹਾਂ।

*'ਚਲਦਾ'*


ਜੀਵਨ ਸੇਧ, ਮਾਨਸਿਕ ਸ਼ਾਂਤੀ ਅਤੇ ਰੂਹਾਨੀ ਤਰੱਕੀ ਦੀ ਪ੍ਰਾਪਤੀ ਵਾਸਤੇ ਇਸ ਮੈਗਜ਼ੀਨ ਦਾ ਹਰ ਘਰ ਵਿਚ ਹੋਣਾ ਜ਼ਰੂਰੀ ਹੈ।

ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ ਅਤੇ ਪੱਕੀ ਮੈਂਬਰਸ਼ਿਪ ਵਾਸਤੇ ਮਾਇਆ ਭੇਜ ਕੇ ਰਸੀਦ ਪ੍ਰਾਪਤ ਕਰੋ।

ਪੱਤਰ ਵਿਵਹਾਰ ਕਰਦਿਆਂ ਚਿਟ ਨੰਬਰ ਦਾ ਹਵਾਲਾ ਜ਼ਰੂਰ ਦਿਤਾ ਜਾਵੇ।

*ਚੰਦਾ ਭੇਜਣ ਲਈ ਪਤਾ –*
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
ਕੋਠੀ ਨੰ: 781, 3ਬੀ-1, ਸੈਕਟਰ 60,
ਐਸ.ਏ.ਐਸ ਨਗਰ (ਮੋਹਾਲੀ) – 160 052

# ਸਨੇਹੀਆਂ ਦਾ ਪੰਨਾ

ਅਕਤੂਬਰ 1995 ਦਾ ਅੰਕ ਆਪ ਜੀ ਵਾਚ ਰਹੇ ਹੋ, ਇਸ ਵਿਚ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜੇ ਵਾਲਿਆਂ ਵਲੋਂ 'ਨਾਮ' ਦੇ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਵਲੋਂ ਇਸੇ ਵਿਸ਼ੇ ਉਪਰ ਅਗਸਤ ਵਿਚ ਮਾਨਸ ਸਰੀਰ ਦੇ ਅੰਦਰ ਰੀੜ ਦੀ ਹੱਡੀ ਦੇ ਨਾਲ ਲਗਦੇ ਐਨਰਜੀ ਸੈਂਟਰਾਂ ਦਾ ਵਰਣਨ ਬਹੁਤ ਵਿਸਥਾਰ ਨਾਲ ਕੀਤਾ ਗਿਆ ਸੀ। ਬਹੁਤ ਸਾਰੇ ਪ੍ਰੇਮੀਆਂ ਨੇ ਪੜ੍ਹ ਕੇ ਪਤਰਕਾਵਾਂ ਲਿਖੀਆਂ ਕਿ ਅਸੀਂ ਪਹਿਲਾਂ ਬਹੁਤ ਸਾਰੀਆਂ ਆਨ-ਸੰਪਰਦਾਵਾਂ ਦੇ ਪ੍ਰੇਮੀਆਂ ਪਾਸੋਂ ਜਦੋਂ ਸੁਖਮਨਾ ਨਾੜੀ ਦੇ ਇਨ੍ਹਾਂ ਐਨਰਜੀ ਸੈਂਟਰਾਂ ਬਾਰੇ ਸੁਣਦੇ ਸਾਂ ਤਾਂ ਮਨ ਵਿਚ ਬਹੁਤ ਖਿਆਲ ਆਉਂਦੇ ਕਿ ਅਸਾਨੂੰ ਤਾਂ ਇਸ ਰਸਤੇ ਦਾ ਗਿਆਨ ਕਿਸੇ ਨੇ ਵੀ ਨਹੀਂ ਦਿਤਾ ਅਤੇ ਸ਼ੰਕਿਆਂ ਵਿਚ ਪੈ ਜਾਂਦੇ ਅਤੇ ਮਹਾਂਪੁਰਸ਼ਾਂ ਦੇ ਵਿਸਥਾਰ ਨਾਲ ਵਰਣਨ ਕਰਨ ਨਾਲ ਅਸਾਡੇ ਬਹੁਤ ਸਾਰੇ ਭੁਲੇਖੇ ਦੂਰ ਹੋ ਗਏ ਅਤੇ ਉਨ੍ਹਾਂ ਦੇ ਇਹ ਕਹਿਣ ਤੇ ਕਿ ਇਸ ਕਸ਼ਟ ਮਾਰਗ ਨੂੰ ਅਪਨਾਉਣ ਲਈ ਗੁਰਮਤਿ ਅਨੁਸਾਰ ਜ਼ਰੂਰੀ ਨਹੀਂ ਹੈ ਕਿਉਂਕਿ ਅਸਾਡਾ ਮਾਰਗ ਸੁਰਤ ਨੂੰ ਸ਼ਬਦ ਨਾਲ ਜੋੜ ਕੇ ਸ਼ਬਦ ਦੇ ਜਾਪ, ਅਜਪਾ ਜਾਪ ਅਤੇ ਸ਼ਬਦ ਧੁਨ ਰਾਹੀਂ ਆਪਣੀ ਮੰਜ਼ਿਲ ਤੇ ਪੁੱਜਣਾ ਹੋਇਆ ਕਰਦਾ ਹੈ। ਗਹੁ ਨਾਲ ਅਗਸਤ ਦੇ ਆਤਮ ਮਾਰਗ ਅੰਕ ਵਿਚ ਵਰਣਨ ਕੀਤਾ ਹੋਇਆ ਰੂਹਾਨੀ ਮਾਰਗ ਵਿਚਾਰ ਕੇ ਅਸਾਨੂੰ ਸਹਿਜ ਮਾਰਗ ਦੀ ਸੋਝੀ ਪਈ। ਇਸ ਅਕਤੂਬਰ ਦੇ ਅੰਕ ਵਿਚ ਅਨਹਦ ਸ਼ਬਦ ਅਤੇ ਬਹੁਤ ਕਿਸਮ ਦੇ ਪ੍ਰਕਾਸ਼ ਜੋ ਭਜਨ ਕਰਨ ਵਾਲਿਆਂ ਨੂੰ ਸੁਰਤ ਦੀ ਇਕਾਗਰਤਾ ਨਾਲ ਅੰਦਰ ਪ੍ਰਤੱਖ ਦਿਖਾਈ ਦਿੰਦੇ ਹਨ ਜਿਨ੍ਹਾਂ ਦਾ ਜ਼ਿਕਰ ਗੁਰਬਾਣੀ ਵਿਚ ਆਉਂਦਾ ਹੈ, ਉਨ੍ਹਾਂ ਬਾਰੇ ਖੋਲ ਕੇ ਵਿਆਖਿਆ ਕੀਤੀ ਗਈ ਹੈ।

ਦੂਜਾ ਵਿਸ਼ਾ ਜੋ ਅਸੀਂ ਆਤਮ ਮਾਰਗ ਰਾਹੀਂ ਖੋਲ੍ਹ ਕੇ ਵਰਣਨ ਕਰਨਾ ਚਾਹੁੰਦੇ ਹਾਂ, ਉਹ ਹੈ 'ਸੰਤ' ਵਿਅਕਤੀ ਬਾਰੇ। ਕਿਉਂਕਿ ਬਹੁਤ ਸਾਰੇ ਪ੍ਰੇਮੀ ਉਸ ਅਵਸਥਾ ਨੂੰ ਪਹੁੰਚੇ ਨਹੀਂ ਹੁੰਦੇ ਜਿਸਨੂੰ ਚੌਥਾ ਪਦ, ਤ੍ਰਿਗੁਣ ਅਤੀਤ ਅਵਸਥਾ ਅਤੇ ਚੌਥੀ ਭੂਮਿਕਾ ਆਖਿਆ ਜਾਂਦਾ ਹੈ। ਬਹੁਤ ਸਾਰੇ ਪ੍ਰੇਮੀ ਪੁਸਤਕਾਂ ਪੜ੍ਹ ਕੇ ਪ੍ਰਤੱਖ ਅਨੁਭਵ ਦੀ ਪ੍ਰਾਪਤੀ ਕੀਤੇ ਬਿਨਾਂ ਹੀ ਆਪਣੇ ਆਪ ਨੂੰ ਸੰਤ ਕਹਾ ਕੇ ਖੁਸ਼ ਹੁੰਦੇ ਹਨ। ਇਹ ਇਕ ਬਹੁਤ ਵੱਡਾ ਭੁਲੇਖਾ ਹੈ ਜਿਸ ਵਿਚ ਪੈ ਕੇ ਅਸੀਂ ਆਪਣੀ ਝੂਠੀ ਪ੍ਰਸੰਸਾ ਨੂੰ ਅਨੁਭਵ ਕਰਕੇ ਨਾਮ ਸਾਧਨਾ ਤੋਂ ਖਾਲੀ ਰਹਿ ਜਾਂਦੇ ਹਾਂ। ਇਸ ਲੇਖ ਵਿਚ ਦੱਸਿਆ ਗਿਆ ਹੈ ਕਿ ਸੰਸਾਰ ਵਿਚ ਮਨੁੱਖਾਂ ਦੀਆਂ ਕਿੰਨੀਆਂ ਕਿਸਮਾਂ ਹਨ। ਉਨ੍ਹਾਂ ਵਿਚੋਂ ਜਗਿਆਸੂਆਂ ਨੂੰ ਮਾਰਗ ਦਰਸ਼ਨ ਕਰਨ ਲਈ ਪ੍ਰਮੇਸ਼ਰ ਵਲੋਂ ਭੇਜੀਆਂ ਮੁਕਤ ਆਤਮਾਵਾਂ ਸੰਸਾਰ ਵਿਚ ਮਾਰਗ ਪ੍ਰਦਰਸ਼ਨ ਕਰਾਉਂਦੀਆਂ ਹਨ। ਗੁਰੂ ਘਰ ਵਿਚ ਪੰਜਾਂ ਪਿਆਰਿਆਂ ਰਾਹੀਂ ਨਾਮ ਦੀ ਪ੍ਰਾਪਤੀ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਸਮਝਣ ਲਈ ਤੱਤ ਬੇਤੇ ਮਹਾਂਪੁਰਸ਼ਾਂ, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ ਪੂਰਨ ਅਨੁਭਵੀ ਗੁਰਮੁਖ ਪਿਆਰਿਆਂ ਦੀ ਸੰਗਤ ਦੀ ਜ਼ਰੂਰਤ ਹੁੰਦੀ ਹੈ। ਅਜਿਹੀਆਂ ਪ੍ਰਵਾਨ ਹੋਈਆਂ ਆਤਮਾਵਾਂ ਨੂੰ 'ਸੰਤ' ਦੀ ਉਪਾਧੀ ਸੰਗਤਾਂ ਹੀ ਦੇ ਦਿਆ ਕਰਦੀਆਂ ਹਨ। ਉਨ੍ਹਾਂ ਨੂੰ ਅਧਿਕਾਰ ਹੁੰਦਾ ਹੈ ਕਿ ਉਹ ਆਤਮ ਮਾਰਗ ਦਾ ਸਹੀ ਪੱਥ ਪ੍ਰਦਰਸ਼ਨ ਕਰਨ। ਇਸ ਸਬੰਧ ਵਿਚ ਬਹੁਤ ਲੰਮਾ ਲੇਖ ਲਿਖਿਆ ਗਿਆ ਹੈ। ਜੋ ਗੁਰਬਾਣੀ ਦੇ ਪ੍ਰਕਾਸ਼ ਵਿਚ ਅਸਾਨੂੰ ਅਜਿਹੀਆਂ ਮੁਕਤ ਆਤਮਾਵਾਂ ਦੇ ਬਾਰੇ ਮਹਿਮਾ ਦਰਸਾਉਂਦਾ ਹੈ। ਇਹ ਲੇਖ ਲਗਾਤਾਰ ਆਤਮ ਮਾਰਗ ਦੇ ਪੰਜ ਜਾਂ ਛੇ ਅੰਕਾਂ ਵਿਚ ਸੰਪੂਰਨ ਕੀਤਾ ਜਾਵੇਗਾ। ਦੋ ਤਰ੍ਹਾਂ ਦੇ ਵਿਚਾਰਵਾਨਾਂ ਨੂੰ ਇਨ੍ਹਾਂ ਲੇਖਾਂ ਨੂੰ ਅਧਿਐਨ ਕਰਨ ਲਈ ਬੇਨਤੀ ਹੈ। ਇਸ ਵਿਚ ਇਹ ਦਰਸਾਇਆ ਗਿਆ ਹੈ ਕਿ ਸੰਤਾਂ ਦੀ ਰਹਿਣੀ, ਬਹਿਣੀ, ਕਹਿਣੀ, ਸੋਚਣੀ ਤੇ ਕਰਨੀ ਕਿਸ ਤਰ੍ਹਾਂ ਦੀ ਹੋਇਆ ਕਰਦੀ ਹੈ ਅਤੇ ਉਹ ਸੰਸਾਰ ਵਿਚ ਦੁਖ-ਸੁਖ, ਉਸਤਤਿ, ਨਿੰਦਾ, ਹਾਨ-ਲਾਭ ਨਾਲ ਕਿਸ ਤਰ੍ਹਾਂ ਵਰਤਦੇ ਹਨ। ਦੂਜਾ ਉਨ੍ਹਾਂ ਪ੍ਰੇਮੀਆਂ ਨੂੰ ਬਹੁਤ ਅਧੀਨਗੀ ਨਾਲ ਬੇਨਤੀ ਕੀਤੀ ਗਈ ਹੈ ਜਿਹੜੇ ਆਪਣੇ ਆਪ ਨੂੰ ਸੰਤ ਅਖਵਾ ਕੇ ਪ੍ਰਸੰਨਤਾ ਪ੍ਰਤੀਤ ਕਰਦੇ ਹਨ, ਕਿ ਉਹ ਆਪਣੇ ਆਪ ਦੀ ਪੜਚੋਲ ਕਰਕੇ ਸੰਜੀਦਗੀ ਨਾਲ ਵੇਖਣ ਕਿ ਕੀ ਉਹ ਸੰਤ ਪਦਵੀ ਦੇ ਅਧਿਕਾਰੀ ਹਨ? ਜੇ ਕੋਈ ਕਸਰ ਹੈ ਤਾਂ ਉਹ ਪੂਰਨ ਬ੍ਰਹਮਗਿਆਨੀ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਪੂਰੀ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਮਿਲਣਾ ਸਚਮੁਚ ਹੀ ਦੁਰਲੱਭ ਹੈ। ਤੀਸਰੇ ਉਹ ਪ੍ਰੇਮੀ, ਜੋ ਅੰਨੇਵਾਹ ਕਿਸੇ ਈਰਖਾ ਦੇ ਵਸ ਵਿਚ ਪਏ ਹੋਏ ਜਾਂ ਅਗਿਆਨਤਾ ਦੇ ਹਨ੍ਹੇਰੇ ਵਿਚ ਠੋਕਰਾਂ ਖਾਂਦੇ ਜਾਂ ਖੂਹ ਵਿਚ ਰਹਿੰਦੇ ਡੱਡੂ ਦੀ ਬਿਰਤੀ ਧਾਰਨ ਕਰਕੇ ਆਪਣੇ ਆਪ ਨੂੰ ਪੂਰਨ ਸਮਝਦੇ ਹਨ ਅਤੇ ਸੰਤਾਂ ਦੀ ਨਿੰਦਿਆ ਕਰਨ ਉਤੇ ਹੀ ਸਾਰਾ ਜ਼ੋਰ ਲਾਇਆ ਹੁੰਦਾ ਹੈ, ਉਹ ਭੀ ਇਸਨੂੰ ਸਹੀ ਰੂਪ ਵਿਚ ਵਿਚਾਰਨ ਅਤੇ ਇਸ ਸੰਸਥਾ ਬਾਰੇ ਗੁਰੂ ਸਿਧਾਂਤ ਤੋਂ ਉਲਟ ਨਿੰਦਿਆ ਕਰਕੇ ਆਪਣੇ ਆਪਨੂੰ ਗੁਨਹਗਾਰ ਨਾ ਬਣਾਉਣ। ਅਸੀਂ ਮੰਨਦੇ ਹਾਂ ਕਿ ਹਰ ਸੰਸਥਾ ਦੀ ਉਚਤਾ ਨੂੰ ਕੋਈ ਠੇਸ ਨਹੀਂ ਪਹੁੰਚਦੀ ਕਿਉਂਕਿ ਸੰਤ, ਸਾਧੂ, ਆਰਫ, ਦਰਵੇਸ਼, ਫਕੀਰ, ਖਾਲਸਾ, ਗੁਰਮੁਖ ਇਕੋ ਹੀ ਅਵਸਥਾ ਦੇ ਭਿੰਨ-ਭਿੰਨ ਨਾਮ ਹਨ। ਉਨ੍ਹਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੀਆਂ constructive ਵਿਚਾਰਾਂ ਦੇ ਕੇ ਢਿੱਲਿਆਂ-ਮੱਠਿਆਂ ਨੂੰ ਜ਼ਰੂਰ ਖਬਰਦਾਰ ਕਰਨ ਤਾਂਕਿ ਉਨ੍ਹਾਂ ਦੇ ਵਿਚਾਰਾਂ ਨੂੰ ਵਿਚਾਰ ਕੇ ਆਪਣੀਆਂ ਕਮੀਆਂ ਦੂਰ ਕੀਤੀਆਂ ਜਾ ਸਕਣ ਅਤੇ ਉਹ ਜਿਹੋ ਜਿਹੀ ਰਹਿਣੀ, ਬਹਿਣੀ ਬਾਰੇ ਸੁਝਾਅ ਦੇਣ, ਉਨ੍ਹਾਂ ਦੀ ਪੁਸ਼ਟੀ ਲਈ ਗੁਰਬਾਣੀ ਦੇ reference (ਹਵਾਲੇ) ਬਹੁਤ ਹੀ ਜ਼ਰੂਰੀ ਹਨ ਕਿਉਂਕਿ ਕੋਈ ਵੀ ਮਹਾਂਪੁਰਸ਼ ਗੁਰੂ ਗ੍ਰੰਥ ਸਾਹਿਬ ਦੇ ਫਰੇਮ ਵਿਚੋਂ ਆਪਣੇ ਆਪ ਨੂੰ ਬਾਹਰ ਕਰਕੇ ਕੁਝ ਹਾਸਲ ਨਹੀਂ ਕਰ ਸਕਦਾ ਕਿਉਂਕਿ ਇਹ ਬਾਣੀ ਨਿਰੰਕਾਰ ਦੇ ਦੇਸ਼ ਵਿਚੋਂ ਸਤਿਗੁਰੂਆਂ, ਭਗਤਾਂ, ਸੰਤਾਂ ਰਾਹੀਂ ਪ੍ਰਗਟ ਹੋਈ ਹੈ। ਉਸਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੋਇਆ ਕਰਦੀ ਹੈ। ਇਸ ਕਰਕੇ ਜੋ ਅੰਨੇਵਾਹ ਨਿੰਦਿਆ ਕਰਨੀ, ਈਰਖਾ ਦੇ ਬਚਨ ਲਿਖਣੇ, ਘਟੀਆ ਤੇ ਫਿੱਕੀ ਬੋਲੀ ਦਾ ਪ੍ਰਯੋਗ ਕਰਨਾ, ਕਿਸੇ ਨੂੰ ਬਦਨਾਮ ਕਰਨ ਦੇ

ਆਸ਼ੇ ਨਾਲ ਉਸਦੇ ਔਗੁਣਾਂ ਨੂੰ ਮਸਾਲੇ ਲਾ-ਲਾ ਕੇ ਚਿਤਰਤ ਕਰਨਾ, ਗੁਰਮਤਿ ਦੇ ਸਿਧਾਂਤ ਤੋਂ ਬਿਲਕੁਲ ਪ੍ਰਤੀਕੂਲ ਹੈ। ਉਹ ਤਾਂ ਹੀ ਸੰਤਾਂ ਉਤੇ ਦੋਸ਼ ਅਰੋਪਣ ਕਰ ਸਕਦੇ ਹਨ ਜੇ ਉਹ ਪੂਰਨ ਤੌਰ ਉਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਅਪਣਾਉਂਦੇ ਹੋਣ। ਸੋ ਇਨ੍ਹਾਂ ਲੇਖਾਂ ਨੂੰ ਦੋਵੇਂ ਧਿਰਾਂ ਜ਼ਰੂਰ ਹੀ ਵਿਚਾਰ ਕੇ ਪੜ੍ਹਨ ਅਤੇ ਜਿਥੇ ਕਿਤੇ ਗਲਤੀ ਹੋਵੇ ਜਾਂ ਆਤਮ ਮਾਰਗ ਵਲੋਂ ਕੁਝ ਵਧੀਕੀ ਤੌਰ ਤੇ ਲਿਖਿਆ ਗਿਆ ਹੋਵੇ, ਉਸਨੂੰ ਸੂਚਿਤ ਕਰਨ। ਫਿੱਕੀ ਬੋਲੀ ਗੁਰਮਤਿ ਅਨੁਸਾਰ ਗੁਰਸਿਖੀ ਤੋਂ ਪੂਰੀ ਤਰ੍ਹਾਂ ਨਾਲ ਬ-ਵਰਜਿਤ ਹੈ।

ਅਜੇ ਵੀ ਦੋ ਤਿੰਨ ਪ੍ਰੇਮੀਆਂ ਦੇ ਮੈਗਜ਼ੀਨ ਹਰ ਵਾਰੀ ਵਾਪਸ ਆ ਜਾਂਦੇ ਹਨ ਅਤੇ ਦੋ ਤਿੰਨ ਪ੍ਰੇਮੀਆਂ ਦੀ ਸ਼ਿਕਾਇਤ ਆਉਂਦੀ ਹੈ ਕਿ ਸਾਨੂੰ ਮੈਗਜ਼ੀਨ ਨਹੀਂ ਮਿਲਿਆ ਅਸਾਡੇ ਦਫਤਰ ਵਿਚ ਕੰਮਪਿਊਟਰ ਰਾਹੀਂ ਤਿਆਰ ਕੀਤੀਆਂ ਪੱਕੇ ਮੈਂਬਰਾਂ ਦੀਆਂ ਲਿਸਟਾਂ ਸਟਾਫ ਪਾਸ ਹੁੰਦੀਆਂ ਹਨ ਐਡਰਸ ਲਿਖਣ ਤੋਂ ਉਪਰੰਤ ਸਾਰੇ ਲਿਫਾਫੇ ਚੈਕ ਕਰਕੇ ਡਿਸਪੈਚ ਰਜਿਟਸਟਰ ਵਿਚ ਦਰਜ ਕੀਤੇ ਜਾਂਦੇ ਹਨ, ਅਤੇ ਜਦੋਂ ਪੂਰੀ ਤਰ੍ਹਾਂ ਨਾਲ ਸੀਨੀਅਰ ਮੈਂਬਰ ਚੈਕ ਕਰ ਲੈਂਦੇ ਹਨ ਤਾਂ ਪੋਸਟ ਕੀਤੇ ਜਾਂਦੇ ਹਨ। ਅਰਬ ਦੇਸ਼ਾਂ ਬਾਰੇ ਇਹ ਰਿਪੋਰਟ ਆਮ ਆਉਂਦੀ ਹੈ ਕਿ ਅਸਾਡੇ ਮੈਗਜ਼ੀਨ ਅਸਾਡੇ ਨਾਲ ਦੇ ਸਾਥੀ ਪੋਸਟ ਬਾਕਸ ਵਿਚੋਂ ਕੱਢ ਲੈਂਦੇ ਹਨ। ਇਸ ਗੱਲ ਦਾ ਇਲਾਜ ਅਜੇ ਅਸੀਂ ਨਹੀਂ ਸੋਚਿਆ, ਇਹ ਆਪ ਹੀ ਧਿਆਨ ਦੇਵੋ ਕਿ ਪੋਸਟ ਬਾਕਸ ਵਿਚੋਂ ਕੋਈ ਕੱਢ ਨਾ ਸਕੇ, ਉਸਦਾ ਇੰਤਜ਼ਾਮ ਕਰਨ ਲਈ ਬੇਨਤੀ ਹੈ। ਕਈ ਪ੍ਰੇਮੀਆਂ ਦੇ ਪੋਸਟ ਬਾਕਸ ਜੋ ਪੱਕੇ ਬਣੇ ਹੋਏ ਹਨ, ਉਨ੍ਹਾਂ ਵਿਚ ਮੈਗਜ਼ੀਨ ਉਥੋਂ ਦੇ post man ਨਹੀਂ ਪਾਉਂਦੇ, ਉਸਦੀ ਥਾਂ ਇਤਲਾਹ ਦੇ ਦਿੰਦੇ ਹਨ। ਇਸ ਬਾਰੇ ਬੇਨਤੀ ਹੈ ਕਿ ਖੁਲ੍ਹੇ ਪੋਸਟ ਬਾਕਸ, ਜਿਸ ਵਿਚ ਮੈਗਜ਼ੀਨ ਦਾ ਲਿਫਾਫਾ post man ਪਾ ਸਕੇ, ਆਪਣੀ ਰਿਹਾਇਸ਼ਗਾਹ ਦੇ ਅਗੇ ਬਣਾਉਣ ਦਾ ਯਤਨ ਕਰੋ।

ਅੰਤ ਵਿਚ ਅਸੀਂ ਸਾਰੇ ਮੈਂਬਰਾਂ ਅਤੇ ਆਤਮ ਮਾਰਗ ਦੇ ਅਧਿਐਨ ਕਰਤਾਵਾਂ ਲਈ ਸ਼ੁਭ ਕਾਮਨਾ ਕਰਦੇ ਹਾਂ ਕਿ ਵਾਹਿਗੁਰੂ ਜੀ ਸਭਨਾਂ ਨੂੰ ਕੁਸ਼ਲ ਖੇਮ ਦੀ ਬਖਸ਼ਿਸ਼ ਕਰਨ।

ਪ੍ਰਾਰਥਕ<br>
ਸੰਚਾਲਕ<br>
'ਆਤਮ ਮਾਰਗ'


*With best compliments from*

**Partap Engineers**

*Manufacturers of Precision Engineering Components and 'OE' AUTO PARTS*

**Office** : Bhagwan Chowk, Ludhiana - 141 003, Ph. 533276

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-53)*

**ਅਸਟਾਵਕ੍ਰ** – ਇਕ ਰਿੱਖੀ, ਜਿਸਦੇ ਸਰੀਰ ਵਿਚ ਅੱਠ ਵਲ ਪੈਂਦੇ ਸਨ। ਇਹ ਉਦਾਲਕ ਦੀ ਪੁੱਤਰੀ ਸੁਮਤਿ (ਸੁਜਾਤਾ) ਦੇ ਗਰਭ ਤੋਂ ਕਹੋਡ ਬ੍ਰਾਹਮਣ ਦਾ ਪੁੱਤਰ ਸੀ, ਇਸ ਦਾ ਹਾਲ ਮਹਾਂਭਾਰਤ ਵਿਚ ਐਉਂ ਦੱਸਿਆ ਹੈ :- ਜਦੋਂ ਇਹ ਮਾਤਾ ਦੇ ਗਰਭ ਵਿਚ ਸੀ ਤਦ ਇਕ ਦਿਨ ਕਹੋਡ, ਵਿਦਿਆਰਥੀਆਂ ਨੂੰ ਵੇਦ-ਪਾਠ ਦੱਸ ਰਿਹਾ ਸੀ ਕਿ ਗਰਭ ਵਿਚੋਂ ਬਾਲਕ ਨੇ ਪਿਤਾ ਨੂੰ ਆਖਿਆ 'ਆਪ ਵੇਦਪਾਠ ਅਸ਼ੁੱਧ ਕਰ ਰਹੇ ਹੋ' ਇਸ ਪੁਰ ਕਹੋਡ ਨੂੰ ਬੜਾ ਕ੍ਰੋਧ ਆਇਆ ਅਤੇ ਉਸ ਨੇ ਸਰਾਪ ਦਿਤਾ ਕਿ ਇਹ ਲੜਕਾ ਵਿੰਗੇ ਅੰਗਾਂ ਵਾਲਾ ਹੋਵੇ। ਇਸ ਲਈ ਇਸਦੇ ਅਸ਼ਟ (ਅੱਠ) ਅੰਗ ਵਕ੍ਰ (ਵਿੰਗੇ) ਹੋ ਗਏ।

ਵਿਸ਼ਨੁਪਰਾਣ ਵਿਚ ਲਿਖਿਆ ਹੈ ਕਿ ਅਸਟਾਵਕ੍ਰ ਇਕ ਵੇਰ ਜਲ ਵਿਚ ਖਲੋ ਕੇ ਤਪ ਕਰ ਰਿਹਾ ਸੀ। ਅਪਸਰਾਗਣ ਨੇ ਇਸ ਨੂੰ ਦੇਖ ਕੇ ਮੱਥਾ ਟੇਕਿਆ, ਇਸ ਨੇ ਪ੍ਰਸੰਨ ਹੋ ਕੇ ਆਖਿਆ ਕਿ ਵਰ ਮੰਗੋ। ਉਨ੍ਹਾਂ ਨੇ ਕਿਹਾ ਕਿ ਸਭ ਤੋਂ ਸੁੰਦਰ ਪਤਿ ਸਾਨੂੰ ਪ੍ਰਾਪਤ ਹੋਵੇ। ਇਹ ਪਾਣੀ ਵਿਚੋਂ ਬਾਹਰ ਨਿਕਲ ਆਇਆ ਅਤੇ ਆਪਣੇ ਆਪ ਨੂੰ ਪਤਿ ਹੋਣ ਲਈ ਪੇਸ਼ ਕੀਤਾ। ਜਦ ਉਨ੍ਹਾਂ ਨੇ ਇਸ ਦੇ ਅੰਗ ਵਿੰਗੇ ਦੇਖੇ ਤਾਂ ਹੱਸ ਪਈਆਂ, ਇਸ ਤੋਂ ਅਸ਼ਟਾਵਕ੍ਰ ਬਹੁਤ ਗੁੱਸੇ ਹੋਇਆ, ਪਰ ਆਪਣੇ ਵਚਨ ਪਾਲਦਿਆਂ ਹੋਇਆਂ ਆਖਿਆ, "ਚੰਗਾ! ਤੁਹਾਡਾ ਕਾਰਜ, ਸਿੱਧ ਹੋ ਜਾਊ, ਪਰ ਤੁਸੀਂ ਚੋਰਾਂ ਦੇ ਵੱਸ ਪਵੋਗੀਆਂ।

ਇਹ ਅਪਸਰਾਂ ਕ੍ਰਿਸ਼ਨ ਦੀਆਂ ਰਾਣੀਆਂ ਹੋਈਆਂ, ਅਤੇ ਜਿਸ ਵੇਲੇ ਯਾਦਵਾਂ ਦਾ ਨਾਸ਼ ਹੋਣ ਪੁਰ ਅਰਜੁਨ ਇਨ੍ਹਾਂ ਨੂੰ ਦਵਾਰਿਕਾ ਤੋਂ ਹਸਿਤਨਾਪੁਰ ਲੈ ਜਾ ਰਿਹਾ ਸੀ, ਤਦ ਰਸਤੇ ਵਿਚ ਡਾਕੂਆਂ ਦੇ ਹੱਥ ਆਈਆਂ। ਬ੍ਰਹਮ ਵੈਵਰਤ ਪੁਰਾਣ ਵਿਚ ਲੇਖ ਹੈ ਕਿ ਅਸਤਿ ਰਿਖੀ ਦਾ ਪੁੱਤਰ ਦੇਵਲ, ਗੰਧਮਾਦਨ ਪਰਬਤ ਤੇ ਤਪ ਕਰਦਾ ਸੀ। ਇਕ ਵਾਰ ਰੰਭਾ ਅਪਸਰਾ ਉਸ ਥਾਂ ਆਈ ਅਤੇ ਰਿਖੀ ਦਾ ਰੂਪ ਦੇਖ ਕੇ ਕਾਮਵਸ ਹੋ ਗਈ। ਰੰਭਾ ਨੇ ਜਦ ਆਪਣੀ ਇੱਛਾ ਪੂਰੀ ਹੁੰਦੀ ਨਾ ਦੇਖੀ, ਤਦ ਰਿਖੀ ਨੂੰ ਸ੍ਰਾਪ ਦਿਤਾ ਕਿ ਤੇਰਾ ਸੁੰਦਰ ਸਰੀਰ ਅੱਠ ਵਿੰਗਾਂ ਵਾਲਾ ਹੋ ਜਾਏ, ਇਸ ਤੋਂ ਦੇਵਲ ਹੀ ਅਸਟਾਵਕ੍ਰ ਕਹਾਇਆ।

**ਅਸਦਖਾਨ** – ਨਵਾਬ ਅਸਦਖਾਨ, ਜਿਸਦਾ ਖਿਤਾਬ ਆਸਫੁਦੌਲਾ ਸੀ। ਇਸਦਾ ਪਹਿਲਾ ਨਾਉਂ ਇਬਰਾਹੀਮ ਸੀ। ਇਹ ਸ਼ਾਹਜਹਾਂ ਦੇ ਵੇਲੇ ਚਾਰ ਹਜ਼ਾਰੀ ਅਤੇ ਸੱਤ ਹਜ਼ਾਰੀ ਮਨਸਬਦਾਰ ਰਿਹਾ। ਬੰਦਾ ਬਹਾਦਰ ਦੇ ਮੁੱਢਲੇ ਜੰਗਾਂ ਵੇਲੇ ਇਹ ਦਿੱਲੀ ਦਾ ਸੂਬਾ ਸੀ। ਬਹਾਦੁਰਸ਼ਾਹ ਨੇ ਇਸ ਨੂੰ ਵਕੀਲ ਮੁਤਲਕ ਥਾਪਿਆ, ਜੋ ਵਜ਼ਾਰਤ ਤੋਂ ਭੀ ਉਚੀ ਪਦਵੀ ਸੀ। ਇਸਦਾ ਦੇਹਾਂਤ ਸੰਨ 1717 ਵਿਚ ਹੋਇਆ।

**ਅਸਫੰਦ ਯਾਰ** – ਫ਼ਾਰਸ ਦੇ ਬਾਦਸ਼ਾਹ ਗੁਸਤਾਸਪ ਦਾ ਪੁੱਤਰ, ਜੋ ਵੱਡਾ ਬਹਾਦੁਰ ਸੀ। ਇਹ ਆਪਣੇ ਪਿਤਾ ਦੇ ਹੁਕਮ ਅਨੁਸਾਰ ਰੁਸਤਮ ਨੂੰ ਫੜਨ ਵਾਸਤੇ ਗਿਆ ਅਤੇ ਉਸਦੇ ਹੱਥੋਂ ਮਾਰਿਆ ਗਿਆ। ਅਸਫੰਦ ਯਾਰ ਨੇ ਅਗਨਿਪੂਜਕ ਪਾਰਸੀ ਮਤ ਨੂੰ ਵੱਡੀ ਤਰੱਕੀ ਦਿਤੀ। ਇਸ ਦਾ ਨਾਉਂ ਅੱਠਵੀਂ ਹਕਾਇਤ ਵਿਚ ਆਇਆ ਹੈ।

**ਅਸੁਰਗੁਰੁ** – ਅਸੁਰ (ਦੈਂਤਾਂ) ਦਾ ਗੁਰੂ – ਸ਼ੁਕ੍ਰਾਚਾਰਯ।

**ਅਸੁਰਪਿਤ** – ਦੈਤਾਂ ਦਾ ਪਿਤਾ – ਕਸ਼ਯਪ (ਸਨਾਮਾ)

**ਅਸੁਰਰਾਜ** – ਦੈਂਤਾਂ ਦਾ ਰਾਜਾ – ਰਾਵਣ (ਸਨਾਮਾ)

**ਅਸੁਰਰਾਜਅਰਿ** – ਰਾਵਣ ਦਾ ਵੈਰੀ ਸ੍ਰੀ ਰਾਮਚੰਦਰ (ਸਨਾਮਾ)

**ਅਸੁਰਾਰਦਨ** – ਅਸੁਰ (ਦੈਂਤਾਂ) ਨੂੰ ਅਰਦਨ (ਪੀੜਨ) ਵਾਲਾ ਦੇਵਤਾ, ਅਸੁਰਾਰਿ 2. ਰਾਮਚੰਦਰ ਜੀ "ਅਸੁਰਾਰਦਨ ਕੇ ਕਰਕੋ ਜਿਨ ਏਕਹਿ ਬਾਨ ਬਿਖੈ ਤਨ ਚਾਖਯੋ" (ਰਾਮਾਵ)

**ਅਸੁਰਿਸ** – 1. ਅਸੁਰ-ਈਸ਼, ਅਸੁਰੇਸ਼, ਦੈਤਾਂ ਦਾ ਰਾਜਾ 2. ਰਾਵਣ (ਸਨਾਮਾ)

**ਅਸੁਰੇਸ** – 1. ਅਸੁਰ-ਈਸ਼, ਦੈਤਯਰਾਜ 2. ਰਾਵਣ 3. ਬਲਿ 4. ਹਿਰਨਯਕਸ਼ਿਪੁ 5. ਸ਼ੁੰਭ 6. ਅਸੁਰ (ਭੂਤ) ਰਾਜ, ਮਹਾਦੇਵ।

**ਅਸ਼ੋਕ** – ਸ਼ੋਕ ਰਹਿਤ, ਖੁਸ਼, ਪ੍ਰਸੰਨ। "ਭਯੋ ਅਸੋਕ ਦੇਵਪਤਿ ਤਬਹੀ।" (ਸਲੋਹ)

2. ਸ਼ੋਕ ਦਾ ਅਭਾਵ, ਖੁਸ਼ੀ, ਅਨੰਦ "ਅਸ਼ੋਕ ਗਯੋ ਤਿਨ ਹੂੰ ਤੇ ਨਸਾਈ।" (ਕ੍ਰਿਸਨਾਵ) ਉਨ੍ਹਾਂ ਪਾਸੋਂ ਖੁਸ਼ੀ ਨੱਠ ਗਈ। 3. ਇਕ ਬਿਰਛ, ਜਿਸ ਦੇ ਬਾਰਾਂ ਮਹੀਨੇ ਪੱਤੇ ਹਰੇ ਰਹਿੰਦੇ ਹਨ ਅਰ ਜਿਸਨੂੰ ਸੁਗੰਧ ਵਾਲੇ ਫੁੱਲ ਲਗਦੇ ਹਨ। ਮਧੁਪੁਸਪ L. Jonesia Asoca 4. ਪਾਰਾ। 5. ਵਿਸ਼ਨੁ 6. ਮਗਧ ਦੇਸ਼ ਦੀ ਮੌਰਯ ਵੰਸ਼ ਵਿਚ ਵਿੰਦੁਸਾਰ ਦਾ ਪੁਤ੍ਰ ਇਕ ਮਸ਼ਹੂਰ ਰਾਜਾ, ਜੋ ਚੰਦ੍ਰ ਗੁਪਤ ਦਾ ਪੋਤਾ ਸੀ। ਇਸ ਦਾ ਪੂਰਾ ਨਾਉਂ ਅਸ਼ੋਕ ਵਰਧਮਾਨ ਹੈ। ਬੁੱਧਮਤ ਦੇ ਇਤਿਹਾਸ ਨੇ ਇਸ ਦੀ ਵੱਡੀ ਵਡਿਆਈ ਕੀਤੀ ਹੈ।

ਅਸ਼ੋਕ ਪਹਿਲਾਂ ਬ੍ਰਾਹਮਣਾਂ ਨੂੰ ਮੰਨਦਾ ਅਤੇ ਸ਼ੈਵ ਸੀ, ਪਰ ਮਗਰੋਂ ਬੌਧ ਹੋ ਗਿਆ। ਇਸ ਦੇ ਆਸਰੇ ਬੁੱਧਮਤ ਦੇ 64000 ਪੁਜਾਰੀ ਗੁਜਾਰਾ ਕਰਦੇ ਸਨ, ਅਤੇ ਇਸਨੇ 84000 ਕੀਰਤੀ ਸਤੰਭ (Columns of Fame) ਖੜ੍ਹੇ ਕਰਵਾਏ, ਜਿਨ੍ਹਾਂ ਉਤੇ ਰਾਜਸੀ ਅਤੇ ਧਾਰਮਿਕ ਹੁਕਮ ਉਕਰੇ ਹੋਏ ਸਨ।

ਆਪਣੇ ਰਾਜ ਦੇ ਅਠਾਰ੍ਹਵੇਂ ਸਾਲ ਵਿਚ ਇਸ ਨੇ ਬੁੱਧਮਤ ਦਾ ਇਕ ਵੱਡਾ ਭਾਰੀ ਜਲਸਾ ਕੀਤਾ ਅਤੇ ਉਸ ਪਿੱਛੋਂ ਲੰਕਾ ਅਤੇ ਹੋਰ ਦੇਸ਼ਾਂ ਵੱਲ ਉਪਦੇਸ਼ਕ ਘੱਲੇ ਅਤੇ ਜੀਵਹਿੰਸਾ ਹੁਕਮਨ ਬੰਦ ਕੀਤੀ। ਅਫਗਾਨਿਸਤਾਨ ਤੋਂ ਲੈ ਕੇ ਲੰਕਾ ਤੀਕ ਕੁੱਲ ਦੇਸ਼ ਇਸਦੇ ਅਧੀਨ ਸੀ। ਇਨ੍ਹਾਂ ਗੱਲਾਂ ਦਾ ਪਤਾ ਉਨ੍ਹਾਂ ਸ਼ਿਲਾਲੇਖਾਂ ਤੋਂ ਲਗਦਾ ਹੈ, ਜੋ ਪਾਲੀ ਭਾਸ਼ਾ ਵਿਚ ਖੁਦੇ ਹੋਏ ਅਨੇਕ ਥਾਵਾਂ ਤੋਂ ਮਿਲੇ ਹਨ। ਅਨੇਕ ਲੇਖਕਾਂ ਨੇ ਇਸਦਾ ਨਾਉਂ ਪ੍ਰਿਯਦਰਸ਼ਨ ਭੀ ਲਿਖਿਆ ਹੈ।

ਅਸ਼ੋਕ ਨੇ ਈਸਾ ਤੋਂ ਪਹਿਲਾਂ (ੲ.ੲ.) 269-232 ਦੇ ਵਿਚਕਾਰ ਪਾਟਲੀਪੁਤ੍ਰ (ਪਟਨੇ) ਵਿਚ ਉਤਮ ਰੀਤਿ ਨਾਲ ਰਾਜ ਕੀਤਾ। ਅਸ਼ੋਕ ਦੀ ਪੁਤ੍ਰੀ ਧਰਮਾਤਮਾ ਚਾਰੁਮਤੀ ਬੌਧ ਧਰਮ ਦੀ ਪ੍ਰਸਿੱਧ ਪ੍ਰਚਾਰਿਕਾ ਹੋਈ ਹੈ।

**'ਚਲਦਾ'**

***(ਮਹਾਨ ਕੋਸ਼ ਵਿਚੋਂ ਧੰਨਵਾਦ ਸਹਿਤ)***

# ਕੋਹਜ਼ੀ ਮਨੁਖਤਾ....ਮਾਂ ਬਾਪ ਜ਼ਿੰਮੇਵਾਰ?

*ਡਾ. ਕੁਲਦੀਪ ਸਿੰਘ*



ਪਿਛਲੇ ਦਿਨੀਂ ਦਿੱਲੀ ਦਾ 'ਤੰਦੂਰ ਹਤਿਆਕਾਂਡ' ਚਰਚਾ ਦਾ ਵਿਸ਼ਾ ਬਣਿਆ। ਲਾਸ਼ ਝੁਲਸੀ ਅਤੇ ਬੇਪਛਾਣੀ ਹਾਲਤ ਵਿਚ ਹੋਣ ਕਰਕੇ, ਮਾਂ-ਬਾਪ ਨੇ 'ਪੰਜ ਤੱਤ ਦੀ ਢੇਰੀ' ਨੂੰ ਆਪਣੀ ਲੜਕੀ ਦੇ ਹੋਣ ਤੇ ਸ਼ੰਕਾ ਪ੍ਰਗਟਾਈ। ਮਾਂ-ਬਾਪ ਅਤੇ ਮ੍ਰਿਤਕ ਸਰੀਰ ਦੇ ਮਾਸ ਅਤੇ ਖ਼ੂਨ ਦੀ ਜਾਂਚ (Tissune typing) ਕੀਤੀ ਗਈ। ਹਫਤੇ ਮਗਰੋਂ ਵਿਗਿਆਨੀ ਨਿਰੀਖਣ ਦੀ ਰਿਪੋਰਟ ਦੇ ਅਧਾਰ ਤੇ ਰਿਸ਼ਤੇ ਦੀ ਸਹਿਮਤੀ ਅਤੇ ਅਖੀਰ ਸੰਸਕਾਰ ਹੋ ਸਕਿਆ। ਵਿਗਿਆਨ ਦੀ ਇਸ ਨਿਰੀਖਣ ਪ੍ਰਣਾਲੀ ਦਾ ਸਬੰਧ Genetics ਨਾਲ ਹੈ।

ਇਸੇ Genetics ਸਾਇੰਸ ਰਾਹੀਂ ਖੇਤੀਬਾੜੀ ਵਿਚ ਉਤਮ ਬੀਜ ਦੀਆਂ ਕਿਸਮਾਂ ਦੀ ਕਾਢ ਤੋਂ ਉਤਪਾਦਨ ਵਧਿਆ ਹੈ। ਪਸ਼ੂਪਾਲਣ ਵਿਚ ਦੋਗਲੀ (Hybrid) ਨਸਲਾਂ ਨੇ ਦੁਧ ਵਿਚ ਵਾਧਾ ਕੀਤਾ ਹੈ। ਘਟ ਜਾਂ ਬੀਜ ਰਹਿਤ ਫਲਾਂ ਦੀ ਕਾਢ ਵੀ ਇਸੇ ਸਾਇੰਸ ਦੀ ਦੇਣ ਹੈ। ਦੋ ਫੁਟ ਦੇ ਬੂਟੇ ਨੂੰ ਅੰਬ ਅਤੇ ਇਕੋ ਬੂਟੇ ਦੀ ਅਲੱਗ-ਅਲੱਗ ਟਹਿਣੀਆਂ ਨੂੰ ਵੱਖੋ-ਵੱਖ ਮੌਸਮ ਵਿਚ ਲੱਗੇ ਅੰਬ ਵੇਖ ਕੋਇਲ ਵੀ ਭੁਲੇਖਾ ਖਾ ਗਈ ਹੈ। ਮਨੁੱਖ ਵੀ ਹੈਰਾਨ ਹੋਇਆ, ਬਾਹਰਮੁਖੀ ਹੋ, ਅਧਿਆਤਮਵਾਦ ਨੂੰ ਪਿੱਠ ਦਿਖਾ, ਵਿਗਿਆਨ ਤੇ ਬਲਿਹਾਰ ਜਾ ਰਿਹਾ ਹੈ।

ਭਵਿੱਖ ਵਿਚ ਮਨੁੱਖੀ ਸੋਚ ਇਸੇ ਸਾਇੰਸਦਾਨਾਂ ਦੀ ਕੋਸ਼ਿਸ਼ ਹੇਠ ਆਪਣੀ ਕਲਪਨਾ ਮੁਤਾਬਕ ਬੱਚਾ ਵੇਖਣਾ ਚਾਹੁੰਦੀ ਹੈ। ਬੱਚੇ ਦੇ ਜੰਮਣ ਤੋਂ ਪਹਿਲਾਂ ਉਸਦਾ ਕੱਦ-ਕਾਠ, ਅੱਖਾਂ, ਵਾਲਾਂ ਅਤੇ ਚਮੜੀ ਦਾ ਰੰਗ, ਬੁਲ੍ਹਾਂ ਦੀ ਮੋਟਾਈ, ਨੱਕ ਦਾ ਤਿਖਾਪਣ ਪਹਿਲਾਂ ਹੀ ਨਿਸ਼ਚਿਤ ਕਰ ਲਿਆ ਜਾਵੇਗਾ। ਬੱਚੇ ਦੀ ਪੈਦਾਵਾਰ ਤੋਂ ਪਹਿਲਾਂ ਸਬੰਧਤ ਜੋੜਾ (ਮਾਂ-ਬਾਪ) ਜੀਨਸ਼ (Genes), ਡੀ. ਐਨ. ਏ. (D.N.A) ਦੇ ਆਧਾਰ ਤੇ ਚੁਣੇ ਜਾਣਗੇ ਅਤੇ ਭਾਵੀ ਬੱਚੇ ਨੂੰ ਰੰਗੀਨ ਕੰਮਪਿਊਟਰ ਸਕਰੀਨ ਤੇ ਅਲੱਗ-ਅਲੱਗ ਪੱਖੋਂ ਵੱਖੋ-ਵੱਖ ਉਮਰ ਵਿਚ ਦਿਖਾ ਕੇ ਪ੍ਰਵਾਨਗੀ ਜਾਂ ਇਕਰਾਰਨਾਮਾ ਕੀਤਾ ਜਾਵੇਗਾ।

ਅੱਜ ਵੀ ਜਾਣੇ-ਅਣਜਾਣੇ ਵਿਚ ਮੋਟੇ ਤੌਰ ਤੇ ਇਸ ਪ੍ਰਣਾਲੀ ਦੀ ਵਰਤੋਂ ਅਖਬਾਰ ਵਿਚ 'ਵਿਆਹ ਦੇ ਵਿਗਿਆਪਣ' ਹੇਠ ਹੋ ਰਹੀ ਹੈ। ਲੜਕੇ-ਲੜਕੀ ਦਾ ਕਦ-ਕਾਠ, ਰੰਗ-ਰੂਪ, ਨੈਨ-ਨਕਸ਼, ਅਕਲ ਦਾ ਪੱਧਰ (ਪੜ੍ਹਾਈ), ਅਹੁਦਾ, ਆਰਥਕ ਹਾਲਤ, ਰਿਸ਼ਤੇਦਾਰਾਂ ਦੀ ਸਮਾਜਿਕ ਪ੍ਰਤਿਸ਼ਠਾ ਤੈਅ ਕਰਕੇ ਪਤੀ-ਪਤਨੀ ਬੰਧਨ ਬਣਾਏ ਜਾਂਦੇ ਹਨ। ਬਾਵਜੂਦ ਇਸਦੇ ਮੀਆਂ-ਬੀਬੀ ਦਾ ਸਾਰਾ ਤਨ, ਮਨ, ਧਨ ਇਨ੍ਹਾਂ ਬੰਧਨਾਂ ਨੂੰ ਨਿਭਾਉਣ ਜਾਂ ਤੋੜਣ ਤੇ ਲਗ ਜਾਂਦਾ ਹੈ। ਜੀਵ ਜੰਤੂ ਅਤੇ ਬੀਜਾਂ ਦੀ ਉਨਤ ਕਿਸਮਾਂ ਦਾ ਵਿਕਾਸ ਹੋਣ ਦੇ ਦੋ ਮੁਖ ਕਾਰਣ ਹਨ। ਪਹਿਲਾ, ਕਿ ਇਨ੍ਹਾਂ ਦਾ ਮੇਲ ਵਿਗਿਆਨ ਦੇ ਹੱਥ ਵਿਚ ਹੈ ਜਿਸ ਰਾਹੀਂ ਨਿਰੋਗ, ਤਾਕਤਵਰ, ਹਾਈਬਰੀਡ ਕਿਸਮਾਂ ਬਣ ਸਕੀਆਂ। ਦੂਜਾ ਪ੍ਰਭਾਵਸ਼ਾਲੀ ਕਾਰਣ, ਤਰਕ-ਵਿਤਰਕ ਬੁੱਧੀ ਦੀ ਅਣਹੋਂਦ। ਮਨੁੱਖ ਕੋਲ ਤਰਕ ਦੀ ਬੁੱਧੀ, ਜਿਸ ਰਾਹੀਂ ਆਪਣੇ ਖਿਆਲ ਸ਼ੁਭ ਜਾਂ ਮੰਦੇ ਰਖ ਸਕਦਾ ਹੈ, ਉਹ ਇਸਦੀ ਬਣਤਰ ਵਿਚ ਅਹਿਮੀਅਤ ਰਖਦੀ ਹੈ।

ਇਸ ਮਨ ਦੇ ਪ੍ਰਭਾਵ ਨੂੰ ਜਾਨਣ ਲਈ ਮਨੋ ਵਿਗਿਆਨ ਨੇ ਜਨਮ ਲਿਆ। ਇਸਦੇ ਵਿਗਿਆਨੀਆਂ ਨੇ ਮਨੁੱਖੀ ਸਰੂਪ ਅਧਿਅਨ ਕਰਕੇ ਉਨ੍ਹਾਂ ਦੇ ਵਰਤ-ਵਿਹਾਰ, ਜ਼ਿੰਦਗੀ ਵਿਚ ਫੈਸਲੇ ਲੈਣ ਸਬੰਧੀ ਕ੍ਰਿਆ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਅਲੱਗ-ਅਲੱਗ ਮਤ ਧਾਰਨ ਕਰ ਲਏ। ਜੁੰਗ ਵਰਗੇ ਮਨੋ-ਵਿਗਿਆਨੀ ਦੇ ਮਤ ਨੇ ਅਰਥ ਜਾਂ ਪੈਸੇ (economics) ਨੂੰ ਅਧਾਰ ਦਿਤਾ ਅਤੇ ਮਨੁੱਖੀ ਮਨ ਦੇ ਪ੍ਰਭਾਵ ਦਾ ਵੱਖੋ-ਵੱਖ ਹਾਲਤਾਂ ਵਿਚ ਅਰਥ ਪ੍ਰਣਾਲੀ ਦੀ ਉਚੀ ਨੀਵੀਂ ਦੀਵਾਰਾਂ ਦਸਿਆ। ਫਰਾਇਡ ਨੇ ਮਨ ਦੀ ਹਾਲਤਾਂ ਦਾ ਅਧਿਐਨ, ਕਾਮ (ਤ੍ਰਿਸ਼ਨਾ) ਨੂੰ ਮੁਖ ਰੱਖ ਕੇ ਕੀਤਾ ਅਤੇ ਐਡਲਰ ਵਰਗੇ ਮਨੋਵਿਗਿਆਨੀ ਦਾ ਮੱਤ ਇਨਸਾਨ ਦੀਆਂ ਸੁਝ ਜਾਂ ਜਾਗਰਤ ਅਵਸਥਾ ਤੇ ਅਧਾਰਤ ਹੈ। ਇਨ੍ਹਾਂ ਮਨੋਵਿਗਿਆਨੀ ਦੀਆਂ ਖੋਜਾਂ ਨੇ ਸੰਸਾਰ ਵਿਚ ਕਦੇ ਕਾਮਰੇਡੀ ਲਹਿਰ ਅਤੇ ਕਦੇ ਕਾਮ (ਤ੍ਰਿਸ਼ਨਾ) ਵਿਚ ਰੁਚਿਆ ਸਮਾਜ ਅਤੇ ਕਦੇ ਜਾਗਰਤ ਪੱਧਰ ਵਧਾਉਣ ਲਈ ਅੱਖਾਂ ਮੀਟਣ (Meditation without Target) ਦੀ ਲਹਿਰ ਚਲਾਈ। ਇਹ ਤਿੰਨੋ ਲਹਿਰਾਂ ਇਕੋ ਇਨਸਾਨ ਦੀ ਜ਼ਿੰਦਗੀ ਵਿਚ ਵੀ ਅਲੱਗ-ਅਲੱਗ ਹਾਲਤਾਂ ਸਮੇਂ ਵਾਪਰਦੀਆਂ ਰਹਿੰਦੀਆਂ ਹਨ।

ਅੱਜ ਬੱਚੇ ਦੇ ਮਨੋਵਿਗਿਆਨ (child psychology) ਉਤੇ ਬਹੁਤ ਜ਼ੋਰ ਦਿਤਾ ਜਾ ਰਿਹਾ ਹੈ। ਮਨੁੱਖੀ ਵਿਚਾਰਧਾਰਾ ਬੱਚੇ ਦੇ ਮੂਲ ਰੂਪ ਮਨ ਦਾ ਵਿਕਸਤ ਹੋਇਆ ਖਿੜਾਅ ਹੈ। ਅੱਜ ਵਿਗਿਆਨੀ ਇਸ ਗੱਲ ਤੇ ਇਕਮੱਤ ਹੋ ਰਹੇ ਹਨ ਕਿ ਜਨਮ ਲੈਣ ਤੋਂ ਨੌ ਮਹੀਨੇ ਵਿਚ, ਨਾ ਬੋਲਣ, ਸਮਝ ਰੱਖਣ ਵਾਲਾ ਪ੍ਰਤੀਤਦਾ ਬੱਚਾ, ਮਾਂ ਬਾਪ ਅਤੇ ਆਸ-ਪਾਸ ਦੇ ਵਾਤਾਵਰਣ ਵਿਚੋਂ ਆ ਰਹੇ ਸੰਕੇਤਾਂ ਨੂੰ ਗਲਬਾਤ ਨੂੰ, ਵਰਤ-ਵਿਹਾਰ ਨੂੰ ਧਾਰਨ ਕਰਕੇ ਜ਼ਮੀਰ (Super Ego) ਬਣਾਉਂਦਾ ਹੈ। ਇਸੇ ਜ਼ਮੀਰ ਨੂੰ ਅਸੀਂ ਅੰਦਰ ਦੀ ਅਵਾਜ਼ ਕਹਿੰਦੇ ਹਾਂ। ਇਸੇ ਦੇ ਪ੍ਰਭਾਵ ਹੇਠ ਪਹਿਲੇ ਪੰਜ ਸਾਲ ਬੱਚਾ ਆਪਣੀ ਨੀਂਹ ਮਜ਼ਬੂਤ ਕਰਦਾ ਰਹਿੰਦਾ ਹੈ। ਸਾਰੀ ਜ਼ਿੰਦਗੀ ਦਾ ਵਰਤ ਵਿਹਾਰ ਅਤੇ ਫੈਸਲੇ ਲੈਣ ਵਿਚ ਇਸ ਜ਼ਮੀਰ ਦੀ ਭੂਮਿਕਾ ਮਹੱਤਵਪੂਰਨ ਰਹਿੰਦੀ ਹੈ।

ਜਦੋਂ Genetics ਪੱਧਰ ਤੇ ਅਸੀਂ ਜਾਣ ਲਿਆ ਕਿ ਮਾਂ-ਬਾਪ ਤੋਂ ਕੁਛ ਐਸੇ ਗੁਣ (characters) ਡੀ.ਐਨ.ਏ (DNA) ਅਤੇ Genes (ਜੀਨਸ) ਰਾਹੀਂ ਬੱਚੇ ਵਿਚ ਜਾਂਦੇ ਹਨ ਜੋ

ਆਪਣੀ ਪਛਾਣ ਮਰਨ ਤੋਂ ਬਾਦ ਵੀ ਰਖਦੇ ਹਨ ਅਤੇ psychology ਪੱਧਰ ਤੇ ਮਾਂ ਦੀ ਜ਼ਿੰਮੇਵਾਰੀ ਬੱਚੇ ਦੀ ਜ਼ਮੀਰ ਦੀ ਨੀਂਹ ਰੱਖਣ ਵਿਚ ਅਹਮੀਅਤ ਰਖਦੀ ਹੈ ਤਾਂ ਇਸ ਕੋਹਝੀ ਮਨੁਖਤਾ ਦੀ ਜ਼ਿੰਮੇਵਾਰੀ ਮਾਂ-ਬਾਪ ਨੂੰ ਸਵੀਕਾਰ ਕਰ ਲੈਣੀ ਚਾਹੀਦੀ ਹੈ। ਕਲ ਦਾ ਬੱਚਾ ਸਾਇੰਸ ਦੇ ਅਧਾਰ ਤੇ ਮਾਂ-ਬਾਪ ਨੂੰ ਆਪਣੀ ਹਾਲਤ ਲਈ ਕਾਨੂੰਨੀ ਤੌਰ ਤੇ ਜ਼ਿੰਮੇਵਾਰ ਠਹਿਰਾ ਸਕਦਾ ਹੈ।

ਇਹ ਦੋਸ਼ ਵੀ ਮਾਂ-ਬਾਪ ਨੂੰ ਦੇਣ ਤੋਂ ਪਹਿਲਾਂ ਗੁਰਮਤਿ ਦੀ ਪ੍ਰਵਾਨਗੀ ਵੀ ਜ਼ਰੂਰੀ ਹੈ। ਵਿਗਿਆਨ ਦੀ ਖੋਜ, ਧਰਮ ਦੀ ਪ੍ਰੇਰਨਾ ਸਦਕੇ ਹੀ ਹੈ। Genetics ਸਾਇੰਸ ਅਤੇ Psychology ਵੀ ਅਧਿਆਤਮਕ 'ਅਨੁਭਵੀ ਅੱਖ' ਦੀ ਛੋਟੀ ਜਿਹੀ ਝਲਕਾਰ ਹੈ। ਇਸਦਾ ਹਵਾਲਾ ਫਰੀਦ ਜੀ ਜੰਗਲ ਵਿਚੋਂ ਲੰਘਦੇ ਇਕ ਖੋਪੜੀ ਵਿਚ ਪੰਛੀਆਂ ਨੂੰ ਚੁੰਝਾਂ ਮਾਰਦੇ ਦੇਖ ਇਕ ਸ਼ਬਦ ਦਾ ਉਚਾਰਨ ਕਰਨ ਤੋਂ ਮਿਲਦਾ ਹੈ -

*ਫਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥*
*ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥*
*ਪੰਨਾ - 1378*

ਅਤੇ ਦਸਦੇ ਹਨ ਕਿ ਇਹ ਉਸੀ ਵੇਸਵਾ ਦੀ ਖੋਪੜੀ ਹੈ ਜੋ ਮੋਟਾ ਕੱਜਲ ਪੀਸਣ ਤੇ ਆਪਣੀ ਨੌਕਰਾਣੀ ਨੂੰ ਕੁਟ ਰਹੀ ਸੀ। ਵਿਗਿਆਨ ਦੇ ਕ੍ਰੋੜਾਂ ਰੁਪਏ ਦੇ ਜੰਤਰਾਂ ਸਾਮ੍ਹਣੇ 'ਤੀਜੀ ਅੱਖ' ਦਾ ਫੈਸਲਾ ਤਕਨੀਕੀ ਪੱਧਰ ਤੇ ਕਾਫੀ ਅੱਗੇ ਹੈ।

ਪੁਰਾਣੇ ਸਮੇਂ ਵਿਚ ਵਿਆਹ ਲਈ ਟੇਵੇ ਮਿਲਾਨ ਦਾ ਇਕ ਕਾਰਣ ਇਹ ਵੀ ਸੀ ਕਿ ਕਿਸ ਸਰੀਰਕ ਅਵਸਥਾ ਦਾ ਸੰਜੋਗ ਕਿਸ (Genes, DNA character) ਦੇ ਨਾਲ ਹੋਵੇ ਤਾਂ ਜੋ ਉਤਮ ਸੰਤਾਨ ਪੈਦਾ ਹੋ ਸਕੇ। ਪਰ ਹੌਲੇ-ਹੌਲੇ ਪ੍ਰੇਮ ਵਿਆਹ ਖਾਤਰ ਜਨਮਪੱਤਰੀਆਂ ਦਾ ਮੇਲ ਪੈਸੇ ਅਤੇ ਅਗਿਆਨਤਾ ਵਿਚ ਹੋਣ ਲੱਗਾ।

Genetics ਦੀਆਂ ਨਵੀਆਂ ਖੋਜਾਂ ਨੇ ਅੱਜ ਪਿਆਰ ਅਤੇ ਨਫਰਤ ਦੀ ਡੀ.ਐਨ.ਏ ਤਰਤੀਬ (DNA Pattern) ਨੂੰ ਜਾਣ ਲਿਆ ਹੈ। ਹਰ ਜੀਨ ਦੋ ਤਰ੍ਹਾਂ ਦੇ ਗੁਣਾਂ ਨੂੰ ਕੰਟਰੋਲ ਜਾਂ ਕਾਬੂ ਕਰਦਾ ਹੈ। ਪਿਆਰ ਜਾਂ ਨਫਰਤ, ਕਿਸਨੂੰ ਸੰਕੇਤ ਕਦੋਂ ਕਰਨਾ ਹੈ ਅਤੇ ਇਹ ਸੰਕੇਤ ਕਿਸ ਪ੍ਰਵਾਹ ਹੇਠ ਕੰਮ ਕਰਦਾ ਹੈ ਇਸਨੂੰ ਵਿਗਿਆਨੀ ਬੁੱਝਣ ਵਿਚ ਲਗੇ ਹਨ। ਇਨਸਾਨ ਵਿਚ ਕਦੋਂ ਕਿਹੜਾ ਗੁਣ ਪ੍ਰਗਟ ਹੋ ਜਾਵੇ, ਇਕ ਪਹੇਲੀ ਬਣ ਗਈ ਹੈ। ਇਸ ਵਿਗਿਆਨੀ ਮੁਸ਼ਕਲ ਦਾ ਹੱਲ ਰੂਹਾਨੀਅਤ ਵਿਚੋਂ ਲੱਭਦਾ ਹੈ ਜਿਸਨੂੰ ਸਾਇੰਸਦਾਨ ਆਪਣੀ ਭਾਸ਼ਾ ਵਿਚ ਰੁਪਾਂਤਰ ਕਰ ਸਕਦੇ ਹਨ। ਰੂਹਾਨੀਅਤ ਵਿਚ ਸਭ ਤੋਂ ਜ਼ਿਆਦਾ ਜ਼ੋਰ ਸ਼ੁਭ ਖਿਆਲਾਂ ਤੇ ਦਿਤਾ ਜਾਂਦਾ ਹੈ। ਨਾਮ ਮਾਰਗ, ਸ਼ਬਦ ਸੁਰਤਿ ਮਾਰਗ ਸ਼ੁਭ ਖਿਆਲਾਂ ਲਈ ਇਕ ਸੌਖਾ ਤੇ ਪਰਖਿਆ ਸਾਧਨ ਹੈ ਜਿਸਨੂੰ ਗੁਰੂ ਨਾਨਕ ਜੀ ਤੋਂ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੁਣ ਸੰਤਾਂ ਮਹਾਤਮਾ ਨੇ ਪ੍ਰਚਾਰਣ ਤੇ ਪ੍ਰਵਾਨਣ ਲਈ ਪੁਰਜ਼ੋਰ ਜਤਨ ਕੀਤਾ ਹੈ।

ਕਿਸੇ ਵੀ ਨਾਮ ਅਭਿਆਸੀ ਦੀ ਪਰਖ ਉਸਦੇ ਅਮਲਾਂ ਤੋਂ ਕੀਤੀ ਜਾ ਸਕਦੀ ਹੈ। ਚੰਗੇ ਅਮਲ (ਕੰਮ) ਲਈ ਸ਼ੁਭ ਖਿਆਲ ਦੀ ਲੋੜ ਹੈ। ਜੇ ਇਹੋ ਜਿਹੇ ਸ਼ੁਭ ਖਿਆਲਾਂ ਵਾਲੇ ਮਾਂ-ਬਾਪ ਤੋਂ ਬੱਚੇ ਨੂੰ ਕੁੱਖ ਅਤੇ ਗੋਦ ਵਿਚੋਂ ਵਿਰਾਸਤ ਵਿਚ ਸ਼ੁਭ ਖਿਆਲ ਮਿਲਣ ਤਾਂ ਸੁੰਦਰ ਸਮਾਜਿਕ ਅਤੇ ਧਾਰਮਕ ਮਨੁਖਤਾ ਜਨਮ ਲੈ ਸਕਦੀ ਹੈ।

ਗੁਰਮਤਿ ਵਿਚ ਵੀ ਅੰਦਰਮੁਖੀ ਪ੍ਰਵਿਰਤੀ ਨੂੰ ਪਿਠ ਦਿਖਾਉਣ ਵਾਲੇ ਜੀਵਾਂ ਨੂੰ ਮਨੁੱਖਤਾ ਦੇ ਕੋਹਝਾਪਨ ਦੀ ਜ਼ਿੰਮੇਵਾਰੀ ਦਿਤੀ ਜਾਂਦੀ ਹੈ -

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥*
*ਪੰਨਾ - 556*

ਮਾਂ ਦਾ ਸੰਪਰਕ ਬੱਚੇ ਨਾਲ ਗਰਭ ਵਿਚ ਅਤੇ ਜੰਮਣ ਤੋਂ ਬਾਦ ਗੋਦ ਵਿਚ ਹੋਣ ਕਰਕੇ ਜ਼ਿਆਦਾ ਕਸੂਰਵਾਰ ਕਿਹਾ ਗਿਆ ਅਤੇ ਤਾੜਨਾ ਦਿਤੀ ਜਾਂਦੀ ਹੈ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥* *ਪੰਨਾ - 328*

ਅੱਜ ਦੋ ਸਾਲ ਦੇ ਬੱਚੇ ਨੂੰ ਫਿਲਮੀ ਗਾਣੇ ਤੇ ਨੱਚਦੇ ਦੇਖ ਮਾਂ ਇਸ ਲਈ ਖੁਸ਼ ਹੁੰਦੀ ਹੈ ਕਿ ਉਸਦੀ ਆਪਣੀ ਤ੍ਰਿਸ਼ਨਾ ਬੱਚੇ ਵਿਚ ਟੱਪ ਰਹੀ ਹੁੰਦੀ ਹੈ। ਅਗਿਆਨਤਾ ਅਤੇ ਮਨਮਤਿ ਦੀਆਂ ਤ੍ਰਿਸ਼ਨਾ, ਵਾਸ਼ਨਾਵਾਂ ਨੂੰ ਮਾਂ-ਬਾਪ ਆਪਣੇ ਬੱਚਿਆਂ ਵਿਚੋਂ ਪੂਰਾ ਕਰਨ ਲਈ ਕੋਹਝੀ ਮਨੁੱਖਤਾ ਨੂੰ ਜਨਮ ਦੇ ਰਹੇ ਹਨ।

* * * * * 'ਚਲਦਾ'

(ਪੰਨਾ 52 ਦੀ ਬਾਕੀ)

ਬਿਜਲਾਣੂ ਅਤੇ positrons ਬਣਾਉਂਦੇ ਹਨ। ਇਸਨੂੰ ਅਸੀਂ Electron shower (ਬਿਜਲਾਣੂ ਵਰਖਾ) ਆਖਦੇ ਹਾਂ ਜਿਸ ਕਰਕੇ ਸਾਨੂੰ ਬਿਜਲੀ ਦੀ ਚਮਕ ਦਿਖਾਈ ਦਿੰਦੀ ਹੈ। ਇਸ ਤਰ੍ਹਾਂ, ਬਲੈਕ ਹੋਲ ਸਾਡੇ ਬ੍ਰਹਿਮੰਡ ਦੇ ਹਿੱਸੇ ਵਿਚੋਂ ਪੂਰੀ ਤਰ੍ਹਾਂ ਗਾਇਬ ਹੋ ਜਾਂਦਾ ਹੈ।

ਹੁਣ ਸਾਡੇ ਮਨ ਵਿਚ ਇਹ ਪ੍ਰਸ਼ਨ ਉਠੇਗਾ ਕਿ ਆਖਿਰ ਬਲੈਕ ਹੋਲ ਦਾ ਸਾਰਾ ਤੱਤ ਕਿਥੇ ਗਿਆ? ਸਾਇੰਸਦਾਨ ਸਟੀਫਨ ਹਾਕਿੰਗ ਦੇ ਅਨੁਸਾਰ ਜਿਹੜਾ ਤੱਤ ਅਲੋਪ ਹੋ ਜਾਂਦਾ ਹੈ, ਉਹ ਇਕ ਛੋਟਾ ਬ੍ਰਹਿਮੰਡ ਬਣਾਉਂਦਾ ਹੈ। ਇਹ ਛੋਟਾ ਬ੍ਰਹਿਮੰਡ (baby Universe) ਦੁਬਾਰਾ ਸਾਡੇ ਪੁਲਾੜ-ਸਮੇਂ ਦੇ ਹਿੱਸੇ ਨਾਲ ਜੁੜ ਸਕਦਾ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਕਿੰਨੇ ਛੋਟੇ ਬ੍ਰਹਿਮੰਡ ਸਾਡੇ ਹਿੱਸੇ ਦੇ ਬ੍ਰਹਿਮੰਡ ਨਾਲ ਜੁੜਨ ਦੀ ਪ੍ਰਤੀਕਸ਼ਾ/ਉਡੀਕ ਕਰ ਰਹੇ ਹਨ। ਕਈ ਛੋਟੇ ਬ੍ਰਹਿਮੰਡ ਤਾਂ ਇੰਨੇ ਛੋਟੇ ਹਨ ਕਿ ਉਨ੍ਹਾਂ ਵਿਚ ਸਿਰਫ ਕੁਝ ਹੀ ਕਣ ਹਨ। ਇਸ ਤਰ੍ਹਾਂ ਦੇ ਛੋਟੇ ਬ੍ਰਹਿਮੰਡਾਂ ਨੂੰ ਦੇਖਣਾ ਮੁਸ਼ਕਿਲ ਹੋ ਜਾਂਦਾ ਹੈ ਜਦੋਂ ਇਹ ਸਾਡੇ ਬ੍ਰਹਿਮੰਡ ਦੇ ਹਿੱਸੇ ਬਣ ਜਾਂਦੇ ਹਨ। ਅਸੀਂ ਇਸ ਨਿਰਣੇ ਤੇ ਪੁੱਜੇ ਹਾਂ ਕਿ ਬਲੈਕ ਹੋਲ ਦਾ ਤੱਤ ਸੁੰਗੜ ਜਾਂਦਾ ਹੈ ਅਤੇ ਹਮੇਸ਼ਾ ਵਾਸਤੇ ਅਲੋਪ ਹੋ ਜਾਂਦਾ ਹੈ ਅਤੇ ਇਸਦੀ ਥਾਂ ਉਤੇ ਨਵਾਂ ਤੱਤ-ਛੋਟੇ ਬ੍ਰਹਿਮੰਡ ਦੇ ਰੂਪ ਵਿਚ ਕਿਸੀ ਹੋਰ ਥਾਂ ਉਤੇ ਪੈਦਾ ਹੋ ਜਾਂਦਾ ਹੈ।

*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ*
*ਪਾਕੀ ਨਾਈ ਪਾਕੁ॥*
*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥*
*ਪੰਨਾ - 464*

*(ਸਰਪ੍ਰਸਤ)*

* * * * *

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-60)*

**ਸੁੰਠ** – ਸੁੰਢ, ਸੁੱਕਾ ਅਦਰਕ (Ginger), ਇਹ ਅਨੇਕ ਦਵਾਈਆਂ ਵਿਚ ਵਰਤੀਦੀ ਹੈ। ਇਸਦੀ ਤਾਸੀਰ ਗਰਮ ਖੁਸ਼ਕ ਹੈ। ਵਾਦੀ ਦੇ ਰੋਗ ਅਤੇ ਮੇਹਦੇ ਵਿਚ ਹੋਣ ਵਾਲੇ ਅਨੇਕ ਵਿਕਾਰ ਦੂਰ ਕਰਦੀ ਹੈ। ਮੇਹਦੇ ਅਤੇ ਜਿਗਰ ਨੂੰ ਤਾਕਤ ਦਿੰਦੀ ਹੈ। ਜਿਗਰ ਦੇ ਰੋਗਾਂ ਲਈ ਗੁਣਕਾਰੀ ਹੈ, ਬਲਗਮ ਮਿਟਾਉਂਦੀ ਹੈ। ਅਧਰੰਗ ਦੂਰ ਕਰਦੀ ਹੈ। ਪੇਟ ਦੇ ਕੀੜੇ ਮਾਰਦੀ ਹੈ। ਭੁੱਖ ਵਧਾਉਂਦੀ ਹੈ। ਕਾਮਸ਼ਕਤੀ ਜ਼ਿਆਦਾ ਕਰਦੀ ਹੈ। ਪੁਰਾਣੇ ਵੈਦ ਇਸਨੂੰ ਮਹੌਖਧਿ ਲਿਖਦੇ ਹਨ। ਕੁਰਾਨ ਵਿਚ ਜ਼ਿਕਰ ਹੈ ਕਿ ਬਹਿਸ਼ਤ ਵਿਚ ਸੁੰਢ ਦੇ ਰਸ ਨਾਲ ਸਵਾਦ ਕੀਤਾ ਪਿਆਲਾ ਮਿਲੇਗਾ।

**ਸੂਲ** – ਸੂਲ ਵਾਂਙ ਚੁੱਭਣ ਵਾਲੀ ਢਿੱਡਪੀੜ (Gastralgia) *"ਦੁਸਟ ਬ੍ਰਾਹਮਣੁ ਮੂਆ ਹੋਇ ਕੈ ਸੂਲ॥" (ਭੈਰਉ ਮ: 5)*

ਇਹ ਰੋਗ ਬਹੁਤਾ ਰੁੱਖਾ, ਕੱਚਾ, ਬੇਹਾ, ਭਾਰੀ ਅਤੇ ਲੇਸਦਾਰ ਅੰਨ ਖਾਣ ਤੋਂ ਮਲਮੂਤਰ ਰੋਕ ਕੇ, ਘੋੜੇ ਆਦਿ ਦੀ ਅਸਵਾਰੀ ਕਰਨ ਤੋਂ, ਬਹੁਤ ਚਾਇ ਅਤੇ ਤਮਾਖੂ ਪੀਣ ਤੋਂ ਹੁੰਦਾ ਹੈ। ਸੂਲ ਦੇ ਅਨੰਤ ਭੇਦ ਅਤੇ ਕਾਰਣ ਹਨ। ਉਨ੍ਹਾਂ ਅਨੁਸਾਰ ਹੀ ਸਿਆਣੇ ਹਕੀਮ ਦੀ ਰਾਇ ਨਾਲ ਇਲਾਜ ਹੋਣਾ ਚਾਹੀਏ, ਪਰ ਸਾਧਾਰਣ ਸੂਲ ਲਈ ਹੇਠ ਲਿਖੇ ਉਤਮ ਉਪਾਉ ਹਨ –

ਸੁੰਢ, ਸੁਹਾਗੇ ਦੀ ਖਿੱਲ, ਹਿੰਗ, ਇਨ੍ਹਾਂ ਤੇਹਾਂ ਨੂੰ ਅਦਰਕ ਦੇ ਰਸ ਵਿਚ ਪੀਸਕੇ, ਮੋਟੇ ਛੋਲੇ ਬਰਾਬਰ ਗੋਲੀ ਬਣਾਉ। ਗਰਮ ਜਲ ਨਾਲ ਇਕ ਤੋਂ ਚਾਰ ਗੋਲੀਆਂ ਤੀਕ ਖਵਾਉ। ਸੌਂਫ ਅਤੇ ਪੋਦੀਨੇ ਦਾ ਅਰਕ ਪਿਆਓ।

ਪੇਟ ਉਪਰ ਸੇਕ ਕਰੋ। ਤੁੰਮੇ ਦੀ ਜਵਾਇਨ ਦੇਉ। ਗਰਮ ਜਲ ਦੀ ਪਿਚਕਾਰੀ ਕਰੋ। ਕਬਜ਼ ਦੂਰ ਕਰਨ ਲਈ ਇਰੰਡੀ ਦਾ ਤੇਲ ਗਰਮ ਦੁੱਧ ਵਿਚ ਪਾ ਕੇ ਪਿਆਉ।

ਸੁੰਢ, ਕਾਲਾ ਲੂਣ, ਭੁੰਨੀ ਹੋਈ ਹਿੰਗ, ਤਿੰਨੇ ਸਮਾਨ ਲੈ ਕੇ ਸੁਹਾਂਜਨੇ ਦੇ ਰਸ ਵਿਚ ਕੋਕਨ ਬੇਰ (ਝਾੜੀ ਬੇਰ) ਬਰਾਬਰ ਗੋਲੀ ਬਣਾਉ। ਗਰਮ ਜਲ ਨਾਲ ਇਕ ਗੋਲੀ ਦੇਉ।

**ਸੰਗ੍ਰਹਿਣੀ** – ਜਰਬ ਮੁਜੰਮਨ (Psilosis), ਇਸ ਰੋਗ ਦੇ ਕਾਰਣ ਅਤੀਸਾਰ ਵਾਲੇ ਹੀ ਹਨ। ਇਹ ਰੋਗ ਅਕਸਰ ਅਤੀਸਾਰ ਜਾਂ ਪੇਚੀਸ ਵਿਗੜਨ ਤੋਂ ਹੁੰਦਾ ਹੈ। ਸੰਗ੍ਰਹਣੀ ਦੇ ਰੋਗੀ ਨੂੰ ਅਣਪਚੀ ਮੈਲ ਝੜਦੀ ਹੈ, ਆਂਤ ਬੋਲਦੀ ਹੈ, ਮੂੰਹ ਤੋਂ ਲਾਲਾਂ ਆਉਂਦੀਆਂ ਹਨ, ਕਮਰ ਵਿਚ ਪੀੜ ਹੁੰਦੀ ਹੈ। ਦਿਨ ਨੂੰ ਇਸ ਰੋਗ ਦਾ ਜ਼ੋਰ ਰਹਿੰਦਾ ਹੈ, ਰਾਤ ਨੂੰ ਘੱਟ ਤਕਲੀਫ ਹੁੰਦੀ ਹੈ। ਜੇ ਸੰਗ੍ਰਹਿਣੀ ਵਾਲਾ ਚਾਲੀ ਦਿਨ ਅੰਨ-ਜਲ ਛੱਡ ਕੇ ਕੇਵਲ ਗਊ ਅਥਵਾ ਬੱਕਰੀ ਦੇ ਦਹੀਂ ਦਾ ਅਧਰਿੜਕ ਅਥਵਾ ਲੱਸੀ, ਥੋੜਾ ਨਮਕ, ਕਾਲੀ ਮਿਰਚਾਂ ਅਤੇ ਸੁੰਢ ਦਾ ਚੂਰਨ ਮਿਲਾ ਕੇ ਪੀਂਦਾ ਰਹੇ, ਤਾਂ ਕਿਸੇ ਦਵਾਈ ਸੇਵਨ ਤੋਂ ਬਿਨਾਂ ਹੀ ਆਰਾਮ ਹੋ ਜਾਂਦਾ ਹੈ।

ਜੋ ਦਵਾਈਆਂ ਅਤੀਸਾਰ ਵਾਸਤੇ ਫਾਇਦੇਮੰਦ ਹਨ, ਉਹ ਸੰਗ੍ਰਹਣੀ ਲਈ ਵਰਤਣੀਆਂ ਚਾਹੀਦੀਆਂ ਹਨ। ਹੇਠ ਲਿਖਿਆ ਚੂਰਨ ਭੀ ਬਹੁਤ ਗੁਣਕਾਰੀ ਹੈ –

ਸ਼ੁੱਧ ਗੰਧਕ ਇਕ ਤੋਲਾ, ਸ਼ੁੱਧ ਪਾਰਾ ਛੀ ਮਾਸੇ, ਇਨ੍ਹਾਂ ਦੋਹਾਂ ਦੀ ਕਜਲੀ ਕਰੇ। ਸੁੰਢ, ਕਾਲੀਆਂ ਮਿਰਚਾਂ, ਮਘਪਿੱਪਲ, ਭੁੰਨੀ ਹੋਈ ਹਿੰਗ, ਕਾਲਾ ਜੀਰਾ, ਚਿੱਟਾ ਜੀਰਾ ਇਕ-ਇਕ ਤੋਲਾ ਲਵੇ। ਪੰਜੇ ਲੂਣ ਸਾਢੇ ਸੱਤ ਤੋਲੇ, ਇਨ੍ਹਾਂ ਸਭਨਾਂ ਨੂੰ ਪੀਸ ਛਾਣਕੇ ਉਪਰ ਲਿਖੀ ਕਜਲੀ ਨਾਲ ਮਿਲਾਵੇ ਅਰ ਸ਼ੀਸ਼ੀ ਵਿਚ ਰੱਖੇ। ਗਊ ਦੀ ਲੱਸੀ ਨਾਲ ਇਹ ਚੂਰਨ ਤਿੰਨ ਮਾਸੇ ਰੋਜ਼ ਖਾਵੇ। ਪਿੱਛ ਕੱਢੇ ਚਾਉਲਾਂ ਦਾ ਅਹਾਰ ਕਰੇ।

**ਸ੍ਰੋਣਪਾਤ** – ਲਹੂ ਦਾ ਡਿਗਣਾ। ਇਹ ਕਈ ਤਰ੍ਹਾਂ ਦਾ ਹੁੰਦਾ ਹੈ। ਮੁੱਖ ਭੇਦ ਇਸ ਦੇ ਤਿੰਨ ਹਨ –

1. ਮੂੰਹ, ਨੱਕ, ਕੰਨ ਤੋਂ ਲਹੂ ਵਹਿਣਾ।
2. ਗੁਦਾ ਭਗ ਅਤੇ ਲਿੰਗ ਦੇ ਰਸਤੇ ਲਹੂ ਵਹਿਣਾ।
3. ਰੋਮਾਂ ਦੇ ਛਿਦ੍ਰਾਂ ਵਿਚਦੀਂ ਨਿਕਲਨਾ।

ਸਿਆਣੇ ਵੈਦ ਦੀ ਸਲਾਹ ਨਾਲ ਰੋਗ ਦੇ ਕਾਰਣ ਅਨੁਸਾਰ ਇਲਾਜ ਹੋਣਾ ਚਾਹੀਦੇ, ਜਿਸ ਤੋਂ ਆਰਾਮ ਆਵੇ। ਵਿਦਵਾਨਾਂ ਨੇ ਸ੍ਰੋਣਪਾਤ ਦੇ ਕਾਰਣ ਇਹ ਮੰਨੇ ਹਨ – ਧੁੱਪ ਵਿਚ ਫਿਰਨਾ, ਵਿਤੋਂ ਵਧਕੇ ਕਸਰਤ ਕਰਨੀ, ਬਹੁਤ ਮੈਥੁਨ ਕਰਨਾ, ਮਿਰਚ ਆਦਿ ਤੀਖਣ ਪਦਾਰਥ ਅਤੇ ਗਰਮ ਮਸਾਲੇ ਬਹੁਤ ਵਰਤਣੇ, ਸ਼ਰਾਬ ਪੀਣੀ, ਬਹੁਤ ਖਟਾਈ ਖਾਣੀ, ਆਦਿਕ। ਇਨ੍ਹਾਂ ਕਾਰਨਾਂ ਤੋਂ ਲਹੂ ਵਿਕਾਰੀ ਹੋ ਕੇ ਉਬਾਲ ਖਾਂਦਾ ਹੈ।

ਸ਼੍ਰੋਣਤ ਸ਼ਾਂਤ ਕਰਨ ਲਈ ਇਹ ਉਤਮ ਔਖਧਿ ਹੈ –

ਧਨੀਆਂ, ਆਉਲੇ, ਬਾਂਸਾ, ਮੁਨੱਕਾ ਦਾਖ, ਪਿੱਤਪਾਪੜਾ, ਇਹ ਤੋਲਾ-ਤੋਲਾ ਲੈ ਕੇ ਜੌ ਕੁੱਟ ਕਰਨੇ। ਰਾਤ ਨੂੰ ਪਾਣੀ ਵਿਚ ਭਿਉਂ ਰੱਖਣੇ, ਸਵੇਰ ਵੇਲੇ ਮਲਕੇ ਜਾਂ ਕੂੰਡੇ ਵਿਚ ਦਰੜ ਕੇ ਮਿਸ਼ਰੀ ਮਿਲਾ ਕੇ ਪੀਣਾ।

**ਸੇਵਤਕੁਸ਼ਠ** – ਚਿੱਟਾ ਕੋੜ੍ਹ, ਫੁਲਬਹਰੀ, Leucoderma. ਇਹ ਰੋਗ ਲਹੂ ਦੇ ਵਿਗਾੜ ਤੋਂ ਹੁੰਦਾ ਹੈ। ਕਦੇ ਕਦੇ ਇਹ ਬੀਮਾਰੀ ਮਾਤਾ ਪਿਤਾ ਤੋਂ ਭੀ ਸੰਤਾਨ ਵਿਚ ਆ ਜਾਂਦੀ ਹੈ। ਵੈਦਕ ਵਿਚ ਇਸਦੇ ਦੋ ਭੇਦ ਹਨ – ਸਿਵਤ੍ਰ ਅਤੇ ਕਿਲਾਸ। ਸਿਵਤ੍ਰ ਦੇ ਦਾਗ ਚਿੱਟੇ ਅਤੇ ਕਿਲਾਸ ਦੇ ਲਾਲੀ ਦੀ ਝਲਕ ਵਾਲੇ ਹੁੰਦੇ ਹਨ। ਜੇ ਫੁਲਬਹਰੀ ਦੇ ਦਾਗ ਉਪਰ ਸੂਈ ਮਾਰਨ ਤੋਂ ਲਹੂ ਨਿਕਲੇ ਤਾਂ ਉਹ ਛੇਤੀਂ ਰਾਜ਼ੀ ਹੋ ਜਾਂਦੀ ਹੈ। ਜੇ ਲਹੂ ਦੀ ਥਾਂ ਪੀਲਾ ਜਾਂ ਚਿੱਟਾ ਰਸ ਨਿਕਲੇ ਤਾਂ ਔਖੀ ਦੂਰ ਹੁੰਦੀ ਹੈ।

ਸੇਵਤ ਕੁਸ਼ਠ ਦੇ ਹੇਠ ਲਿਖੇ ਉਤਮ ਇਲਾਜ ਹਨ –

ਸਭ ਤੋਂ ਪਹਿਲਾਂ ਦ੍ਰਾਵਕ ਦਵਾਈਆਂ ਵਰਤੋ ਅਤੇ ਅੰਤੜੀ ਵਿਚ ਮੈਲ ਨਾ ਜਮ੍ਹਾਂ ਹੋਣ ਦੇਉ। ਬਾਬਚੀ ਦੇ ਬੀਜ ਗਊਮੂਤ੍ਰ ਵਿਚ ਭਿਉਂ ਰੱਖੋ, ਫੇਰ ਛਿਲਕਾ ਉਤਾਰ ਕੇ ਛਾਵੇਂ ਸੁਕਾ ਲਓ। ਇਨ੍ਹਾਂ ਨੂੰ ਪੀਸ ਕੇ ਸ਼ੀਸ਼ੀ ਵਿਚ ਪਾ ਰੱਖੋ। ਮੁੰਡੀ ਬੂਟੀ (ਗੋਰਖ ਮੁੰਡੀ) ਦੇ ਕਾੜ੍ਹੇ ਨਾਲ ਇਕ ਮਾਸਾ ਰੋਜ਼ ਛਕਾਓ। ਇਹੀ ਚੂਰਨ ਦਹੀਂ ਵਿਚ ਮਿਲਾ ਕੇ ਚਿੱਟੇ ਦਾਗਾਂ ਉਪਰ ਮਲੋ। ਖੁਰਾਕ ਬੇਸਨੀ ਰੋਟੀ ਦਾਲ ਆਦਿਕ ਦੇਓ। ਬੀਜ ਪਵਾੜ, ਬਾਬਚੀ, ਅਜਮੋਦ, ਮਜੀਠ, ਮੂਲੀ ਦੇ ਬੀਜ, ਆਉਲੇਸਾਰ ਗੰਧਕ, ਵਰਕੀ ਹੜਤਾਲ, ਜਮਾਲਗੋਟੇ ਦੀ ਗਿਰੂ, ਤੂਤੀਆਂ, ਪਲਾਸ ਦੇ ਬੀਜ, ਹੀਰਾ ਕਸੀਸ, ਸਭ ਛੀ ਛੀ ਮਾਸੇ ਲੈ ਕੇ ਬਰੀਕ ਪੀਸ ਕੇ ਸਿਰਕੇ ਵਿਚ ਗੁੰਨ੍ਹ ਕੇ ਗੋਲੀਆਂ ਬਣਾਓ। ਸਿਰਕੇ ਵਿਚ ਇਹ ਗੋਲੀ ਘਸਾ ਕੇ ਦਾਗਾਂ ਉਪਰ ਲੇਪ ਕਰੋ। ਜੇ ਇਸ ਲੇਪ ਨਾਲ ਛਾਲੇ ਹੋ ਜਾਣ ਤਦ ਮੱਖਣ ਲਗਾ ਦਿਓ, ਅਰ ਛਾਲੇ ਹਟਣ ਤੀਕ ਫੇਰ ਲੇਪ ਨਾ ਕਰੇ।

ਕਾਲੇ ਸੱਪ ਦੀ ਕੁੰਜ ਥੋਹਰ ਦੇ ਦੁੱਧ ਵਿਚ ਪੀਸ ਕੇ ਦਾਗਾਂ ਤੇ ਲਾਓ। ਕੱਥ, ਬਹੇੜੇ ਦੀ ਛਿੱਲ, ਅੰਜੀਰ ਦੀ ਜੜ੍ਹ, ਇਨ੍ਹਾਂ ਦਾ ਕਾੜ੍ਹਾ ਬਣਾ ਕੇ ਇਕ ਮਾਸਾ ਬਾਬਚੀ ਦੇ ਚੂਰਨ ਨਾਲ ਪਿਆਓ।

ਬਾਬਚੀ ਦੇ ਬੀਜ ਸੋਲਾਂ ਤੋਲੇ, ਵਰਕੀ ਹੜਤਾਲ ਚਾਰ ਤੋਲੇ, ਮੈਨਸਿਲ, ਚਿੱਟੀ ਰੱਤਕਾਂ, ਚਿਤਰੇ ਦੀ ਜੜ੍ਹ, ਤਿੰਨੇ ਇੱਕ ਇੱਕ ਤੋਲਾ ਲੈ ਕੇ ਗਊਮੂਤ੍ਰ ਵਿਚ ਘਸਾ ਕੇ ਲੇਪ ਕਰਨ ਤੋਂ ਸੇਵਤਕੁਸ਼ਠ ਮਿਟ ਜਾਂਦਾ ਹੈ।

'ਚਲਦਾ'

*(ਮਹਾਨ ਕੋਸ਼ ਵਿਚੋਂ ਧੰਨਵਾਦ ਸਹਿਤ)*

# ਸਮਾਗਮ ਅਤੇ ਸਰਗਰਮੀਆਂ

ਵਿਸ਼ਵ ਪੱਧਰ ਤੇ ਭੁੱਲੇ ਭਟਕੇ ਜੀਵਾਂ ਨੂੰ ਗੁਰਮਤਿ ਦੇ ਰਾਹ ਤੇ ਤੋਰਨ ਲਈ ਅਨੇਕਾਂ ਉਪਰਾਲੇ ਜਿਨ੍ਹਾਂ ਵਿਚ ਗੁਰਮਤਿ ਪ੍ਰਚਾਰ ਰਾਹੀਂ ਜੀਵਨ ਮੁਕਤੀ ਦਾ ਪੱਥ ਪ੍ਰਦਰਸ਼ਨ, ਵੀਡੀਓ ਫਿਲਮਾਂ ਤੇ ਲਿਟਰੇਚਰ ਰਾਹੀਂ ਸਰੀਰਕ ਰੋਗਾਂ ਦੀ ਨਵਿਰਤੀ ਲਈ ਡਿਸਪੈਂਸਰੀਆਂ ਤੇ ਹਸਪਤਾਲ, ਸੜਕਾਂ, ਲੋਕ ਨਿਰਮਾਣ ਕਾਰਜ ਅਤੇ ਬਿਰਧਾਂ ਵਾਸਤੇ ਰਿਹਾਇਸ਼ ਅਤੇ ਖਾਣ ਪੀਣ ਦਾ ਪ੍ਰਬੰਧ ਆਦਿ ਦੇ ਕਾਰਜ ਪਰਮ ਪੂਜਯ ਮਹਾਂਪੁਰਖਾਂ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਸੁਚੱਜੀ ਦੇਖ-ਰੇਖ ਹੇਠ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਹਨ। ਸੰਗਤਾਂ ਵਲੋਂ ਇਨ੍ਹਾਂ ਦੀ ਪ੍ਰਸੰਸਾ ਤੇ ਹੌਸਲਾ-ਅਫਜ਼ਾਈ ਦੇ ਸੰਦੇਸ਼, ਮਹਾਂਪੁਰਖਾਂ ਪਾਸ ਟੈਲੀਫੋਨਾਂ ਤੇ ਪੱਤਰਾਂ ਰਾਹੀਂ ਨਿਰੰਤਰ ਪੁਜ ਰਹੇ ਹਨ।

22 ਅਗਸਤ ਤੋਂ 10 ਦਿਨ ਦੇ ਲਗਾਤਾਰ ਦੀਵਾਨ, ਮਹਾਂਪੁਰਖਾਂ ਦੇ ਜਥੇ ਵਲੋਂ, ਚਮਕੌਰ ਸਾਹਿਬ, ਅਨਾਜ ਮੰਡੀ ਵਿਚ ਲੱਗੇ ਤੇ ਅਖੀਰਲੇ ਦੀਵਾਨ ਵਿਚ ਮਹਾਂਪੁਰਖਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਾਮ, ਸ਼ਰਧਾ ਤੇ ਭਗਤੀ ਰਾਹੀਂ ਉਚਾ ਸੁਚਾ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਗੁਰੂ ਧਾਰਨ ਕਰਕੇ, ਗੁਰਮਤਿ ਦੇ ਧਾਰਨੀ ਬਣਨ ਲਈ ਸੁਚੇਤ ਕੀਤਾ। ਇਸ ਇਲਾਕੇ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਤੇ ਕੀਰਤਨ ਦਾ ਆਨੰਦ ਮਾਣਿਆ ਤੇ 57 ਪ੍ਰਾਣੀਆਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ।

23 ਅਗਸਤ ਨੂੰ ਸੰਤ ਬਾਬਾ ਕਲਿਆਣ ਦਾਸ ਜੀ, ਕੁਟੀਆ ਜਵਾਲਾਪੁਰ, ਸ੍ਰੀ ਅਨੰਦਪੁਰ ਸਾਹਿਬ ਤੋਂ ਉਚੇਚੇ ਤੌਰ ਤੇ ਮਹਾਂਪੁਰਖਾਂ ਨੂੰ ਮਿਲਣ ਆਏ। ਉਨ੍ਹਾਂ ਨੇ ਜਿਥੇ ਗੂਹੜ ਵਿਚਾਰਾਂ ਸਾਂਝੀਆਂ ਕੀਤੀਆਂ, ਉਥੇ ਆਤਮ ਮਾਰਗ ਬਾਰੇ, ਆਪਣੇ ਮਨ ਦੀਆਂ ਗਹਿਰਾਈਆਂ 'ਚੋਂ ਇਸ ਤਰ੍ਹਾਂ ਦੇ ਭਾਵ ਪ੍ਰਗਟ ਕੀਤੇ ਅਤੇ ਉਨ੍ਹਾਂ ਨੇ ਨਿਮਰਤਾ ਸਹਿਤ ਜ਼ੋਰ ਦੇ ਕੇ ਕਿਹਾ ਕਿ ਇਹ ਕੁਝ ਅੰਸ਼ 'ਆਤਮ ਮਾਰਗ' ਵਿਚ ਜ਼ਰੂਰ ਛਾਪੇ ਜਾਣ -

"ਰਤਵਾੜਾ ਸਾਹਿਬ ਆਸ਼ਰਮ ਬਹੁਤ ਸਾਫ ਸੁਥਰਾ ਸੀ, ਬਾਬਾ ਜੀ ਵੀ ਬੜੇ ਸਾਫ ਸੁਥਰੇ ਤੇ ਸੋਹਣੇ ਹਨ, ਬਾਬਾ ਜੀ ਦਾ ਦਿਲ ਵੀ ਬੜਾ ਸਾਫ ਸੁਥਰਾ ਹੈ, ਮਾਣ ਹੰਕਾਰ ਦੀ ਬਦਬੂ ਸੌ ਸੌ ਕੋਹ ਨੇੜੇ ਨਹੀਂ ਹੈ। ਐਸੇ ਸੰਤ ਮਿਲਣੇ ਦੁਰਲਭ ਹਨ। ਉਹ ਸ਼ਰਧਾਲੂ ਸੇਵਕ ਜਗਿਆਸੂ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਬਾਬਾ ਜੀ ਦੀ ਨਿਕਟਤਾ ਪ੍ਰਾਪਤ ਹੈ।"

ਅੱਗੇ ਚਲਕੇ ਉਹ ਲਿਖਦੇ ਹਨ -

"ਸੰਤ ਵਰਿਆਮ ਸਿੰਘ ਜੀ, ਰਾੜੇ ਸਾਹਿਬ ਵਾਲੇ ਬ੍ਰਹਮਗਿਆਨੀ ਮਹਾਂਪੁਰਖਾਂ ਤੋਂ ਵਰੋਸਾਏ ਹਨ (ਪਿਉਂਦੇ ਹਨ), ਸਿਰ ਕਟਾਇਆ, ਹੰਕਾਰ ਰਹਿਤ ਸੇਵ ਕਮਾਈ। ਇਨ੍ਹਾਂ ਦੀ ਦੇਹ ਉਪਰ ਸੀਸ ਮਹਾਂਪੁਰਖਾਂ ਦਾ ਹੈ, ਉਹੋ ਫਲ ਲਗਦੇ ਹਨ। ਮੈਨੂੰ ਇਨ੍ਹਾਂ ਦੇ ਮੁਖ ਮੰਡਲ ਤੇ ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ ਦੀ ਝਲਕ ਪੈਂਦੀ ਹੈ।"

*(ਸੰਤ ਕਲਿਆਣ ਦਾਸ ਜੀ)*

6 ਸਤੰਬਰ ਨੂੰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੀ ਮੀਟਿੰਗ ਮਨਸੂਰਾਂ ਵਿਖੇ ਹੋਈ ਜਿਸ ਵਿਚ ਰਤਵਾੜਾ ਸਾਹਿਬ ਦੇ ਨੁਮਾਇੰਦੇ ਭਾਈ ਹਰਪਾਲ ਸਿੰਘ ਹੋਰਾਂ ਵਲੋਂ ਦੱਸਿਆ ਗਿਆ ਕਿ ਸਾਰੇ ਸੰਤਾਂ ਵਲੋਂ ਗੁਰਮਤਿ ਪ੍ਰਚਾਰ ਲਈ ਕੀਤੇ ਜਾ ਰਹੇ ਉਪਰਾਲੇ ਤੇ ਗਤੀ ਵਿਧੀਆਂ ਨੂੰ ਲਿਖਤੀ ਰੂਪ ਵਿਚ ਭੇਜਿਆ ਕਰਨ ਤਾਂਕਿ ਇਹ ਹਰ ਮਹੀਨੇ ਇਸ ਮੈਗਜ਼ੀਨ ਵਿਚ ਛਾਪਿਆ ਜਾ ਸਕੇ। ਮੀਟਿੰਗ ਵਿਚ ਆਮ ਰਾਇ ਸੀ ਕਿ ਸੰਤ ਕਿਸੇ ਨੂੰ ਲੁਟਦੇ ਨਹੀਂ, ਨਾ ਹੀ ਜੱਦੀ ਜਾਇਦਾਦ ਬਣਾਉਂਦੇ ਹਨ। ਸਾਰੇ ਸੰਤਾਂ ਦੇ ਮਨਾਂ ਵਿਚ ਲਾਲਸਾ ਹੈ ਕਿ ਸਿਖੀ ਦਾ ਪ੍ਰਚਾਰ ਵੱਧ ਤੋਂ ਵੱਧ ਹੋ ਸਕੇ। ਇਸ ਕਾਰਜ ਹਿਤ ਦਿਨ ਰਾਤ ਸੰਗਤਾਂ ਦੇ ਭਲੇ ਲਈ ਅਸਥਾਨ ਬਣਾਉਂਦੇ ਹਨ ਕਿ ਸੰਗਤਾਂ ਜੁੜ ਸਕਣ।

ਭਾਈ ਗੁਰਦੀਪ ਸਿੰਘ ਜੀ ਖੁਬੀਆ ਨੰਗਲ, ਯੂ.ਪੀ. ਵਿਚ ਤੇ ਭਾਈ ਗੁਰਪਾਲ ਸਿੰਘ ਜੀ ਦੁਆਬੇ ਦੇ ਇਲਾਕੇ ਵਿਚ ਦੀਵਾਨ ਲਾ ਕੇ ਸੰਗਤਾਂ ਨੂੰ ਗੁਰੂ ਦੇ ਲੜ ਲਾ ਰਹੇ ਹਨ। ਭਾਈ ਗੁਰਦੇਵ ਸਿੰਘ ਜੀ ਬਨੂੜ ਦੇ ਇਲਾਕੇ ਵਿਚ ਪ੍ਰਚਾਰ ਤੋਂ ਇਲਾਵਾ ਮੋਟਰ ਗੱਡੀਆਂ, ਟਰੱਕਾਂ, ਟਰਾਲੀਆਂ ਦੇ ਮੁਸਾਫਰਾਂ ਲਈ ਹਰ ਰੋਜ਼ ਗੁਰੂ ਕਾ ਲੰਗਰ ਚਲਾਉਂਦੇ ਹਨ।

ਸੰਤ ਬਾਬਾ ਸਾਧੂ ਸਿੰਘ ਜੀ ਸੰਗਰੂਰ ਵਾਲੇ ਵੀ ਹਰ ਐਤਵਾਰ ਨੂੰ, ਆਤਮ ਮਾਰਗ ਦੀ ਐਡੀਟੋਰੀਅਲ ਬੋਰਡ ਦੀ ਮੀਟਿੰਗ ਵਿਚ ਭਾਗ ਲੈਣ ਲਈ ਉਚੇਚੇ ਤੌਰ ਤੇ ਪੁਜਦੇ ਹਨ ਅਤੇ ਸੰਗਤਾਂ ਨੂੰ ਆਪਣੇ ਨਿੱਜੀ ਅਨੁਭਵ ਤੇ ਪ੍ਰਵਚਨਾਂ ਦੁਆਰਾ ਨਿਹਾਲ ਕਰਦੇ ਹਨ।

## ਮਹਾਂਪੁਰਸ਼ਾਂ ਦੇ ਰੁਝੇਵੇਂ

ਅਮਰੀਕਾ ਤੇ ਇੰਗਲੈਂਡ ਫੇਰੀ - ਸੰਗਤਾਂ ਵਲੋਂ ਲਗਾਤਾਰ ਬਾਰ-ਬਾਰ ਜ਼ੋਰ ਦੇਣ ਤੇ ਅਕਤੂਬਰ ਮਹੀਨੇ ਵਿਚ, ਗੁਰਮਤਿ ਪ੍ਰਚਾਰ ਹਿਤ ਵਿਦੇਸ਼ ਯਾਤਰਾ ਦੇ ਪ੍ਰੋਗਰਾਮ ਦੀ ਭਾਵੇਂ ਹਾਲੇ ਕੋਈ ਫਾਈਨਲ ਰੂਪ ਰੇਖਾ ਨਹੀਂ ਬਣੀ ਪਰੰਤੂ ਸੰਭਾਵਨਾ ਕੀਤੀ ਜਾ ਰਹੀ ਹੈ।

ਨਿਵਾਸ ਸਥਾਨ 781, 3ਬੀ1, ਮੋਹਾਲੀ ਵਿਖੇ ਮਿਲਣ ਦਾ ਸਮਾਂ :

ਹਰ ਰੋਜ਼ ਸਵੇਰੇ 9.00 ਵਜੇ ਤੋਂ 10.00 ਵਜੇ ਤੱਕ
ਅਤੇ ਰਾਤ ਨੂੰ 8.00 ਵਜੇ ਤੋਂ 9.00 ਵਜੇ ਤੱਕ।

ਦੀਵਾਨਾਂ ਦੇ ਪੱਕੇ ਪ੍ਰੋਗਰਾਮ :

ਹਰ ਐਤਵਾਰ ਨੂੰ 781, 3ਬੀ1, ਮੋਹਾਲੀ ਵਿਖੇ ਕੋਠੀ ਦੇ ਸਾਹਮਣੇ

ਸਮਾਂ : ਸਵੇਰੇ 11.00 ਵਜੇ ਤੋਂ ਬਾਅਦ ਦੁਪਿਹਰ 3.00 ਵਜੇ ਤੱਕ।

| | |
|---|---|
| ਦਸਮੀ- | 3 ਅਕਤੂਬਰ, ਮੰਗਲਵਾਰ, ਸਮਾਂ ਰਾਤ 8.00 ਵਜੇ ਤੋਂ 11.00 ਵਜੇ ਤਕ ਗੁਰਦੁਆਰਾ ਯਾਦਗਾਰ ਪਿਆਰੇ ਭਾਈ ਦਇਆ ਸਿੰਘ ਜੀ, ਰਾਜਪੁਰਾ ਵਿਖੇ। |
| ਇਕਾਦਸੀ- | 4 ਅਕਤੂਬਰ, ਬੁੱਧਵਾਰ, ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਗੁਰਦੁਆਰਾ ਨਿਰਮਲ ਡੇਰਾ, ਚੰਗਰ (ਹਿਰਦਾ ਪੁਰ, ਨੇੜੇ ਮੀਆਂਪੁਰ), ਜਿਲ੍ਹਾ ਰੋਪੜ ਵਿਖੇ। |
| ਪੂਰਨਮਾਸ਼ੀ- | 8 ਅਕਤੂਬਰ, ਐਤਵਾਰ , ਸਮਾਂ ਸਵੇਰ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ। |
| ਸੰਗਰਾਂਦ- | 17 ਅਕਤੂਬਰ, ਮੰਗਲਵਾਰ, ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਰਤਵਾੜਾ ਸਾਹਿਬ ਵਿਖੇ। |
| ਮੱਸਿਆ- | 24 ਅਕਤੂਬਰ, ਮੰਗਲਵਾਰ, ਸਮਾਂ ਰਾਤ 8.00 ਵਜੇ ਤੋਂ 11.00 ਵਜੇ ਤੱਕ ਗੁਰਦੁਆਰਆ ਈਸ਼ਰ ਪ੍ਰਕਾਸ਼ ਬਨੂੜ ਵਿਖੇ। |

ਅੰਮ੍ਰਿਤ ਸੰਚਾਰ-ਹਰੇਕ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

੧ੴ ਸਤਿਗੁਰ ਪ੍ਰਸਾਦਿ

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ।।
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਆਪਨੀ ਜੀਤ ਕਰੋਂ।।
ਅਰ ਸਿਖ ਹੋ ਆਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ।।
ਜਬ ਆਵ ਕੀ ਅਉਧ ਨਿਧਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ।।

Courtsey :

**UNIWALK PAPERS PVT. LTD.**

Village : Bud Majra, Teh. : Kharar
District : Ropar
Phones : 674979 (Off.)
: 675649 (Works)

**Quality Producers of Semi-Kraft Paper**